ROZANA SAVERA

# ਰੋਜ਼ਾਨਾ ਸਵੇਰਾ

SATURDAY, 15 JULY 2023 · Year's : 2nd , Issue : 7 · Editor: Ramanpreet Singh · Price: 5.00/- · Pages: 8 · PUNJABI · Bathinda ( Monthly) RNI T.Code: PUNPUN04267

## ਭਾਰਤੀ ਟੁਕੜੀ ਨੂੰ ਬੈਸਟਿਲ ਡੇਅ ਪਰੇਡ 'ਚ ਹਿੱਸਾ ਲੈਂਦੇ ਦੇਖਣਾ ਸ਼ਾਨਦਾਰ ਸੀ : ਮੋਦੀ

## ਪ੍ਰਧਾਨ ਮੰਤਰੀ ਮੋਦੀ ਇਕ ਦਿਨਾ ਦੌਰੇ 'ਤੇ ਸੰਯੁਕਤ ਅਰਬ ਅਮੀਰਾਤ ਪੁੱਜੇ





**ਪੈਰਿਸ,**
**-ਰੋਜ਼ਾਨਾ ਸਵੇਰਾ ਬਿਊਰੋ-**

- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਆਪਣੀ ਫਰਾਂਸ ਫੇਰੀ ਨੂੰ 'ਯਾਦਗਾਰ' ਕਰਾਰ ਦਿੱਤਾ ਅਤੇ ਕਿਹਾ ਕਿ ਬੈਸਟਿਲ ਡੇਅ ਪਰੇਡ 'ਚ ਭਾਰਤੀ ਟੁਕੜੀ ਨੂੰ ਹਿੱਸਾ ਲੈਂਦਿਆਂ ਦੇਖਣਾ ਸ਼ਾਨਦਾਰ ਸੀ। ਮੋਦੀ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੇ ਸੱਦੇ 'ਤੇ ਫਰਾਂਸ ਦੇ 2 ਦਿਨਾਂ ਅਧਿਕਾਰਤ ਦੌਰੇ 'ਤੇ ਸਨ। ਉਹ ਫਰਾਂਸ ਦੀ ਆਪਣੀ ਯਾਤਰਾ ਦੀ ਸਮਾਪਤੀ ਤੋਂ ਬਾਅਦ ਸ਼ਨੀਵਾਰ ਨੂੰ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਇੱਕ ਦਿਨਾਂ ਦੌਰੇ ਲਈ ਰਵਾਨਾ ਹੋ ਗਏ।

ਪਰੇਡ ਦੀਆਂ ਤਸਵੀਰਾਂ ਟਵੀਟ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਲਿਖਿਆ, 'ਫਰਾਂਸ ਦਾ ਦੌਰਾ ਯਾਦਗਾਰ ਰਿਹਾ। ਇਹ ਇਸ ਗੱਲ ਵਿੱਚ ਵੀ ਖਾਸ ਸੀ ਕਿ ਮੈਨੂੰ ਬੈਸਟਿਲ ਡੇਅ ਪਰੇਡ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਇਸ ਵਿੱਚ ਹਿੱਸਾ ਲੈਣ ਵਾਲੀ ਭਾਰਤੀ ਟੁਕੜੀ ਨੂੰ ਦੇਖ ਕੇ ਬਹੁਤ ਚੰਗਾ ਲੱਗਿਆ। ਮੈਂ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਤੇ ਫਰਾਂਸ ਦੇ ਲੋਕਾਂ ਦੀ ਨਿੱਘੀ ਮਹਿਮਾਨਨਿਵਾਜ਼ੀ ਲਈ ਧੰਨਵਾਦ ਪ੍ਰਗਟ ਕਰਦਾ ਹਾਂ। ਭਾਰਤ ਅਤੇ ਫਰਾਂਸ ਦੀ ਦੋਸਤੀ ਅੱਗੇ ਵਧਦੀ ਰਹੇ।'

ਭਾਰਤ ਦੀਆਂ ਤਿੰਨੋਂ ਸੈਨਾਵਾਂ ਦੀ ਇਕ ਟੁਕੜੀ ਨੇ ਪਰੇਡ ਵਿੱਚ ਹਿੱਸਾ ਲਿਆ। ਇਸ ਤੋਂ ਇਲਾਵਾ, ਫਰਾਂਸੀਸੀ ਲੜਾਕੂ ਜਹਾਜ਼ਾਂ ਦੇ ਨਾਲ ਭਾਰਤੀ ਹਵਾਈ ਸੈਨਾ (916) ਦੇ ਰਾਫੇਲ ਲੜਾਕੂ ਜਹਾਜ਼ਾਂ ਨੇ ਵੀ 'ਫਲਾਈਪਾਸਟ' ਵਿੱਚ ਹਿੱਸਾ ਲਿਆ। ਫ੍ਰੈਂਚ ਨੈਸ਼ਨਲ ਡੇਅ ਜਾਂ ਬੈਸਟੀਲ ਡੇਅ ਦਾ ਫਰਾਂਸ ਦੇ ਇਤਿਹਾਸ ਵਿੱਚ ਇੱਕ ਵਿਸ਼ੇਸ਼ ਸਥਾਨ ਹੈ, ਕਿਉਂਕਿ ਇਹ 1789 ਵਿੱਚ ਹੋਈ ਫਰਾਂਸੀਸੀ ਕ੍ਰਾਂਤੀ ਦੌਰਾਨ ਬੈਸਟਿਲ ਜੇਲ੍ਹ 'ਤੇ ਹੋਏ ਹਮਲੇ ਦੀ ਯਾਦ ਦਿਵਾਉਂਦਾ ਹੈ। ਇਸ ਸਮਾਗਮ ਦਾ ਮੁੱਖ ਆਕਰਸ਼ਣ ਬੈਸਟਿਲ ਡੇਅ ਪਰੇਡ ਹੈ।

**ਅਬੂ ਧਾਬੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਯੁਕਤ ਅਰਬ ਅਮੀਰਾਤ (ਯੂ. ਏ. ਈ.) ਦੇ ਇਕ ਦਿਨਾ ਦੌਰੇ 'ਤੇ ਸ਼ਨੀਵਾਰ ਨੂੰ ਆਬੂ ਧਾਬੀ ਪਹੁੰਚੇ। ਆਪਣੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜਾਇਦ ਅਲ ਨਾਹਯਾਨ ਨਾਲ ਮੁਲਾਕਾਤ ਕਰਨਗੇ ਅਤੇ ਦੋਵਾਂ ਰਣਨੀਤਕ ਭਾਈਵਾਲਾਂ ਦਰਮਿਆਨ ਮਜ਼ਬੂਤ ਹੋ ਰਹੇ ਦੁਵੱਲੇ ਸਬੰਧਾਂ ਦਾ ਜਾਇਜ਼ਾ ਲੈਣਗੇ।

ਮੋਦੀ ਫਰਾਂਸ ਦਾ ਦੋ ਦਿਨਾ ਦੌਰਾ ਪੂਰਾ ਕਰਕੇ ਅਬੂ ਧਾਬੀ ਪਹੁੰਚ ਹਨ। ਉਨ੍ਹਾਂ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਾਲ ਵਿਸ਼ੇਸ਼ ਮਹਿਮਾਨ ਵਜੋਂ ਬੈਸਟਿਲ ਡੇਅ ਪਰੇਡ ਵਿੱਚ ਸ਼ਿਰਕਤ ਕੀਤੀ ਸੀ ਅਤੇ ਉਨ੍ਹਾਂ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਸਮਝੌਤਿਆਂ 'ਤੇ ਹਸਤਾਖਰ ਕੀਤੇ ਸਨ। ਸੰਯੁਕਤ ਅਰਬ ਅਮੀਰਾਤ ਦੇ ਦੌਰੇ 'ਤੇ ਰਵਾਨਾ ਹੋਣ ਤੋਂ ਪਹਿਲਾਂ ਵੀਰਵਾਰ ਨੂੰ ਇਕ ਬਿਆਨ 'ਚ ਕਿਹਾ ਸੀ, "ਮੈਂ ਆਪਣੇ ਦੋਸਤ ਸ਼ੇਖ ਮੁਹੰਮਦ ਬਿਨ ਜਾਇਦ ਅਲ ਨਾਹਯਾਨ ਨੂੰ ਮਿਲਣ ਲਈ ਉਤਸ਼ਾਹਿਤ ਹਾਂ। ਦੋਵੇਂ ਦੇਸ਼ ਵਪਾਰ, ਨਿਵੇਸ਼, ਊਰਜਾ, ਭੋਜਨ ਸੁਰੱਖਿਆ, ਵਿਗਿਆਨ ਅਤੇ ਤਕਨਾਲੋਜੀ, ਸਿੱਖਿਆ, ਫਿਨਟੈਕ, ਰੱਖਿਆ, ਸੁਰੱਖਿਆ ਅਤੇ ਲੋਕਾਂ ਵਿਚਾਲੇ ਆਪਸੀ ਸਬੰਧਾਂ ਵਰਗੇ ਖੇਤਰਾਂ ਵਿਚ ਸਰਗਰਮ ਹਨ।'

## ਅਮਰਨਾਥ ਯਾਤਰਾ ਦੌਰਾਨ ਬੀਤੇ 36 ਘੰਟਿਆਂ 'ਚ 5 ਸ਼ਰਧਾਲੂਆਂ ਦੀ ਮੌਤ, ਮਰਨ ਵਾਲਿਆਂ ਦੀ ਗਿਣਤੀ ਹੋਈ 24

**ਸ਼੍ਰੀਨਗਰ,**
**-ਰੋਜ਼ਾਨਾ ਸਵੇਰਾ ਬਿਊਰੋ-**

1 ਜੁਲਾਈ 2023 ਤੋਂ ਸ਼ੁਰੂ ਹੋਈ ਅਮਰਨਾਥ ਯਾਤਰਾ 'ਚ ਹੁਣ ਤਕ 1.70 ਲੱਖ ਤੀਰਥ ਯਾਤਰੀ ਦਰਸ਼ਨ ਕਰ ਚੁੱਕੇ ਹਨ। ਉਥੇ ਹੀ ਇਸ ਯਾਤਰਾ ਦੌਰਾਨ ਯਾਤਰੀਆਂ ਦੀ ਮੌਤ ਦੀਆਂ ਖਬਰਾਂ ਵੀ ਲਗਾਤਾਰ ਆ ਰਹੀਆਂ ਹਨ। ਜਾਣਕਾਰੀ ਮੁਤਾਬਕ, ਬੀਤੇ 36 ਘੰਟਿਆਂ 'ਚ ਅਮਰਨਾਥ ਯਾਤਰਾ ਦੌਰਾਨ 5 ਯਾਤਰੀਆਂ ਦੀ ਮੌਤ ਹੋ ਗਈ ਹੈ ਜਿਸ ਤੋਂ ਬਾਅਦ ਇਸ ਸਾਲ ਦੀ ਯਾਤਰਾ ਦੌਰਾਨ ਹੁਣ ਤਕ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 24 ਹੋ ਗਈ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ 'ਚੋਂ ਜ਼ਿਆਦਾਤਰ ਮੌਤਾਂ ਜ਼ਿਆਦਾ ਉਚਾਈ 'ਤੇ ਹੋਣ ਵਾਲੀ ਬੀਮਾਰੀ ਕਾਰਨ ਹੋਈਆਂ ਹਨ, ਜਿਸਦੇ ਚਲਦੇ ਆਕਸੀਜਨ ਦੀ ਘਾਟ ਹੋਈ ਅਤੇ ਉਸਤੋਂ ਬਾਅਦ ਦਿਲ ਦੀ ਧੜਕਨ ਰੁਕ ਗਈ। ਅਧਿਕਾਰੀਆਂ ਨੇ ਅੱਗੇ ਦੱਸਿਆ ਕਿ 5 ਮੌਤਾਂ 'ਚੋਂ ਚਾਰ ਪਹਿਲਗਾਮ ਮਾਰਗ 'ਤੇ ਹੋਈਆਂ ਹਨ ਜਦਕਿ ਇਕ ਬਾਲਟਾਲ ਮਾਰਗ 'ਤੇ ਹੋਈ ਹੈ। ਜਾਣਕਾਰੀ ਮੁਤਾਬਕ, ਮਰਨ ਵਾਲਿਆਂ 'ਚ ਇਕ ਆਈ.ਟੀ.ਬੀ.ਪੀ. ਦਾ ਜਵਾਨ ਵੀ ਸ਼ਾਮਲ ਹੈ, ਜਿਸਦੀ ਡਿਊਟੀ ਦੌਰਾਨ ਮੌਤ ਹੋ ਗਈ। ਜਿਨ੍ਹਾਂ ਯਾਤਰੀਆਂ ਦੀ ਮੌਤ ਹੋਈ ਹੈ ਉਹ ਉੱਤਰ-ਪ੍ਰਦੇਸ਼, ਮੱਧ-ਪ੍ਰਦੇਸ਼, ਹਰਿਆਣਾ ਅਤੇ ਗੁਜਰਾਤ ਦੇ ਦੱਸੇ ਜਾ ਰਹੇ ਹਨ।



**ਕਿਉਂ ਹੋ ਰਹੀਆਂ ਹਨ ਮੌਤਾਂ**

ਮਾਹਿਰਾਂ ਦਾ ਕਹਿਣਾ ਹੈ ਕਿ ਉਚਾਈ 'ਤੇ ਸਥਿਤ ਥਾਵਾਂ 'ਤੇ ਆਕਸੀਜਨ ਦੀ ਘੱਟ ਗਾੜ੍ਹਾਪਣ ਵਾਲੀ ਹਵਾ ਦੁਰਲੱਭ ਹੁੰਦੀ ਹੈ। ਇਸਦੇ ਨਾਲ ਹੀ ਥਕਾਵਟ ਅਤੇ ਖਰਾਬ ਫੇਫੜੇ ਅਕਸਰ ਮੌਤ ਦਾ ਕਾਰਨ ਬਣਦੇ ਹਨ। ਅਮਰਨਾਥ ਗੁਫਾ ਮੰਦਰ ਸਮੁੰਦਰ ਤਲ ਤੋਂ 3,888 ਮੀਟਰ ਉੱਪਰ ਸਥਿਤ ਹੈ।

ਇਨ੍ਹਾਂ ਕਾਰਨਾਂ ਕਰਕੇ ਅਧਿਕਾਰੀਆਂ ਨੇ ਯਾਤਰੀਆਂ ਲਈ ਸਥਾਪਿਤ ਮੁਫਤ ਰਸੋਈ (ਲੰਗਰ) 'ਚ ਸਾਰੇ ਜੰਕ ਫੂਡ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਦੇ ਨਾਲ ਹੀ ਪਰੌਂਠੇ, ਪੂੜੀ, ਮਿਠਾਈ ਅਤੇ ਕੋਲਡ ਡਰਿੰਕ ਸਮੇਤ ਸਾਰੀਆਂ ਹਲਵਾਈ ਦੀਆਂ ਆਈਟਮਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਯਾਤਰਾ ਦੇ ਬੇਸ ਕੈਂਪਾਂ ਦੇ ਅੰਦਰ ਅਤੇ ਆਲੇ-ਦੁਆਲੇ ਸਿਗਰਟ ਦੀ ਵਿਕਰੀ 'ਤੇ ਵੀ ਪਾਬੰਦੀ ਹੈ। ਇਸ ਸਾਲ ਦੀ 62 ਦਿਨਾਂ ਯਾਤਰਾ 1 ਜੁਲਾਈ ਨੂੰ ਸ਼ੁਰੂ ਹੋਈ, ਜੋ ਕਿ 31 ਅਗਸਤ ਨੂੰ ਸ਼੍ਰਵਣ ਪੂਰਨਿਮਾ ਦੇ ਤਿਉਹਾਰ ਦੇ ਨਾਲ ਸਮਾਪਤ ਹੋਵੇਗੀ।

## ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ 13 ਕੈਡਿਟ ਐਨ.ਡੀ.ਏ. ਅਤੇ ਆਈ.ਐਮ.ਏ. ਵਿੱਚ ਹੋਏ ਸ਼ਾਮਲ

- ਕੈਡਿਟ ਮਨਪ੍ਰੀਤ ਸਿੰਘ ਟੈਕਨੀਕਲ ਐਂਟਰੀ ਸਕੀਮ ਦੇ ਸਿਖ਼ਰਲੇ 20 ਉਮੀਦਵਾਰਾਂ ਵਿੱਚ ਸ਼ਾਮਲ
- ਅਮਨ ਅਰੋੜਾ ਵੱਲੋਂ ਕੈਡਿਟਾਂ ਨੂੰ ਵਧਾਈ; ਕਿਹਾ, ਇਹ ਦੇਸ਼ ਦਾ ਮਾਣ ਸਾਬਿਤ ਹੋਣਗੇ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐਫ.ਪੀ.ਆਈ.), ਐਸ.ਏ.ਐਸ.ਨਗਰ (ਮੋਹਾਲੀ) ਦੇ 13 ਕੈਡਿਟ ਪਿਛਲੇ ਮਹੀਨੇ ਇੰਡੀਅਨ ਮਿਲਟਰੀ ਅਕੈਡਮੀ (ਆਈ.ਐਮ.ਏ.), ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਅਤੇ ਤਕਨੀਕੀ ਦਾਖ਼ਲਾ ਸਕੀਮ (ਟੀ.ਈ.ਐਸ.) ਵਰਗੀਆਂ ਵੱਕਾਰੀ ਰੱਖਿਆ ਅਕੈਡਮੀਆਂ ਵਿੱਚ ਸ਼ਾਮਲ ਹੋਏ ਹਨ। ਕੈਡਿਟ ਮਨਪ੍ਰੀਤ ਸਿੰਘ ਟੀ.ਈ.ਐਸ. ਐਂਟਰੀ ਲਈ ਚੁਣੇ ਗਏ ਚੋਟੀ ਦੇ 20 ਉਮੀਦਵਾਰਾਂ ਵਿੱਚ ਸ਼ਾਮਲ ਹੈ। ਇਨ੍ਹਾਂ ਕੈਡਿਟਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਨ੍ਹਾਂ 13 ਕੈਡਿਟਾਂ ਦੇ ਚੁਣੇ ਜਾਣ ਨਾਲ ਇਸ ਇੰਸਟੀਚਿਊਟ ਦੇ ਹੁਣ ਤੱਕ ਕੁੱਲ 216 ਕੈਡਿਟ ਵੱਖ-ਵੱਖ ਸਰਵਿਸ ਟਰੇਨਿੰਗ ਅਕੈਡਮੀਆਂ ਵਿੱਚ ਸ਼ਾਮਲ ਹੋ ਚੁੱਕੇ ਹਨ। ਇਸ ਸੰਸਥਾ ਦੇ 141 ਸਾਬਕਾ ਕੈਡਿਟਾਂ ਭਾਰਤ ਦੇ ਰੱਖਿਆ ਸੇਵਾਵਾਂ ਵਿੱਚ ਬਤੌਰ ਕਮਿਸ਼ਨਡ ਅਫ਼ਸਰ ਨਿਯੁਕਤ ਹੋਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰੱਖਿਆ ਸੇਵਾਵਾਂ ਵਿੱਚ ਜਾਣ ਦੇ ਇਛੁੱਕ ਪੰਜਾਬ ਦੇ ਧੀਆਂ- ਪੁੱਤਰਾਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਸੂਬੇ ਲਈ ਵੱਡੇ ਮਾਣ ਵਾਲੀ ਗੱਲ ਹੈ ਕਿ 52 ਫ਼ੀਸਦੀ ਦੀ ਚੋਣ ਦਰ ਨਾਲ ਇਹ ਸੰਸਥਾ ਦੇਸ਼ ਵਿੱਚ ਆਪਣੀ ਕਿਸਮ ਦੀ ਸਭ ਤੋਂ ਸਫ਼ਲ ਸੰਸਥਾ ਹੈ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਕੈਡਿਟ ਦੇਸ਼ ਦਾ ਮਾਣ ਸਾਬਿਤ ਹੋਣਗੇ। ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ. ਚੌਹਾਨ (ਸੇਵਾਮੁਕਤ) ਨੇ ਕੈਡਿਟਾਂ ਨੂੰ ਡਿਊਟੀ ਪ੍ਰਤੀ ਸਮਰਪਣ ਅਤੇ ਪੰਜਾਬ ਦੇ ਸਪੂਤ ਅਤੇ ਦੇਸ਼ ਦੇ ਸੱਚੇ ਸਿਪਾਹੀ ਬਣਨ ਲਈ ਪ੍ਰੇਰਿਤ ਕੀਤਾ।



## ਕੈਬਨਿਟ ਮੰਤਰੀ ਹਰਪਾਲ ਚੀਮਾ ਅਤੇ ਅਮਨ ਅਰੋੜਾ ਵੱਲੋਂ ਮੂਨਕ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਦਾ ਜਾਇਜ਼ਾ

**ਚੰਡੀਗੜ੍ਹ/ ਮੂਨਕ,**
**-ਰੋਜ਼ਾਨਾ ਸਵੇਰਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਅਮਨ ਅਰੋੜਾ ਵੱਲੋਂ ਮੂਨਕ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਬਰਿੰਦਰ ਗੋਇਲ ਵੀ ਹਾਜ਼ਰ ਸਨ। ਮੰਤਰੀਆਂ ਨੇ ਲਾਰਡ ਸ਼ਿਵਾ ਸਕੂਲ, ਹਮੀਰਗੜ੍ਹ, ਜਿਥੇ ਪ੍ਰਸ਼ਾਸਨ ਵੱਲੋਂ ਬਚਾਅ ਅਤੇ ਤਾਲਮੇਲ ਕੇਂਦਰ ਸਥਾਪਤ ਕੀਤਾ ਗਿਆ ਹੈ, ਦਾ ਦੌਰਾ ਕੀਤਾ। ਇਸ ਬਾਅਦ ਉਨ੍ਹਾਂ ਵੱਲੋਂ ਫੌਜ ਦੀ ਕਿਸ਼ਤੀ ਰਾਹੀਂ ਹੜ੍ਹ ਪ੍ਰਭਾਵਿਤ ਨਵਾਂਗਾਓਂ ਅਤੇ ਹੋਤੀਪੁਰ ਪਿੰਡਾਂ ਦੀਆਂ ਦੇ ਡੇਰਿਆਂ/ਢਾਣੀਆਂ ਦਾ ਦੌਰਾ ਕੀਤਾ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਖੁਦ ਪ੍ਰਭਾਵਿਤ ਇਲਾਕਿਆਂ ਦੀ ਸਥਿਤੀ ਅਤੇ ਰਾਹਤ ਕਾਰਜਾਂ ਬਾਰੇ ਪਲ ਪਲ ਦੀ ਜਾਣਕਾਰੀ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਪ੍ਰਸ਼ਾਸ਼ਨਿਕ ਅਧਿਕਾਰੀਆਂ, ਫੌਜ ਅਤੇ ਐਨ ਡੀ ਆਰ ਐਫ ਦੇ ਜਵਾਨਾਂ ਨਾਲ ਕਿਸ਼ਤੀਆਂ ਰਾਹੀਂ ਪਿੰਡਾਂ ਤੋਂ ਸੰਪਰਕ ਵਿੱਚ ਟੁੱਟੇ ਘਰਾਂ ਤੱਕ ਪਹੁੰਚ ਕੀਤੀ ਗਈ ਜਿੱਥੇ ਲੋਕਾਂ ਨੇ ਪੰਜਾਬ ਸਰਕਾਰ ਦੇ ਰਾਹਤ ਕਾਰਜਾਂ ਪੱਖੋਂ ਤਸੱਲੀ ਪ੍ਰਗਟਾਈ ਹੈ।

ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪ੍ਰਸ਼ਾਸ਼ਨ ਵੱਲੋਂ ਖੇਤਾਂ, ਡੇਰਿਆਂ, ਪਿੰਡਾਂ ਲਈ ਕਿਸ਼ਤੀਆਂ ਰਾਹੀਂ ਮਦਦ ਪਹੁੰਚਾਉਣ ਲਈ ਜ਼ੋਨ ਬਣਾ ਕੇ ਹਰ ਤਰ੍ਹਾਂ ਦੀ ਸਹਾਇਤਾ ਮੁਹਈਆ ਕਰਵਾਈ ਜਾ ਰਹੀ ਹੈ ਜਿਸ ਵਿੱਚ ਮੈਡੀਕਲ ਸਹਾਇਤਾ ਵੀ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਉਦੇਸ਼ ਤਹਿਤ ਫੰਡ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਸੂਬੇ ਦੇ ਹਰ ਪ੍ਰਭਾਵਿਤ ਨਾਗਰਿਕ ਤੱਕ, ਘਰ ਤੱਕ, ਖੇਤ ਤੱਕ, ਪਿੰਡ ਤੱਕ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੌਲੀ ਹੌਲੀ ਪਾਣੀ ਦਾ ਪੱਧਰ ਘਟ ਰਿਹਾ ਹੈ, ਜਿਸ ਉਪਰੰਤ ਪ੍ਰਭਾਵਤ ਲੋਕਾਂ ਦੇ ਮੁੜ ਵਸੇਬੇ ਲਈ ਕਾਰਵਾਈ ਆਰੰਭੀ ਜਾਵੇਗੀ ਅਤੇ ਜਲਦੀ ਹੀ ਜਨਜੀਵਨ ਆਮ ਵਾਂਗ ਹੋਵੇਗਾ।



### ਨਿਰਧਾਰਤ ਕੀਮਤਾਂ ਤੋਂ ਵੱਧ ਵਸੂਲਣ ਵਾਲਿਆਂ ਖਿਲਾਫ਼ ਕੀਤੀ ਜਾਵੇਗੀ ਕਾਨੂੰਨੀ ਕਾਰਵਾਈ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਜਗਜੀਤ ਸਿੰਘ ਨੇ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਕਈ ਦੁਕਾਨਦਾਰਾਂ, ਵਿਅਕਤੀਆਂ, ਮਕੈਨਿਕਾਂ ਅਤੇ ਦਵਾਈਆਂ ਦੇ ਦੁਕਾਨਦਾਰਾਂ ਵੱਲੋਂ ਆਮ ਲੋਕਾਂ ਪਾਸੋਂ ਨਿਰਧਾਰਤ ਕੀਮਤਾਂ ਤੋਂ ਵੱਧ ਪੈਸੇ ਵਸੂਲੇ ਜਾ ਰਹੇ ਹਨ, ਜੋ ਕਿ ਗਲਤ ਅਤੇ ਗੈਰ ਕਾਨੂੰਨੀ ਹੈ। ਇਸ ਤੋਂ ਇਲਾਵਾ ਸਬਜ਼ੀ ਮੰਡੀਆਂ ਵਿੱਚ ਵੀ ਜ਼ਿਆਦਾ ਕੀਮਤਾਂ ਤੇ ਸਬਜ਼ੀਆਂ ਸਪਲਾਈ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਪਹਿਲਾਂ ਹੀ ਲੋਕਾਂ ਦਾ ਮਾਲੀ ਨੁਕਸਾਨ ਹੋਇਆ ਹੈ ਤੇ ਕੁਝ ਵਿਅਕਤੀਆਂ ਵੱਲੋਂ ਕੀਮਤਾਂ ਵਧਾਕੇ ਪ੍ਰਭਾਵਿਤ ਲੋਕਾਂ ਦੀਆਂ ਮੁਸ਼ਕਲਾਂ ਵਿੱਚ ਵਾਧਾ ਕਰਨ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਉਨ੍ਹਾਂ ਜ਼ਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਜ਼ਿਲ੍ਹਾ ਮੰਡੀਕਰਨ ਅਫ਼ਸਰ, ਮੁੱਖ ਖੇਤੀਬਾੜੀ ਅਫ਼ਸਰ, ਜ਼ਿਲ੍ਹਾ ਮੈਨੇਜਰ ਮਾਰਕਫੈਡ ਅਤੇ ਸਿਵਲ ਸਰਜਨ ਨੂੰ ਆਪਣੇ ਵਿਭਾਗਾਂ ਦੀਆਂ ਟੀਮਾਂ ਬਣਾਕੇ ਚੈਕਿੰਗ ਕਰਨ ਦੇ ਆਦੇਸ਼ ਦਿੰਦਿਆਂ ਕਿਹਾ ਕਿ ਜਿਹੜੇ ਵਿਅਕਤੀ, ਦੁਕਾਨਦਾਰ, ਮੈਕਨਿਕ ਤੇ ਮੰਡੀਆਂ ਵਿੱਚ ਵੱਧ ਕੀਮਤਾਂ 'ਤੇ ਸਾਮਾਨ ਦੇ ਰਹੇ ਹਨ। ਉਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਰਿਪੋਰਟ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਵੱਧ ਕੀਮਤ ਵਸੂਲਦਾ ਹੈ ਤਾਂ ਉਸ ਦੇ ਖਿਲਾਫ਼ ਡੀ.ਐਫ.ਐਸ. ਸੀ. ਦਫ਼ਤਰ ਵਿਖੇ ਹੈਲਪਲਾਈਨ ਨੰਬਰ 0175-2311318 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

## ਵਿਜੀਲੈਂਸ ਵੱਲੋਂ ਗੂਗਲ ਪੇਅ ਰਾਹੀਂ 4,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਪਟਵਾਰੀ ਗ੍ਰਿਫ਼ਤਾਰ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ ਬਿਊਰੋ-**

ਸੂਬੇ ਵਿੱਚ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਤਰਨ ਤਾਰਨ ਜ਼ਿਲ੍ਹੇ ਦੇ ਮਾਲ ਸਰਕਲ ਪਹੂਵਿੰਡ ਵਿਖੇ ਤਾਇਨਾਤ ਪਟਵਾਰੀ ਰਣਜੋਧ ਸਿੰਘ ਨੂੰ ਗੂਗਲ ਪੇਅ ਰਾਹੀਂ 4000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਉਕਤ ਪਟਵਾਰੀ ਨੂੰ ਪਰਮਜੀਤ ਸਿੰਘ ਵਾਸੀ ਅੰਮ੍ਰਿਤਸਰ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ 23 ਜੂਨ, 2023 ਨੂੰ ਭ੍ਰਿਸ਼ਟਾਚਾਰ ਵਿਰੋਧੀ ਪੋਰਟਲ 'ਤੇ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਉਸਦੇ ਪਿਤਾ ਦੇ ਨਾਮ 'ਤੇ ਰਜਿਸਟਰ ਜ਼ਮੀਨ ਦੀ ਜਮ੍ਹਾਂਬੰਦੀ ਦੀ ਕਾਪੀ ਜਾਰੀ ਕਰਨ ਬਦਲੇ ਉਕਤ ਪਟਵਾਰੀ ਨੇ ਉਸ ਕੋਲੋਂ ਰਿਸ਼ਵਤ ਵਜੋਂ 4,000 ਰੁਪਏ ਲਏ ਹਨ। ਇਸ ਜ਼ਮੀਨ ਉਤੇ ਬੈਂਕ ਤੋਂ ਕਰਜ਼ਾ ਲੈਣ ਲਈ ਜਮ੍ਹਾਂਬੰਦੀ ਦੀ ਕਾਪੀ ਦੀ ਜ਼ਰੂਰਤ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਅੱਜ ਵਿਜੀਲੈਂਸ ਬਿਊਰੋ ਨੇ ਮੁਲਜ਼ਮ ਪਟਵਾਰੀ ਨੂੰ ਸ਼ਿਕਾਇਤਕਰਤਾ ਤੋਂ 4,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਬੂ ਕਰ ਲਿਆ ਹੈ।

## ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦਾ ਐਪਰਨ ਹੀ ਹੋਵੇਗਾ ਉਹਨਾਂ ਦੀ ਪਹਿਚਾਣ: ਡਾ. ਬਲਜੀਤ ਕੌਰ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਸਰਕਾਰ ਨੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਵਰਦੀ ਸਬੰਧੀ ਵਿਲੱਖਣ ਫੈਸਲਾ ਲਿਆ ਹੈ। ਹੁਣ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਆਪਣੀਆਂ ਸੇਵਾਵਾਂ ਨਿਭਾਉਂਦੇ ਸਮੇਂ ਗੁਲਾਬੀ ਅਤੇ ਅਸਮਾਨੀ ਸਮੇਤ ਲਾਲ ਰੰਗ ਦਾ ਆਈ.ਸੀ.ਡੀ.ਐਸ.ਲੋਗੋ ਲਗਾਉਣਗੇ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਲਈ ਗੁਲਾਬੀ (ਬੇਬੀ ਪਿੰਕ ਐਪਰਨ) ਸਮੇਤ ਲਾਲ ਰੰਗ ਦਾ ਆਈ.ਸੀ.ਡੀ.ਐਸ.ਲੋਗੋ ਅਤੇ ਹੈਲਪਰਾਂ ਲਈ ਅਸਮਾਨੀ (ਸਕਾਈ ਬਲਿਯੂ ਐਪਰਨ) ਸਮੇਤ ਲਾਲ ਰੰਗ ਦਾ ਆਈ.ਸੀ.ਡੀ.ਐਸ.ਲੋਗੋ ਲਗਾਉਣ ਲਈ ਹਦਾਇਤ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਅਸਾਨੀ ਨਾਲ ਪਹਿਚਾਣ ਹੋ ਸਕੇਗੀ, ਇਸ ਦੇ ਨਾਲ-ਨਾਲ ਉਨ੍ਹਾਂ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਵਿੱਚ ਹੋਰ ਨਿਖਾਰ ਆਵੇਗਾ।

ਮੰਤਰੀ ਨੇ ਦੱਸਿਆ ਕਿ ਰਾਜ ਦੇ ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਨੂੰ ਪੱਤਰ ਜਾਰੀ ਕਰ ਕੇ ਹਦਾਇਤ ਕੀਤੀ ਗਈ ਹੈ ਕਿ ਉਹ ਸੂਬਾ ਸਰਕਾਰ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਉਣ।



## ਹੜ੍ਹਾਂ ਦੀ ਕੁਦਰਤੀ ਮਾਰ ਨੇ ਪਟਿਆਲਾ ਸ਼ਹਿਰ ਸਮੇਤ ਜ਼ਿਲ੍ਹੇ ਦੇ 458 ਪਿੰਡਾਂ ਨੂੰ ਕੀਤਾ ਪ੍ਰਭਾਵਿਤ : ਜੌੜਾਮਾਜਰਾ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ ਬਿਊਰੋ-**

ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਪਟਿਆਲਾ ਜ਼ਿਲ੍ਹੇ ਅੰਦਰ ਹੜ੍ਹਾਂ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਵੇਂ ਕਿ ਹੜ੍ਹਾਂ ਨੇ ਪਟਿਆਲਾ ਸ਼ਹਿਰ ਦੀਆਂ ਦੋ ਦਰਜਨ ਦੇ ਕਰੀਬ ਕਲੋਨੀਆਂ ਸਮੇਤ ਜ਼ਿਲ੍ਹੇ ਦੇ 458 ਪਿੰਡ ਪ੍ਰਭਾਵਿਤ ਕੀਤੇ ਹਨ ਪਰੰਤੂ ਇਹ ਕੁਦਰਤੀ ਆਫ਼ਤ ਸਾਡੇ ਲੋਕਾਂ ਦਾ ਹੌਂਸਲਾ ਪਸਤ ਨਹੀਂ ਕਰ ਸਕੀ। ਲੋਕ ਸੰਪਰਕ ਮੰਤਰੀ ਨੇ ਕਿਹਾ ਕਿ ਬਹੁਤੇ ਪਿੰਡਾਂ ਵਿੱਚ ਤਾਂ ਫ਼ਸਲਾਂ ਦੇ ਨਾਲ-ਨਾਲ ਘਰੇਲੂ ਆਬਾਦੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਹਾਲਾਂਕਿ ਖੇਤਾਂ ਵਿੱਚ ਖੜ੍ਹੇ ਪਾਣੀ ਕਰਕੇ ਅਜੇ ਫ਼ਸਲਾਂ ਦੇ ਖਰਾਬੇ ਦੀ ਰਿਪੋਰਟ ਨਹੀਂ ਹੋ ਸਕੀ ਪਰੰਤੂ ਇੱਕ ਅੰਦਾਜੇ ਮੁਤਾਬਕ ਕਰੀਬ 1 ਲੱਖ ਏਕੜ ਰਕਬਾ ਪ੍ਰਭਾਵਤ ਹੋਇਆ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੇ ਆਰਮੀ ਤੇ ਐਨ.ਡੀ.ਆਰ.ਐਫ. ਦੇ ਸਹਿਯੋਗ ਨਾਲ ਤੁਰੰਤ ਕਾਰਵਾਈ ਕਰਕੇ ਪਾਣੀ ਵਿੱਚ ਘਿਰੇ 14291 ਲੋਕਾਂ ਨੂੰ ਬਾਹਰ ਕੱਢਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ। ਉਨ੍ਹਾਂ ਦੱਸਿਆ ਕਿ ਮੁਢਲੀ ਰਿਪੋਰਟ ਮੁਤਾਬਕ ਜ਼ਿਲ੍ਹੇ 'ਚ 6 ਘਰ ਢਹੇ ਹਨ ਜਦਕਿ 46 ਘਰਾਂ ਨੂੰ ਨੁਕਸਾਨ ਪੁੱਜਾ ਹੈ ਤੇ ਕਈ ਥਾਈਂ ਪਾਲਤੂ ਪਸ਼ੂ ਵੀ ਮਰੇ ਹਨ।

ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਇਹ ਵੀ ਪਹਿਲੀ ਵਾਰ ਹੈ ਕਿ ਸ. ਭਗਵੰਤ ਮਾਨ ਦੀ ਅਗਵਾਈ ਹੇਠ ਪੂਰੀ ਵਜ਼ਾਰਤ ਅਤੇ ਵਿਧਾਇਕ ਲੋਕਾਂ ਦਰਮਿਆਨ ਵਿਚਰਦਿਆਂ ਸੰਕਟ 'ਚ ਫਸੇ ਲੋਕਾਂ ਦੀ ਸਹਾਇਤਾਂ ਕਰਨ ਲਈ ਹਰ ਹੰਭਲਾ ਮਾਰ ਰਹੇ ਹਨ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਨੀਨਾ ਮਿੱਤਲ, ਗੁਰਲਾਲ ਘਨੌਰ, ਹਰਮੀਤ ਸਿੰਘ ਪਠਾਨਮਾਜਰਾ, ਗੁਰਦੇਵ ਸਿੰਘ ਦੇਵ ਮਾਨ ਤੇ ਕੁਲਵੰਤ ਸਿੰਘ ਨੇ ਦਿਨ-ਰਾਤ ਇਕ ਕਰਕੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕੀਤੀ ਹੈ। ਜਦਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਤੇ ਐਸ.ਐਸ.ਪੀ. ਵਰੁਣ ਸ਼ਰਮਾ ਦੀ ਨਿਗਰਾਨੀ ਹੇਠ ਭਾਰਤੀ ਫ਼ੌਜ ਦੇ 36 ਅਫ਼ਸਰ, 87 ਜੇ.ਸੀ.ਓਜ ਤੇ 1009 ਜਵਾਨਾਂ ਸਮੇਤ ਐਨ.ਡੀ.ਆਰ.ਐਫ਼ ਦੀਆਂ 3 ਟੀਮਾਂ, ਸਿਵਲ ਤੇ ਪੁਲਿਸ ਪ੍ਰਸ਼ਾਸਨ ਅਤੇ ਐਨ.ਜੀ.ਓਜ ਸਮੇਤ ਆਮ ਲੋਕਾਂ ਨੇ ਵੀ ਹੜ੍ਹ ਦੌਰਾਨ ਰਾਹਤ ਤੇ ਬਚਾਅ ਕਾਰਜਾਂ ਵਿੱਚ ਭਰਵਾਂ ਯੋਗਦਾਨ ਪਾਇਆ ਹੈ।ਲੋਕ ਸੰਪਰਕ ਮੰਤਰੀ ਜੌੜਾਮਾਜਰਾ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਅੰਦਰ ਵੱਖ-ਵੱਖ ਥਾਵਾਂ 'ਤੇ 40 ਰਾਹਤ ਕੈਂਪ ਸਥਾਪਤ ਕੀਤੇ ਗਏ ਹਨ ਜਦਕਿ ਰਾਹਤ ਕਾਰਜ ਕਰਦੇ ਹੋਏ ਹੁਣ ਤੱਕ 52 ਹਜਾਰ ਭੋਜਨ ਦੇ ਪੈਕੇਟਸ ਸਮੇਤ ਪੀਣ ਵਾਲਾ ਪਾਣੀ, ਦਵਾਈਆਂ, ਘਰੇਲੂ ਲੋੜਾਂ ਦੀਆਂ ਵਸਤਾਂ ਅਤੇ ਪਸ਼ੂਆਂ ਲਈ ਚਾਰਾ ਵੀ ਪਹੁੰਚਾਇਆ ਗਿਆ ਹੈ। ਜੌੜਾਮਾਜਰਾ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੇ ਆਦੇਸ਼ਾਂ ਮੁਤਾਬਕ ਸੂਬਾ ਸਰਕਾਰ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਕਰਨ ਲਈ ਨਿਰੰਤਰ ਕਾਰਜਸ਼ੀਲ ਹੈ।



## ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਵੱਲੋਂ ਦਿਵਿਆਂਗਜਨਾਂ ਲਈ ਲੇਖਕ ਅਤੇ ਪਾਠਕ ਵਜੋਂ ਸੇਵਾਵਾਂ ਦੇਣ ਦਾ ਸੱਦਾ

### 31 ਜੁਲਾਈ ਤੱਕ ਭੇਜੀਆਂ ਜਾ ਸਕਦੀਆਂ ਨੇ ਅਰਜ਼ੀਆਂ : ਡੀ.ਐਸ.ਐਸ.ਓ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਦਿਵਿਆਂਗਜਨਾਂ ਨੂੰ ਵਿੱਦਿਅਕ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਸਮੇਂ-ਸਮੇਂ ਤੇ ਪ੍ਰਕਾਸ਼ਿਤ ਹੁੰਦੀਆਂ ਨੌਕਰੀਆਂ/ਅਸਾਮੀਆਂ ਸਬੰਧੀ ਪ੍ਰੀਖਿਆ ਦੇਣ ਵਿੱਚ ਕਾਫ਼ੀ ਦਿੱਕਤ ਪੇਸ਼ ਆਉਂਦੀ ਹੈ ਕਿਉਂਕਿ ਇਹ ਪ੍ਰੀਖਿਆਵਾਂ ਆਮ ਵਿਦਿਆਰਥੀਆਂ ਅਨੁਸਾਰ ਹੀ ਲਈਆਂ ਜਾਂਦੀਆਂ ਹਨ। ਇਨ੍ਹਾਂ ਦਿਵਿਆਂਗਜਨਾਂ ਨੂੰ ਵਿਭਾਗੀ ਅਸਾਮੀਆਂ ਲਈ ਨਿਰਧਾਰਿਤ ਪ੍ਰੀਖਿਆ ਦੇਣ ਲਈ ਲਿਖਾਰੀ ਜਾਂ ਪਾਠਕ/ਪੜ੍ਹਣ (ਰੀਡਰ) ਵਾਲੇ ਦੀ ਜ਼ਰੂਰਤ ਪੈਂਦੀ ਹੈ। ਪਰ ਸਮੇਂ-ਸਿਰ ਲਿਖਾਰੀ ਜਾਂ ਪਾਠਕ/ਪੜ੍ਹਨ ਵਾਲੇ ਨਾ ਮਿਲਣ ਕਾਰਨ ਕਾਫ਼ੀ ਦਿੱਕਤ ਪੇਸ਼ ਆਉਂਦੀ ਹੈ ਅਤੇ ਇਹ ਇਨ੍ਹਾਂ ਪ੍ਰੀਖਿਆਵਾਂ ਵਿੱਚ ਪਛੜ ਜਾਂਦੇ ਹਨ।

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਪਟਿਆਲਾ ਵਰਿੰਦਰ ਸਿੰਘ ਬੈਂਸ ਨੇ ਇਨ੍ਹਾਂ ਦਿਵਿਆਂਗਜਨਾਂ ਨੂੰ ਸਹਿਯੋਗ ਦੇਣ ਦੇ ਮਕਸਦ ਨਾਲ ਜ਼ਿਲ੍ਹੇ ਵਿੱਚ ਸਵੈ-ਇੱਛੁਕ ਵਿਅਕਤੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਹੜੇ ਵੀ ਵਿਅਕਤੀ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਇੱਛੁਕ ਹਨ ਉਹ ਆਪਣੀ ਨਿੱਜੀ ਅਤੇ ਵਿੱਦਿਅਕ ਯੋਗਤਾ ਸਬੰਧੀ ਦਸਤਾਵੇਜ਼ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਪਟਿਆਲਾ ਦੇ ਦਫ਼ਤਰ ਕਮਰਾਂ ਨੰ.101/135 ਬਲਾਕ ਏ ਮਿੰਨੀ ਸਕੱਤਰੇਤ ਪਟਿਆਲਾ ਵਿਖੇ 31 ਜੁਲਾਈ ਤੱਕ ਜਮ੍ਹਾਂ ਕਰਵਾ ਸਕਦੇ ਹਨ, ਤਾਂ ਜੋ ਇਨ੍ਹਾਂ ਦਿਵਿਆਂਗਜਨਾਂ ਨੂੰ ਭਵਿੱਖ ਵਿੱਚ ਆਉਣ ਵਾਲੀਆਂ ਅਸਾਮੀਆਂ ਦੀਆਂ ਪ੍ਰੀਖਿਆਵਾਂ ਦੇਣ ਹਿਤ ਲਿਖਾਰੀ ਜਾਂ ਪਾਠਕਾਂ ਦੀਆਂ ਉਨ੍ਹਾਂ ਨੂੰ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ।



## ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਈ ਗੋਬਿੰਦਾ ਦੀ ਧੀ ਟੀਨਾ ਆਹੂਜਾ



**ਸ੍ਰੀ ਅੰਮ੍ਰਿਤਸਰ ਸਾਹਿਬ,**
**-ਰੋਜ਼ਾਨਾ ਸਵੇਰਾ ਬਿਊਰੋ-**

ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਸਿੱਧ ਫਿਲਮ ਅਭਿਨੇਤਾ ਗੋਵਿੰਦਾ ਦੀ ਧੀ ਟੀਨਾ ਆਹੂਜਾ ਨੇ ਮੱਥਾ ਟੇਕਿਆ। ਟੀਨਾ ਆਹੂਜਾ ਨੇ ਪੂਰੀ ਪਰਿਕਰਮਾ ਕਰਦੇ ਹੋਏ ਜਿੱਥੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ, ਉਥੇ ਹੀ ਉਨ੍ਹਾਂ ਨੇ ਲੱਗਭਗ ਸੱਚਖੰਡ ਵਿਖੇ ਅੱਧਾ ਘੰਟਾ ਦੇ ਕਰੀਬ ਬੈਠ ਕੇ ਇਲਾਹੀ ਬਾਣੀ ਦਾ ਕੀਰਤਨ ਵੀ ਸੁਣਿਆ। ਇਸ ਤੋਂ ਉਪਰੰਤ ਟੀਨਾ ਆਹੂਜਾ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਹਾਲ ਵਿਖੇ ਵੀ ਗਈ, ਜਿਥੇ ਉਨ੍ਹਾਂ ਨੇ ਬਣ ਰਹੇ ਲੰਗਰ ਵਿਚ ਸੇਵਾ ਵੀ ਕੀਤੀ।

### ਹੈਲਪ ਲਾਈਨ ਨੰਬਰ 9814067647 'ਤੇ ਕੀਤਾ ਜਾ ਸਕਦੇ ਸੰਪਰਕ

## ਰੈੱਡ ਕਰਾਸ ਪਟਿਆਲਾ ਤੋਂ ਲੈ ਸਕਦੇ ਨੇ ਲੋੜਵੰਦ ਘਰ ਦਾ ਜ਼ਰੂਰੀ ਸਾਮਾਨ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ ਬਿਊਰੋ-**

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ ਦੇ ਲੋੜਵੰਦ ਲੋਕਾਂ ਲਈ ਰੇਡ ਕਰਾਸ ਪਟਿਆਲਾ ਵਲੋਂ ਬਰਤਨਾਂ, ਕੱਪੜਿਆਂ ਸਮੇਤ ਘਰ ਦਾ ਹੋਰ ਜ਼ਰੂਰੀ ਸਾਮਾਨ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਉਹਨਾਂ ਦੱਸਿਆ ਕਿ ਲੋੜਵੰਦ ਵਿਅਕਤੀ ਜ਼ਿਲ੍ਹਾ ਅੰਗਹੀਣ ਤੇ ਮੁੜ ਵਸੇਬਾ ਕੇਂਦਰ ਜੇਲ ਰੋਡ ਪਟਿਆਲਾ ਦੇ ਦਫ਼ਤਰ ਵਿਖੇ ਜਾਂ ਫੇਰ ਫੋਨ ਨੰਬਰ 9814067647 ਉੱਤੇ ਸੰਪਰਕ ਕਰ ਸਕਦੇ ਹਨ।

ਇਸ ਸਬੰਧੀ ਹੋਰ ਵੇਰਵੇ ਦਿੰਦਿਆਂ ਸੈਕਟਰੀ ਰੈੱਡ ਕਰਾਸ ਡਾ. ਪ੍ਰਿਤਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ ਦੇ ਲੋੜਵੰਦ ਲੋਕ ਦਫ਼ਤਰ ਵਿਖੇ ਆਕੇ ਆਪਣਾ ਸ਼ਨਾਖ਼ਤੀ ਕਾਰਡ ਤੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਦੱਸ ਕੇ ਲੋੜੀਂਦਾ ਸਾਮਾਨ ਪ੍ਰਾਪਤ ਕਰ ਸਕਦੇ ਹਨ। ਉਹਨਾਂ ਦੱਸਿਆ ਕਿ ਰੈੱਡ ਕਰਾਸ ਪਟਿਆਲਾ ਵਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ ਤੇ ਲੋੜਵੰਦਾਂ ਤੱਕ ਦਵਾਈਆਂ ਕੱਪੜੇ ਅਤੇ ਹੋਰ ਜ਼ਰੂਰੀ ਲੋੜੀਂਦਾ ਸਾਮਾਨ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਲੋੜਵੰਦਾਂ ਲਈ ਕੁਝ ਦਾਨ ਦੇਣ ਚਾਹੁੰਦਾ ਹੈ ਤਾਂ ਉਹ ਵੀ ਰੈੱਡ ਕਰਾਸ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਲੋੜਵੰਦਾਂ ਦੀ ਮਦਦ ਕਰਨ ਲਈ ਜ਼ਰੂਰੀ ਅੱਗੇ ਆਇਆ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੱਲੋਂ ਕੀਤੀ ਥੋੜੀ ਮਦਦ ਵੀ ਕਿਸੇ ਲੋੜਵੰਦ ਲਈ ਵੱਡੀ ਹੋ ਸਕਦੀ ਹੈ।



ਰੈੱਡ ਕਰਾਸ ਪਟਿਆਲਾ ਲੋੜਵੰਦਾਂ ਨੂੰ ਸਾਮਾਨ ਭੇਜਦੇ ਹੋਏ।

## ਸੰਪਾਦਕੀ

# ਭ੍ਰਿਸ਼ਟ ਸਿਆਸੀ ਫੰਡਿੰਗ ਤੇ ਪੂੰਜੀਪਤੀ ਤਾਣਾ

ਇਹ ਤਰਕ ਅਜੀਬ ਜਾਪ ਸਕਦਾ ਹੈ ਕਿ ਭਾਰਤ ਵਿਚ ਕਾਰਪੋਰੇਟ ਸੰਚਾਲਨ ਅਤੇ ਬੈਂਕਾਂ ਦੀ ਸੰਪਤੀ ਦਾ ਮਿਆਰ, ਸਿਆਸੀ ਫੰਡਿੰਗ (ਸਿਆਸੀ ਪਾਰਟੀਆਂ ਨੂੰ ਮਿਲਣ ਵਾਲਾ ਚੰਦਾ) ਦੀ ਸਫ਼ਾਈ (ਭ੍ਰਿਸ਼ਟਾਚਾਰ ਰਹਿਤ ਕਰਨ) ਉਤੇ ਨਿਰਭਰ ਕਰਦਾ ਹੈ ਪਰ ਅਜਿਹਾ ਹੋ ਨਹੀਂ ਰਿਹਾ। ਇਹ ਕੌੜੀ ਅਤੇ ਕਠੋਰ ਸੱਚਾਈ ਹੈ। ਜਦੋਂ ਤੱਕ ਸੁਧਾਰ ਨਹੀਂ ਹੋ ਜਾਂਦੇ, ਉਦੋਂ ਤੱਕ ਮਜ਼ਬੂਤ ਵਿੱਤੀ ਸੈਕਟਰ ਅਤੇ ਕਾਰਪੋਰੇਟ ਸੰਚਾਲਨ ਵਿਚ ਸੁਧਾਰ ਲਿਆਉਣ ਪੱਖੋਂ ਸੇਬੀ ਨੂੰ ਲਗਾਤਾਰ ਕਾਮਯਾਬੀ ਮਿਲਣ ਦੇ ਦਾਅਵੇ ਓਨੇ ਹੀ ਖੋਖਲੇ ਹਨ ਜਿੰਨਾ ਖੋਖਲਾ ਇਹ ਦਾਅਵਾ ਹੈ ਕਿ ਜਮਹੂਰੀਅਤ ਭਾਰਤ ਦੇ ਡੀਐੱਨਏ ਵਿਚ ਹੈ। ਭਾਰਤ ਲੰਮਾ ਸਮਾਂ ਜਾਤੀਵਾਦੀ ਊਚ-ਨੀਚ ਅਤੇ ਸਮਾਜਿਕ ਤੇ ਸੱਭਿਆਚਾਰਕ ਤਾਕਤਾਂ ਦੀ ਬਹੁਤ ਅਸਾਵੀਂ ਵੰਡ ਦਾ ਸ਼ਿਕਾਰ ਰਿਹਾ ਹੈ। ਕਾਰਪੋਰੇਟ ਸੰਚਾਲਨ ਅਤੇ ਬੈਂਕਾਂ ਵੱਲੋਂ ਕਰਜ਼ ਸਬੰਧੀ ਫ਼ੈਸਲੇ ਕਰਨ ਵਰਗੇ ਮਾਮਲਿਆਂ ਉਤੇ ਚਰਚਾ ਕਰਦੇ ਵਕਤ ਗੰਧਲੀ ਸਿਆਸੀ ਫੰਡਿੰਗ ਦਾ ਮੁੱਦਾ ਕਿਉਂ ਸਾਹਮਣੇ ਆਉਂਦਾ ਹੈ? ਦੋਵੇਂ ਹੀ ਭਾਰਤ ਵਿਚ ਚੱਲਣ ਵਾਲੀ ਸਿਆਸਤ ਦੀ ਦਲਦਲ ਤੋਂ ਬਹੁਤ ਦੂਰ ਵਾਪਰਨ ਵਾਲੇ ਮਾਮਲੇ ਹਨ ਅਤੇ ਭਾਰਤੀ ਸਿਆਸਤ ਉਹ ਥਾਂ ਹੈ ਜਿਥੇ ਵਿਧਾਇਕਾਂ/ਸੰਸਦ ਮੈਂਬਰਾਂ ਦੀਆਂ ਕੀਮਤਾਂ ਗਰਮੀਆਂ ਵਿਚ ਟਮਾਟਰਾਂ ਦੀਆਂ ਕੀਮਤਾਂ ਵਧਣ ਨਾਲੋਂ ਵੱਧ ਤੇਜ਼ੀ ਨਾਲ ਵਧਦੀਆਂ ਹਨ ਅਤੇ ਇਹ ਸਾਰਾ ਕੁਝ ਉਸ ਰਾਜਨੀਤੀ ਤੋਂ ਵੱਖਰਾ ਹੈ ਜਿਹੜੀ ਵਿੱਦਿਅਕ ਅਦਾਰਿਆਂ ਵਿਚ ਪੜ੍ਹਾਈ ਜਾਂਦੀ ਹੈ। ਅਜਿਹਾ ਇਸ ਕਾਰਨ ਕਿ ਬਹੁਤੇ ਭਾਰਤੀ ਕਿਸੇ ਪਾਰਟੀ ਦੀ ਇਮਦਾਦ ਲਈ ਇਕ ਪੈਸੇ ਦੀ ਵੀ ਮਦਦ ਨਹੀਂ ਕਰਦੇ। ਉਨ੍ਹਾਂ ਨੂੰ ਜਾਪਦਾ ਹੈ ਕਿ ਉਨ੍ਹਾਂ ਦਾ ਲੋਕਤੰਤਰ ਵਿਚ ਯੋਗਦਾਨ ਵੋਟ ਪਾ ਕੇ ਤੇ ਵੱਟਸਐਪ ਸੁਨੇਹੇ ਅੱਗੇ ਭੇਜ ਕੇ ਹੀ ਪੂਰਾ ਹੋ ਜਾਂਦਾ ਹੈ ਅਤੇ ਉਹ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਹਿੱਸਾ ਹੋਣ ’ਤੇ ਮਾਣ ਮਹਿਸੂਸ ਕਰਦੇ ਹਨ। ਇਸ ਕਾਰਨ ਸਿਆਸੀ ਪਾਰਟੀਆਂ ਕੋਲ ਫੰਡ ਜੁਟਾਉਣ ਲਈ ਵੱਡੇ ਸਰਮਾਏਦਾਰਾਂ ਤੇ ਕਾਰਪੋਰੇਟਾਂ ਵੱਲ ਦੇਖਣ ਦਾ ਰਾਹ ਹੀ ਬਾਕੀ ਬਚਦਾ ਹੈ।

ਤੁਸੀਂ ਪੁੱਛ ਸਕਦੇ ਹੋ ਕਿ ਇਲੈਕਟੋਰਲ ਬਾਂਡਾਂ (ਚੋਣ ਬਾਂਡ) ਦੇ ਦੌਰ ਵਿਚ ਕੈਸ਼ (ਨਕਦੀ) ਦੀਆਂ ਗੱਲਾਂ ਕਿਉਂ? ਅਜਿਹਾ ਇਸ ਕਾਰਨ ਕਿ ਵਿਹਾਰ-ਵਰਤਾਅ ਪੱਖੋਂ ਸਿਆਸਤ ਗੰਧਲੀ ਹੁੰਦੀ ਹੈ ਤੇ ਇਸ ਲਈ ਨਕਦ ਅਦਾਇਗੀਆਂ ਦੀ ਲੋੜ ਪੈਂਦੀ ਹੈ। ਮੰਨ ਲਵੋ, ਕਿਸੇ ਹਲਕੇ ਦੇ ਸਾਰੇ ਨੌਂ ਉਮੀਦਵਾਰ ਚੋਣਾਂ ਦੌਰਾਨ ਸ਼ਰਾਬ ਵੰਡਦੇ ਹਨ ਸਗੋਂ ਕੁਝ ਤਾਂ ਵੋਟਰਾਂ ਨੂੰ ਨਕਦ ਨੋਟ ਵੀ ਵੰਡਦੇ ਹਨ, ਤਾਂ ਕੀ ਇਸ ਖ਼ਰਚੇ ਲਈ ਪਾਰਟੀ ਦੇ ਵਹੀ-ਖ਼ਾਤਿਆਂ ਵਿਚ ਦਰਜ ਦਾਨ ਵਾਲੇ ਪੈਸਿਆਂ ਦਾ ਇਸਤੇਮਾਲ ਕੀਤਾ ਜਾਵੇਗਾ, ਫਿਰ ਇਹ ਭਾਵੇਂ ਚੈੱਕ ਰਾਹੀਂ ਹਾਸਲ ਕੀਤੇ ਹੋਣ ਜਾਂ ਚੋਣ ਬਾਂਡ ਰਾਹੀਂ? ਜੇ ਕੁਝ ਦਰਜਨ ਵਿਧਾਇਕਾਂ ਦੀ ਦਲਬਦਲੀ ਕਰਵਾ ਕੇ ਉਨ੍ਹਾਂ ਨੂੰ ਉਸ ਆਗੂ ਦੇ ਹੱਕ ਵਿਚ ਲਿਆਉਣਾ ਹੈ ਜਿਸ ਖ਼ਿਲਾਫ਼ ਉਨ੍ਹਾਂ ਚੋਣਾਂ ਲੜੀਆਂ ਤੇ ਜ਼ੋਰਦਾਰ ਚੋਣ ਪ੍ਰਚਾਰ ਕੀਤਾ ਸੀ ਅਤੇ ਇਸ ਲਈ ਪ੍ਰਤੀ ਵਿਧਾਇਕ 20 ਕਰੋੜ ਰੁਪਏ ਦੇਣੇ ਪੈਂਦੇ ਹਨ ਅਤੇ ਅਜਿਹਾ ਅਪਰੇਸ਼ਨ ਕਈ ਸੂਬਿਆਂ ਵਿਚ ਦੁਹਰਾਉਣਾ ਪੈਂਦਾ ਹੈ, ਤਾਂ ਇਸ ਲਈ ਵੀ ਕਾਫ਼ੀ ਭਾਰੀ ਰਕਮ ਦੀ ਲੋੜ ਪੈਂਦੀ ਹੈ। ਇਸ ਸੂਰਤ ਵਿਚ ਪਾਰਟੀ ਵੱਲੋਂ ਚੋਣ ਕਮਿਸ਼ਨ ਨੂੰ ਭੇਜੇ ਆਪਣੇ ਖ਼ਾਤਿਆਂ ਵਿਚ ਕਿਸੇ ਅਜਿਹੀ ਮੱਦ ਦੀ ਕਲਪਨਾ ਕਰੋ ਜਿਸ ਵਿਚ ਲਿਖਿਆ ਹੋਵੇ, ‘ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਖ਼ਰੀਦਣ ਲਈ ਸਾਲਾਨਾ ਖ਼ਰਚ’ ਜਿਸ ਵਿਚ ਅਗਾਂਹ ਖ਼ਰਚ ਦੇ ਵੇਰਵੇ ਦਿੰਦਾ ਫੁੱਟਨੋਟ ਲੱਗਾ ਹੋਵੇ। ਇਸ ਲਈ ਇਸ ਤਰ੍ਹਾਂ ਦੇ ਖ਼ਰਚਿਆਂ ਲਈ ਰਕਮਾਂ ਬੇਹਿਸਾਬੇ ਵਸੀਲਿਆਂ ਤੋਂ ਆਉਂਦੀਆਂ ਹਨ। ਇਸੇ ਤਰ੍ਹਾਂ ਜਨਤਕ ਆਗੂਆਂ ਦੀਆਂ ਵਿਸ਼ਾਲ ਰੈਲੀਆਂ ਵਿਚ ਸ਼ਾਮਲ ਹੋਣ ਵਾਲੇ ਭਗਤਨੁਮਾ ਹਮਾਇਤੀਆਂ ਨੂੰ ਕੀਤੀ ਜਾਣ ਵਾਲੀ ਦਿਹਾੜੀ ਦੀ ਅਦਾਇਗੀ ਸੂਬਾ ਦਰ ਸੂਬਾ ਵੱਖੋ-ਵੱਖ ਹੁੰਦੀ ਹੈ। ਖ਼ੁਸ਼ਹਾਲ ਸੂਬਿਆਂ ਵਿਚ ਇਹ ਅਦਾਇਗੀ ਪ੍ਰਤੀ ਵਿਅਕਤੀ 1500 ਰੁਪਏ ਤੱਕ ਹੋ ਸਕਦੀ ਹੈ ਪਰ ਕੋਈ ਵੀ ਪਾਰਟੀ ਕਦੇ ਇਹ ਨਹੀਂ ਮੰਨੇਗੀ ਕਿ ਉਸ ਨੇ ਆਪਣੀ ਰੈਲੀ ਵਾਸਤੇ ਭੀੜ ਜੁਟਾਉਣ ਲਈ ਪੈਸੇ ਦਿੱਤੇ ਹਨ। ਅਜਿਹਾ ਪੈਸਾ ਨਕਦੀ ਰੂਪ ਵਿਚ ਹੀ ਆਉਣਾ ਹੁੰਦਾ ਹੈ।

ਆਖ਼ਰ ਇਸ ਨਕਦੀ ਦੀ ਅਦਾਇਗੀ ਕੌਣ ਕਰਦਾ ਹੈ? ਬਹੁਤਾ ਕਰ ਕੇ ਛੋਟੀਆਂ ਤੇ ਵੱਡੀਆਂ ਕੰਪਨੀਆਂ ਦੇ ਮਾਲਕ। ਵੱਡੀਆਂ ਕੰਪਨੀਆਂ ਵਾਲੇ ਅਜਿਹੀ ਫੰਡਿੰਗ, ਜਵਾਬ ਵਿਚ ਲਾਹੇ ਲੈਣ ਲਈ ਕਰਦੇ ਹਨ; ਤੇ ਛੋਟੀਆਂ ਕੰਪਨੀਆਂ ਵਾਲੇ ਉਸੇ ਤਰ੍ਹਾਂ ਅਦਾਇਗੀ ਕਰਦੇ ਹਨ ਜਿਵੇਂ ਉਹ ਆਪਣੇ ਸ਼ਹਿਰ/ਕਸਬੇ ਵਿਚ ਸੁਰੱਖਿਆ ਰੈਕਟ ਚਲਾਉਣ ਵਾਲਿਆਂ ਨੂੰ ਕਰਦੇ ਹਨ। ਕੁਝ ਇਸ ਨੂੰ ਆਪਣੇ ਕਾਰੋਬਾਰ ਤੇ ਲੈਣ-ਦੇਣ ਦਾ ਹੀ ਹਿੱਸਾ ਹੀ ਮੰਨਦੇ ਹਨ। ਜੇ ਕਾਰੋਬਾਰ ਵਿਚ ਵੱਡੇ ਸਰਕਾਰੀ ਪ੍ਰਾਜੈਕਟਾਂ ਨੂੰ ਮੁਕੰਮਲ ਕਰਨਾ/ਅਮਲ ਵਿਚ ਲਿਆਉਣਾ ਸ਼ਾਮਲ ਹੋਵੇ ਤਾਂ ਉਸ ਦੇ ਠੇਕੇ ਹਾਸਲ ਕਰਨ ਦਾ ਮਤਲਬ ਸਬੰਧਿਤ ਵਿਭਾਗ ਦੇ ਇੰਚਾਰਜ ਮੰਤਰੀ ਨੂੰ ਪ੍ਰਾਜੈਕਟ ਦੀ ਲਾਗਤ ਦਾ ਇਕ ਹਿੱਸਾ ਅਦਾ ਕਰਨ ਲਈ ਰਾਜ਼ੀ ਹੋਣਾ ਵੀ ਸ਼ਾਮਲ ਹੁੰਦਾ ਹੈ।

ਸਭ ਤੋਂ ਪਹਿਲਾਂ ਤਾਂ ਸਵਾਲ ਇਹ ਉੱਠਦਾ ਹੈ ਕਿ ਕੰਪਨੀਆਂ ਨੂੰ ਇਹ ਬੇਹਿਸਾਬੀ ਦੌਲਤ ਕਿਥੋਂ ਮਿਲਦੀ ਹੈ, ਖ਼ਾਸਕਰ ਅਜੋਕੇ ਡਿਜੀਟਲ ਅਦਾਇਗੀਆਂ ਦੇ ਦੌਰ ਵਿਚ ਅਤੇ ਜਦੋਂ ਕਿਸੇ ਕਾਰਪੋਰੇਟ ਘਪਲੇ ਦਾ ਪਤਾ ਲਾਉਣ ਲਈ ਹਿੰਡਨਬਰਗ ਵਾਲੇ ਸੂਹਾਂ ਲੈਂਦੇ ਫਿਰਦੇ ਹੋਣ? ਦਰਅਸਲ ਜਦੋਂ ਕੰਪਨੀਆਂ ਬੈਂਕ ਤੋਂ ਕਰਜ਼ ਲੈਂਦੀਆਂ ਹਨ ਤਾਂ ਉਹ ਪ੍ਰਾਜੈਕਟ ਦੀ ਲਾਗਤ ਨੂੰ ਵਧਾ-ਚੜ੍ਹਾਅ ਕੇ ਦੱਸਦੀਆਂ ਹਨ ਅਤੇ ਪ੍ਰਾਜੈਕਟ ਲਈ ਅਸਲ ਵਿਚ ਜਿੰਨੀ ਰਕਮ ਦੀ ਲੋੜ ਹੁੰਦੀ ਹੈ, ਉਸ ਤੋਂ ਕਿਤੇ ਜ਼ਿਆਦਾ ਰਕਮ ਦਾ ਕਰਜ਼ ਲੈ ਲੈਂਦੀਆਂ ਹਨ। ਪ੍ਰਾਜੈਕਟ ਨੂੰ ਵੱਖੋ-ਵੱਖ ਕੰਪਨੀਆਂ ਵੱਲੋਂ ਅਮਲ ਵਿਚ ਲਿਆਂਦਾ ਜਾਂਦਾ ਹੈ ਜਿਨ੍ਹਾਂ ਵਿਚੋਂ ਕੁਝ ਪ੍ਰੋਮੋਟਰ ਨਾਲ ਜੁੜੀਆਂ ਹੁੰਦੀਆਂ ਹਨ। ਪੈਸੇ ਦੀ ਹੇਰਾਫੇਰੀ ਇਨ੍ਹਾਂ ਰਾਹੀਂ ਹੀ ਕੀਤੀ ਜਾਂਦੀ ਹੈ; ਜਾਂ ਫਿਰ ਜਦੋਂ ਕੰਪਨੀਆਂ ਵੱਲੋਂ ਦੂਜੀਆਂ ਕੰਪਨੀਆਂ ਨੂੰ ਖ਼ਰੀਦਿਆ ਜਾਂਦਾ ਹੈ ਤਾਂ ਵਿਕਰੇਤਾ ਬੜੀ ਖੁਲ੍ਹਦਿਲੀ ਨਾਲ ਅਦਾਇਗੀ ਦਾ ਇਕ ਹਿੱਸਾ, ਖ਼ਰੀਦਣ ਵਾਲੀ ਕੰਪਨੀ ਦੇ ਪ੍ਰੋਮੋਟਰ ਵੱਲੋਂ ਦੱਸੇ ਕਿਸੇ ਵਿਦੇਸ਼ੀ ਬੈਂਕ ਦੇ ਖ਼ਾਤੇ ਵਿਚ ਪਹੁੰਚਾ ਦਿੰਦਾ ਹੈ। ਹਕੀਕਤ ਵਿਚ ਖ਼ਰੀਦਣ ਵਾਲੀ ਕੰਪਨੀ ਜ਼ਿਆਦਾ ਅਦਾਇਗੀ ਕਰਦੀ ਹੈ। ਜਦੋਂ ਵਧਾ ਕੇ ਦਿੱਤੀ ਗਈ ਪ੍ਰਾਜੈਕਟ ਲਾਗਤ ਨੂੰ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ ਅਤੇ ਲੋੜ ਨਾਲੋਂ ਜ਼ਿਆਦਾ ਕਰਜ਼ ਵੰਡ ਦਿੱਤੇ ਜਾਂਦੇ ਹਨ ਤਾਂ ਸੰਭਾਵੀ ਗੜਬੜ ਲਈ ਜ਼ਮੀਨ ਤਿਆਰ ਹੋ ਜਾਂਦੀ ਹੈ। ਜਿਸ ਪ੍ਰਾਜੈਕਟ ਲਈ ਕਰਜ਼ ਲਿਆ ਗਿਆ ਸੀ, ਉਸ ਵੱਲੋਂ ਨਕਦੀ ਪੈਦਾ ਕਰਨਾ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਉਸ ਵਾਸਤੇ ਹਾਸਲ ਕੀਤੇ ਗਏ ਵਾਧੂ ਕਰਜ਼ ਦੀ ਅਦਾਇਗੀ ਵਾਸਤੇ ਪ੍ਰੋਮੋਟਰ ਹੋਰ ਕਈ ਪ੍ਰਾਜੈਕਟ ਚਾਲੂ ਕਰ ਦਿੰਦਾ ਹੈ ਤੇ ਉਨ੍ਹਾਂ ਸਾਰਿਆਂ ਲਈ ਕਰਜ਼ ਲੈ ਲੈਂਦਾ ਹੈ। ਫਿਰ ਉਸ ਕਰਜ਼ ਦੇ ਇਕ ਹਿੱਸੇ ਦਾ ਇਸਤੇਮਾਲ ਮੂਲ ਕਰਜ਼ ਦੀ ਅਦਾਇਗੀ ਲਈ ਕੀਤਾ ਜਾਂਦਾ ਹੈ। ਜੇ ਸਾਰਾ ਕੁਝ ਮਿਥੇ ਮੁਤਾਬਕ ਚੱਲਦਾ ਹੈ ਤਾਂ ਸਾਰੇ ਪ੍ਰਾਜੈਕਟ ਮੁਕੰਮਲ ਕਰ ਲਏ ਜਾਂਦੇ ਹਨ ਤੇ ਸਾਰੇ ਕਰਜ਼ ਨਬਿੜ ਦਿੱਤੇ ਜਾਂਦੇ ਹਨ। ਜੇ ਅਜਿਹਾ ਨਹੀਂ ਹੁੰਦਾ ਤਾਂ ਬਸ ਕਰਜ਼ ਗੜਬੜਾ ਜਾਂਦੇ ਹਨ ਅਤੇ ਇਸ ਦੇ ਸਿੱਟੇ ਵਜੋਂ ਬੈਂਕਾਂ ਦੇ ਵੱਟੇ ਖ਼ਾਤੇ ਪਏ ਕਰਜ਼ਿਆਂ (ਐੱਨਪੀਏ) ਦਾ ਭਾਰ ਵਧ ਜਾਂਦਾ ਹੈ।

ਭਾਰਤ ਵਿਚ ਸਿਆਸੀ ਫੰਡਿੰਗ ਵਿਚ ਕੋਈ ਸੁਧਾਰ ਨਹੀਂ ਹੋਇਆ। ਇਹ ਸਾਰੇ ਸਰਮਾਏਦਾਰਾਂ ਨੂੰ ਘੱਟ ਜਾਂ ਵੱਧ ਪੱਧਰ ਤੱਕ ਕਰੋਨੀ ਪੂੰਜੀਵਾਦੀ (ਸਿਸਟਮ ਨਾਲ ਮਿਲੀਭੁਗਤ ਰਾਹੀਂ ਚੱਲਣ ਵਾਲੇ ਸਰਮਾਏਦਾਰ) ਬਣਾ ਲੈਂਦੀ ਹੈ। ਨਾਲ ਹੀ ਇਹ ਦੁਨੀਆ ਦੇ ਹੋਰ ਹਿੱਸਿਆਂ ਵਾਂਗ ਹੀ ਭਾਰਤ ਵਿਚ ਵੀ ਭ੍ਰਿਸ਼ਟਾਚਾਰ ਨੂੰ ਮੌਕਾਪ੍ਰਸਤ ਦੀ ਥਾਂ ਸਿਲਸਿਲੇਵਾਰ ਬਣਾ ਦਿੰਦੀ ਹੈ। ਭਾਰਤੀ ਲੋਕਤੰਤਰ ਭ੍ਰਿਸ਼ਟਾਚਾਰ ਦੀ ਕਮਾਈ ਉਤੇ ਚੱਲਦਾ ਹੈ।

ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਵੱਲੋਂ ਹਾਲ ਹੀ ਵਿਚ ਜਾਰੀ ਵਿੱਤੀ ਸਥਿਰਤਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੁੱਲ ਤੇ ਸ਼ੁੱਧ ਐੱਨਪੀਏ ਤੇਜ਼ੀ ਨਾਲ ਘਟੇ ਹਨ ਅਤੇ ਪੂੰਜੀ ਤੋਂ ਜੋਖ਼ਮ ਸੰਪਤੀ ਅਨੁਪਾਤ 17 ਫ਼ੀਸਦੀ ਤੋਂ ਵੱਧ ਹੈ ਜਿਸ ਨਾਲ ਡੁੱਬੇ (ਅਣਮੁੜੇ) ਕਰਜ਼ਿਆਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸਿੱਟਾ ਇਹ ਕੱਢਿਆ ਹੈ ਕਿ ਭਾਰਤੀ ਵਿੱਤੀ ਪ੍ਰਬੰਧ ਮੁਕਾਬਲਤਨ ਮਜ਼ਬੂਤ ਹੈ ਜਿਸ ਨੂੰ ਮੁੱਖ ਖ਼ਤਰਾ ਭਾਰਤ ਤੋਂ ਬਾਹਰੋਂ ਹੋਣ ਵਾਲੀ ਵਿੱਤੀ ਅਸਥਿਰਤਾ ਕਾਰਨ ਆਉਂਦਾ ਹੈ। ਇਹ ਦਲੀਲ ਇਸ ਤੱਥ ਨੂੰ ਨਜ਼ਰਅੰਦਾਜ਼ ਕਰਦੀ ਹੈ ਕਿ ਰਸਮੀ ਵਿੱਤੀ ਸੈਕਟਰ ਛੋਟੇ ਤੇ ਦਰਮਿਆਨੇ ਉੱਦਮਾਂ ਨੂੰ ਕਰਜ਼ ਨਹੀਂ ਦਿੰਦਾ ਜਿਹੜੇ ਆਪਣੀਆਂ ਕਰਜ਼ ਲੋੜਾਂ ਦਾ ਵੱਧ ਤੋਂ ਵੱਧ 25 ਫ਼ੀਸਦੀ ਬੈਂਕਾਂ ਤੋਂ ਲੈਂਦੇ ਹਨ। ਉਨ੍ਹਾਂ ਨੂੰ ਬਾਕੀ ਕਰਜ਼ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਜਾਂ ਗ਼ੈਰ-ਰਸਮੀ ਚੈਨਲਾਂ ਤੋਂ ਮਿਲਦਾ ਹੈ; ਜਿਵੇਂ ਚਾਰਟਰਡ ਅਕਾਊਂਟੈਂਟਾਂ ਤੋਂ ਜਿਹੜੇ ਸਿਆਸਤਦਾਨਾਂ ਤੇ ਉਨ੍ਹਾਂ ਨੂੰ ਵਿੱਤ ਮੁਹੱਈਆ ਕਰਨ ਵਾਲਿਆਂ ਦੀ ਦੌਲਤ ਦੇ ਭੰਡਾਰਾਂ ਦਾ ਹਿਸਾਬ-ਕਿਤਾਬ ਦੇਖਦੇ ਹਨ।

ਨਿਜੀ ਬੁਨਿਆਦੀ ਢਾਂਚਾ ਨਿਵੇਸ਼ ਮਹਾਮਾਰੀ ਤੋਂ ਬਾਅਦ ਢਹਿ ਢੇਰੀ ਹੋ ਗਿਆ ਹੈ ਕਿਉਂਕਿ ਨਿਜੀ ਬੁਨਿਆਦੀ ਢਾਂਚਾ ਡਿਵੈਲਪਰਾਂ ਨੂੰ ਕੋਈ ਵੀ ਕਰਜ਼ ਨਹੀਂ ਦੇ ਰਿਹਾ। ਆਈਐੱਲ ਐਂਡ ਐੱਫਐੱਸ, ਦੀਵਾਨ ਹਾਊਸਿੰਗ ਅਤੇ ਇਨ੍ਹਾਂ ਨਾਲ ਸਬੰਧਿਤ ਧੋਖਾਧੜੀਆਂ ਸਾਹਮਣੇ ਆਉਣ ਤੋਂ ਬਾਅਦ ਆਰਬੀਆਈ ਨੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਲਈ ਕਰਜ਼ ਦੇਣ ਵਾਲੇ ਗ਼ੈਰ-ਬੈਂਕਿੰਗ ਬੁਨਿਆਦੀ ਢਾਂਚਾ ਅਦਾਰਿਆਂ (ਐੱਨਬੀਐੱਫਸੀਜ਼) ਦਾ ਸ਼ਿਕੰਜਾ ਕਸ ਦਿੱਤਾ ਹੈ। ਹੁਣ ਬੁਨਿਆਦੀ ਢਾਂਚੇ ਲਈ ਕਰਜ਼ ਦੇਣ ਵਾਲਿਆਂ ਨੂੰ ਛੱਡ ਕੇ ਸ਼ਾਇਦ ਹੀ ਕੋਈ ਨਿਜੀ ਬੁਨਿਆਦੀ ਢਾਂਚਾ ਨਿਵੇਸ਼ ਹੋ ਰਿਹਾ ਹੋਵੇ।

# ਹਰਿਆਣਾ ਸਰਹੱਦ ’ਤੇ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ’ਚ ਲੰਗਰ ਵਰਤਾਉਣ ਪੁੱਜੀ ਸ਼੍ਰੋਮਣੀ ਕਮੇਟੀ

## ਸਮਾਣਾ ਖੇਤਰ ਦੇ ਅੱਧੀ ਦਰਜਨ ਪਿੰਡਾਂ ’ਚ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਸੰਭਾਲਿਆ ਮੋਰਚਾ

**ਪਟਿਆਲਾ,**
**-ਰੋਜ਼ਾਨਾ ਸਵੇਰਾ ਬਿਊਰੋ-**





ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਤੋਂ ਮੈਨੇਜਰ ਕਰਨੈਲ ਸਿੰਘ ਸਮਾਣਾ ਦੇ ਪ੍ਰਭਾਵਤ ਇਲਾਕੇ ਲਈ ਲੰਗਰ ਸਮੇਤ ਮੁਲਾਜ਼ਮਾਂ ਨੂੰ ਰਵਾਨਾ ਕਰਦੇ ਹੋਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ’ਚ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਲੋੜਵੰਦਾਂ ਤੱਕ ਲੰਗਰ ਵਰਤਾਉਣ ਦੀ ਮੁਹਿੰਮ ਤੇਜ਼ ਕਰ ਦਿੱਤੀ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਆਦੇਸ਼ਾਂ ’ਤੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਅਤੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਸ਼੍ਰੋਮਣੀ ਕਮੇਟੀ ਮੁਲਾਜਮਾਂ ਦੀ ਟੀਮ ਨੇ ਹਰਿਆਣਾ ਸਰਹੱਦ ਦੇ ਹੜ੍ਹ ਪ੍ਰਭਾਵਤ ਅੱਧੀ ਦਰਜਨ ਪਿੰਡਾਂ ਵਿਚ ਮੋਰਚਾ ਸੰਭਾਲਿਆ ਅਤੇ ਲੰਗਰ ਵਰਤਾਉਣ ਦੀ ਮੁਹਿੰਮ ਸ਼ੁਰੂ ਕੀਤੀ। ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਸਮੇਤ ਜਥੇਦਾਰ ਜਸਮੇਰ ਸਿੰਘ ਲਾਛੜੂ ਅਤੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਆਪਣੀ ਹੱਥੀਂ ਲੰਗਰ ਵਰਤਾਇਆ।

ਇਸ ਮੌਕੇ ਗੱਲਬਾਤ ਕਰਦਿਆਂ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਨੇ ਕਿਹਾ ਕਿ ਗੁਰਬਾਣੀ ਫਲਸਫੇ ਅਨੁਸਾਰ ਸਰਬੱਤ ਦਾ ਭੋਲਾ ਲੋਚਦਿਆਂ ਹਰਿਆਣਾ ਸਰਹੱਦ ਦੇ ਹੜ੍ਹਾਂ ਦੀ ਮਾਰ ਝੱਲ ਰਹੇ ਪਿੰਡਾਂ ਮੋਹਲਗੜ੍ਹ, ਧਗੜੋਈ, ਰੱਤਾ ਖੇੜਾ, ਖਾਲਾ, ਮਹਿਤਾਬਗੜ੍ਹ, ਬਹਿਰੂ ਖੁਰਦ, ਬਹਿਰੂ ਕਲਾਂ, ਭੂਨੀ, ਟਾਂਗਰੀ ਆਦਿ ਵਿਖੇ ਲੋੜਵੰਦਾਂ ਤੱਕ ਲੰਗਰ ਵਰਤਾਇਆ। ਉਨ੍ਹਾਂ ਦੱਸਿਆ ਕਿ ਲੰਗਰ ਦੇ ਨਾਲ ਨਾਲ ਦੁੱਧ ਦੇ ਪੇਕਟ, ਪਿਊਰਿਫਾਈ ਪਾਣੀ ਅਤੇ ਪੈਕਿੰਗ ਕਰਕੇ ਵੀ ਦਾਲਾ ਪ੍ਰਸ਼ਾਦਾ ਵੰਡਿਆ ਜਾ ਰਿਹਾ ਹੈ। ਜਥੇਦਾਰ ਕਰਤਾਰਪੁਰ ਨੇ ਕਿਹਾ ਕਿ ਹਰਿਆਣਾ ਸਰਹੱਦ ’ਤੇ ਲੰਘਦੀ ਨਹਿਰ ਵਿਚ ਪਾੜ੍ਹ ਪੈਣ ਕਾਰਨ ਪਾਣੀ ਦੇ ਤੇਜ਼ ਵਹਾਅ ਨੇ ਕਈ ਪਿੰਡਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ, ਜਿਸ ਤੋਂ ਬਾਅਦ ਪਿੰਡ ਵਾਸੀਆਂ ਨੇ ਸ਼੍ਰੋਮਣੀ ਕਮੇਟੀ ਤੱਕ ਪਹੁੰਚ ਕੀਤੀ ਤਾਂ ਜਾਤ ਪਾਤ, ਨਸਲ, ਧਰਮ ਤੋਂ ਉਪਰ ਉਠ ਕੇ ਲੋਕਾਂ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਪਹੁੰਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਕੰਮ ਸਾਡੀਆਂ ਚੁਣੀਆਂ ਹੋਈਆਂ ਸਰਕਾਰਾਂ ਨੇ ਕਰ ਸਕੀਆਂ ਉਨ੍ਹਾਂ ਕਾਰਜਾਂ ਨੂੰ ਸ਼੍ਰੋਮਣੀ ਕਮੇਟੀ ਪਹਿਲ ਦੇ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਕਰਨੈਲ ਸਿੰਘ, ਸਿਆਸੀ ਸਲਾਹਕਾਰ ਜਗਜੀਤ ਸਿੰਘ ਕੋਹਲੀ, ਮੀਤ ਮੈਨੇਜਰ ਜਰਨੈਲ ਸਿੰਘ ਮਕਰੌੜ ਸਾਹਿਬ, ਭਾਗ ਸਿੰਘ ਚੌਹਾਨ, ਮਨਦੀਪ ਸਿੰਘ, ਅਕਾਊਂਟੈਂਟ ਵਰਿੰਦਰ ਸਿੰਘ ਗੋਲਡੀ, ਸਰਬਜੀਤ ਸਿੰਘ, ਹਰਵਿੰਦਰ ਸਿੰਘ ਕਾਹਲਵਾਂ, ਗੁਰਤੇਜ ਸਿੰਘ, ਮਨਜੀਤ ਸਿੰਘ, ਜਸਵਿੰਦਰ ਸਿੰਘ ਬਿੱਲਾ, ਜਸਦੀਪ ਸਿੰਘ ਰਾਮਗੜ੍ਹ, ਮੁਲਤਾਨੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

**ਸਮਾਣਾ ਖੇਤਰ ਦੇ ਅੱਧੀ ਦਰਜਨ ਪਿੰਡਾਂ ’ਚ ਲੰਗਰ ਸੇਵਾ ਲਈ ਸ਼੍ਰੋਮਣੀ ਕਮੇਟੀ ਮੁਲਾਜ਼ਮ ਰਵਾਨਾ**

ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਤੋਂ ਮੈਨੇਜਰ ਕਰਨੈਲ ਸਿੰਘ ਵਿਰਕ ਦੀ ਯੋਗ ਅਗਵਾਈ ਵਿਚ ਅੱਜ ਸਮਾਣਾ ਖੇਤਰ ਦੇ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਲੰਗਰ ਪਹੁੰਚਾਉਣ ਦੀ ਪੁੱਜੀ ਮੰਗ ਦੇ ਚੱਲਦਿਆਂ 1000 ਦੇ ਕਰੀਬ ਵਿਅਕਤੀਆਂ ਦਾ ਲੰਗਰ ਲੈ ਕੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਪੁੱਜੇ, ਜਿਨਾਂ ਨੂੰ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਤੋਂ ਰਵਾਨਾ ਕੀਤਾ ਗਿਆ। ਮੈਨੇਜਰ ਕਰਨੈਲ ਸਿੰਘ ਵਿਰਕ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਆਦੇਸ਼ਾਂ ਤੋਂ ਬਾਅਦ ਵੱਖ ਵੱਖ ਥਾਵਾਂ ’ਤੇ ਲੰਗਰ ਸੇਵਾਵਾਂ ਨਿਰਵਿਘਨ ਜਾਰੀ ਹਨ। ਉਨ੍ਹਾਂ ਦੱਸਿਆ ਕਿ ਲੰਗਰ ਸੇਵਾਵਾਂ ਦੇ ਨਾਲ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵੱਲ੍ਹਾ ਵੱਲੋਂ ਜ਼ਰੂਰਤਮੰਦਾਂ ਨੂੰ ਮੈਡੀਕਲ ਸਿਹਤ ਸੇਵਾਵਾਂ ਦੀ ਟੀਮ ਵੀ ਘਨੌਰ, ਸਨੌਰ ਸਮੇਤ ਪਟਿਆਲਾ ਦੇ ਕਈ ਪਿੰਡਾਂ ਵਿਚ ਜਾ ਕੇ ਸਿਹਤ ਜਾਂਚ ਕੈਂਪ ਤਹਿਤ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਡਾਕਟਰਾਂ ਦੀ ਟੀਮ ਵਿ ਚ ਡਾ. ਜਸਕਿਰਤ ਸਿੰਘ ਸਰਜਰੀ, ਡਾਕਟਰ ਪੰਕਜ ਜੱਸਲ ਮੈਡੀਸਨ ਆਰਥੋਪੈਡਿਕ ਆਦਿ ਟੀਮ ਸਮੇਤ ਪਿੰਡ ਵਾਸੀਆਂ ਨੂੰ ਮੁਫ਼ਤ ਦਵਾਈਆਂ ਦੇ ਕੇ ਇਲਾਜ ਵੀ ਕਰ ਰਹੇ ਹਨ।

# ਹੜ੍ਹ ਪ੍ਰਭਾਵਿਤ ਇਲਾਕਿਆਂ ’ਚ ਬਿਮਾਰੀਆਂ ਤੋਂ ਬਚਾਅ ਲਈ ਖੜ੍ਹੇ ਪਾਣੀ ’ਤੇ ਕਰਵਾਈ ਜਾ ਰਹੀ ਹੈ ਲਾਰਵੀਸਾਈਡ ਦਵਾਈ ਦੀ ਸਪਰੇਅ : ਸਿਵਲ ਸਰਜਨ

**ਪਟਿਆਲਾ,**
**-ਰੋਜ਼ਾਨਾ ਸਵੇਰਾ ਬਿਊਰੋ-**



ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਬਰਸਾਤੀ ਮੌਸਮ ਅਤੇ ਹੜ੍ਹਾਂ ਦੀ ਸਥਿਤੀ ਕਾਰਨ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਨੂੰ ਲੋੜੀਂਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਪਾਣੀ ਤੋ ਫੈਲਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਜਾਗਰੂਕਤਾ ਪ੍ਰੋਗਰਾਮ ਚਲਾਏ ਜਾ ਰਹੇ ਹਨ। ਸਿਵਲ ਸਰਜਨ ਡਾ. ਰਮਿੰਦਰ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸ਼ਹਿਰ ਦੀ ਅਰਬਨ ਅਸਟੇਟ ਫੇਸ-2, ਫਰੈਂਡਜ਼ ਕਲੋਨੀ, ਐਲ ਆਈ ਜੀ ਫਲੈਟ, ਤੇਜ਼ ਬਾਗ ਕਲੋਨੀ ਮਸਜਿਦ ਦੇ ਨਜ਼ਦੀਕੀ ਏਰੀਆ, ਗੋਪਾਲ ਕਲੋਨੀ ਦੇ ਪਿਛਲੇ ਪਾਸੇ ਸਨੌਰ ਰੋਡ ਪਟਿਆਲਾ ਆਦਿ ਵਿੱਚ ਡੇਂਗੂ ਲਾਰਵੇ ਦੀ ਜਾਂਚ ਲਈ ਪਾਣੀ ਦੇ ਖੜ੍ਹੇ ਸਰੋਤਾਂ ਦੀ ਚੈਕਿੰਗ ਕੀਤੀ ਅਤੇ ਲਾਰਵੀਸਾਈਡ ਸਪਰੇਅ ਕੀਤੀ ਗਈ।

ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਅਤੇ ਡਾ. ਦਿਵਜੋਤ ਸਿੰਘ ਵੱਲੋਂ ਟੀਮ ਸਮੇਤ ਤੇਜ਼ ਬਾਗ ਕਲੋਨੀ ਮਸਜਿਦ ਦੇ ਨਜ਼ਦੀਕੀ ਏਰੀਆ, ਗੋਪਾਲ ਕਲੋਨੀ ਦੇ ਪਿਛਲੇ ਪਾਸੇ ਸਨੌਰ ਰੋਡ ਪਟਿਆਲਾ ਵਿਖੇ ਲੋਕਾਂ ਨੂੰ ਡੇਂਗੂ, ਮਲੇਰੀਆ, ਟਾਈਫ਼ਾਈਡ ਅਤੇ ਪੀਲੀਆ ਆਦਿ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕ ਕੀਤਾ ਅਤੇ ਇਕੱਤਰ ਲੋਕਾਂ ਨੂੰ ਮੱਛਰ ਭਜਾਊ ਕਰੀਮਾਂ, ਕਲੋਰੀਨ ਦੀਆਂ ਗੋਲੀਆਂ ਅਤੇ ਮਲਟੀ ਵਿਟਾਮਿਨ ਦਵਾਈਆਂ ਵੀ ਵੰਡੀਆਂ ਗਈਆਂ। ਸਿਵਲ ਸਰਜਨ ਡਾ. ਰਮਿੰਦਰ ਕੌਰ ਨੇ ਦੱਸਿਆ ਕਿ ਮੁਹਿੰਮ ਤਹਿਤ ਸਿਹਤ ਟੀਮਾਂ ਵੱਲੋਂ ਜ਼ਿਲ੍ਹੇ ਦੇ 38604 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 594 ਥਾਂਵਾਂ ਤੇ ਮਿਲਿਆ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਅਤੇ 5 ਵਿਅਕਤੀਆਂ ਦੇ ਚਲਾਨ ਵੀ ਕੀਤੇ ਗਏ।

ਉਹਨਾਂ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਖ਼ੁਸ਼ਕ ਦਿਵਸ ਮੁਹਿੰਮ ਤਹਿਤ 3 ਲੱਖ ਤੋਂ ਵੱਧ ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ ਅਤੇ ਇਹ ਗਤੀਵਿਧੀਆਂ ਲਗਾਤਾਰ ਜਾਰੀ ਹਨ। ਉਹਨਾਂ ਕਿਹਾ ਕਿ ਭਾਵੇਂ ਇਸ ਸੀਜ਼ਨ ਦੌਰਾਨ ਜ਼ਿਲ੍ਹੇ ਵਿੱਚ ਹੁਣ ਤੱਕ 05 ਡੇਂਗੂ ਦੇ ਕੇਸ ਰਿਪੋਰਟ ਹੋਏ ਹਨ। ਪ੍ਰੰਤੂ ਬੀਤੇ ਦਿਨਾਂ ਤੋਂ ਹੜ੍ਹਾਂ ਦੀ ਸਥਿਤੀ ਕਾਰਨ ਪ੍ਰਭਾਵਿਤ ਥਾਂਵਾਂ ਉੱਤੇ ਅਤੇ ਘਰਾਂ ਵਿੱਚ ਪਏ ਟੁੱਟੇ ਫ਼ੁੱਟੇ ਬਰਤਨਾਂ ਵਿੱਚ ਪਾਣੀ ਇਕੱਠਾ ਅਤੇ ਹਵਾ ਵਿੱਚ ਨਮੀ ਹੋਣ ਕਾਰਨ ਮੱਛਰਾਂ ਦੀ ਪੈਦਾਇਸ਼ ਲਈ ਅਨੁਕੂਲ ਵਾਤਾਵਰਣ ਹੋਣ ਕਾਰਨ ਮੱਛਰਾਂ ਦੀ ਪੈਦਾਇਸ਼ ਦਾ ਵਧਣਾ ਲਾਜ਼ਮੀ ਹੈ।

ਜ਼ਿਲ੍ਹਾ ਐਪੀਡੋਲੋਜਿਸਟ ਡਾ. ਸੁਮੀਤ ਸਿੰਘ ਨੇ ਕਿਹਾ ਕਿਸੇ ਕਿਸਮ ਦਾ ਬੁਖ਼ਾਰ ਹੋਣ ਜਾਂਚ ਯਕੀਨੀ ਬਣਾਈ ਜਾਵੇ ਜੋ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਉਪਲਬਧ ਹੈ ਅਤੇ ਬੁਖ਼ਾਰ ਹੋਣ ਦੀ ਸੂਰਤ ਵਿੱਚ ਪੈਰਾਸੀਟਾਮੋਲ ਦੀ ਗੋਲੀ ਹੀ ਲਈ ਜਾਵੇ ਅਤੇ ਹੋਰ ਦਵਾਈ ਡਾਕਟਰੀ ਸਲਾਹ ਨਾਲ ਹੀ ਲਈ ਜਾਵੇ। ਸਿਹਤ ਵਿਭਾਗ ਵੱਲੋਂ ਬਰਸਾਤੀ ਮੌਸਮ ਅਤੇ ਹੜ੍ਹਾਂ ਦੀ ਸਥਿਤੀ ਕਾਰਨ ਪ੍ਰਭਾਵਿਤ ਇਲਾਕਿਆਂ ਵਿੱਚ ਹੜ੍ਹ ਪੀੜਤਾਂ ਨੂੰ ਜ਼ਰੂਰਤ ਮੁਤਾਬਕ ਦਵਾਈਆਂ, ਮੱਛਰ ਭਜਾਊ ਕਰੀਮਾਂ ਅਤੇ ਕਲੋਰੀਨ ਦੀਆਂ ਗੋਲੀਆਂ ਵੱਖ ਵੱਖ ਖੇਤਰਾਂ ਵਿਚ ਟੀਮਾਂ ਵੱਲੋਂ ਜਾ ਕੇ ਵੰਡੀਆਂ ਗਈਆਂ ਹਨ। ਇਸ ਤੋ ਇਲਾਵਾ ਲੋਕਾਂ ਨੂੰ ਨਜ਼ਦੀਕ ਹੀ ਲੋੜੀਂਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਰਿਲੀਫ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ।

## ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਦੀ ਮਦਦ ਲਈ ਹਰਮੀਤ ਸਿੰਘ ਪਠਾਣਮਾਜਰਾ ਨਿਰੰਤਰ ਕਾਰਜਸ਼ੀਲ

# ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ’ਚ ਪੰਜਾਬ ਸਰਕਾਰ ਮੁਸ਼ਕਲ ਦੀ ਘੜੀ ’ਚ ਲੋਕਾਂ ਦੇ ਨਾਲ ਖੜ੍ਹੀ : ਹਰਮੀਤ ਸਿੰਘ ਪਠਾਣਮਾਜਰਾ

**ਦੇਵੀਗੜ੍ਹ/ਸਨੌਰ/ਭੁਨਰਹੇੜੀ**
**-ਰੋਜ਼ਾਨਾ ਸਵੇਰਾ ਬਿਊਰੋ-**



ਸਨੌਰ ਹਲਕੇ ਦੇ ਹੜ੍ਹਾਂ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਆਪਣੀ ਪੂਰੀ ਟੀਮ ਨਾਲ ਨਿਰੰਤਰ ਕਾਰਜਸ਼ੀਲ ਹਨ ਤੇ ਪ੍ਰਭਾਵਿਤ ਲੋਕਾਂ ਲਈ ਚਲਾਏ ਜਾ ਰਹੇ ਰਾਹਤ ਦੇ ਬਚਾਅ ਕਾਰਜਾਂ ਦੀ ਅਗਵਾਈ ਕਰ ਰਹੇ ਹਨ। ਅੱਜ ਉਨ੍ਹਾਂ ਬਹਾਦਰਗੜ੍ਹ, ਦੌੜ ਕਲਾ, ਆਲਮਪੁਰ, ਕੌਲੀ, ਨਿੰਮ ਸਾਹਿਬ ਵਾਲੇ ਟੁਟੇ ਪੁਲ, ਚਮਾਰਹੇੜੀ ਤੇ ਮਿਠੂਮਾਜਰਾ ਦੀਆਂ ਪਾਣੀ ਨਾਲ ਟੁਟੀਆਂ ਸੜਕਾਂ, ਰਾਏਪੁਰ ਮੰਡਲਾ, ਰਾਠੀਆ, ਸਨੌਰ ਤੇ ਰਿਸ਼ੀ ਕਲੋਨੀ ਦਾ ਦੌਰਾ ਕੀਤਾ ਅਤੇ ਚੱਲ ਰਹੇ ਰਾਹਤ ਤੇ ਬਚਾਅ ਕਾਰਜਾਂ ਦਾ ਜਾਇਜਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਸਮਾਂ ਰਾਜਨੀਤੀ ਕਰਨ ਦਾ ਨਹੀਂ ਸਗੋਂ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਕਰਨ ਦਾ ਹੈ।

ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਕਿ ਸਨੌਰ ਹਲਕੇ ਦੇ ਜਿਹੜੇ ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਹਨ, ਉਥੇ ਹਰੇਕ ਸੰਭਵ ਮਦਦ ਪਹੁੰਚਾਈ ਜਾ ਰਹੀ ਹੈ ਤੇ ਮੁੱਖ ਮੰਤਰੀ ਸ. ਭਗਵੰਤ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਤਹਿਤ ਲੋਕਾਂ ਦੀ ਮਦਦ ਲਈ ਸਮੁੱਚਾ ਪ੍ਰਸ਼ਾਸਨ ਤੇ ਉਨ੍ਹਾਂ ਦੀ ਟੀਮ 24 ਘੰਟੇ ਕਾਰਜਸ਼ੀਲ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਸਮੱਸਿਆ ਹੈ ਤਾਂ ਲੋਕਾਂ ਉਨ੍ਹਾਂ ਨਾਲ ਜਾਂ ਫੇਰ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕਰਨ ਅਤੇ ਅਫ਼ਵਾਹਾਂ ਤੋਂ ਸੁਚੇਤ ਰਹਿਣ। ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਕਿ ਰਾਹਤ ਦੀ ਗੱਲ ਹੈ ਕਿ ਹੁਣ ਪਾਣੀ ਦਾ ਪੱਧਰ ਤੇਜੀ ਨਾਲ ਘੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪਾਣੀ ਵਾਪਸ ਮੁੜ ਰਿਹਾ ਹੈ ਪਰ ਇਸ ਤੋਂ ਬਾਅਦ ਬਿਮਾਰੀਆਂ ਫੈਲਣ ਦਾ ਖਦਸ਼ਾ ਰਹਿੰਦਾ ਹੈ ਇਸ ਲਈ ਸਿਹਤ ਵਿਭਾਗ ਵੱਲੋਂ ਜਾਰੀ ਕੀਤੀ ਐਡਵਾਈਜ਼ਰੀ ਦੀ ਪਾਲਣਾ ਜ਼ਰੂਰ ਕੀਤੀ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਮੁਸ਼ਕਲ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜੀ ਹੈ ਤੇ ਲੋਕਾਂ ਦੇ ਹੋਏ ਨੁਕਸਾਨ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਤਹਿਸੀਲਦਾਰ ਰਣਜੀਤ ਸਿੰਘ, ਯੂਥ ਪ੍ਰਧਾਨ ਅਮਰਦੀਪ ਸੰਘੇੜਾ, ਬਲਿਹਾਰ ਸਿੰਘ ਚੀਮਾਂ, ਜੱਗੀ ਸੰਘੇੜਾ, ਨਰਿੰਦਰ ਸਿੰਘ ਤੱਖਰ, ਜਰਨੈਲ ਸਿੰਘ ਰਾਜਪੂਤ, ਹਰਜੀਤ ਸਿੰਘ ਚਮਾਰਹੇੜੀ, ਕਾਲਾ ਪਨੋਂਦੀਆਂ, ਰਿੰਕੂ ਬਾਜਵਾ, ਸੱਜਣ ਸਿੰਘ, ਸੁਰ ਸਿੰਘ, ਬਲਜੀਤ ਸਿੰਘ, ਮਨਿੰਦਰ ਸਿੰਘ ਰਜਤ ਕਪੂਰ ਸਮੇਤ ਵੱਡੀ ਗਿਣਤੀ ਇਲਾਕਾ ਨਿਵਾਸੀ ਮੌਜੂਦ ਸਨ।

# ਬੋਲੀਦਾਤਾਵਾਂ ਨਾਲ ਨੋਗੋਸ਼ਿਏਬਲ ਤੋਂ ਬਾਅਦ ਦਰਾਂ ਤੈਅ ਕਰਕੇ ਲਗਭਗ 15.47 ਕਰੋੜ ਰੁਪਏ ਦੀ ਬਚਤ ਕੀਤੀ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੀ ਪ੍ਰਧਾਨਗੀ ਹੇਠ ਹੋਈ ਉੱਚ ਅਧਿਕਾਰ ਪ੍ਰਾਪਤ ਖਰੀਦ ਕਮੇਟੀ (ਐਚ.ਪੀ.ਪੀ.ਸੀ.) ਅਤੇ ਹਾਈ ਪਾਵਰ ਵਰਕਸ ਪਰਚੇਚ ਕਮੇਟੀ (ਐਚਪੀਡਬਲਯੂਪੀਸੀ) ਦੀ ਮੀਟਿੰਗ ਵਿਚ ਲਗਭਗ 620.88 ਕਰੋੜ ਰੁਪਏ ਦੀ ਖਰੀਦ ਤੇ ਕੰਟਰੈਕਟ ਨੂੰ ਪ੍ਰਵਾਨਗੀ ਦਿੱਤੀ ਗਈ। ਮੀਟਿੰਗ ਵਿਚ ਵੱਖ-ਵੱਖ ਬੋਲੀਦਾਤਾਵਾਂ ਨਾਲ ਨੋਗੋਸ਼ਿਏਬਲ ਤੋਂ ਬਾਅਦ ਦਰਾਂ ਤੈਅ ਕਰਕੇ ਲਗਭਗ 15.47 ਕਰੋੜ ਰੁਪਏ ਦੀ ਬਚਤ ਕੀਤੀ ਗਈ ਹੈ। ਮੀਟਿੰਗ ਵਿਚ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਜੇ.ਪੀ.ਦਲਾਲ, ਊਰਜਾ ਮੰਤਰੀ ਰਣਜੀਤ ਸਿੰਘ, ਟਰਾਂਸਪੋਰਟ ਮੰਤਰੀ ਮੂਲਚੰਦ ਸ਼ਰਮਾ ਅਤੇ ਮਾਲ ਤੇ ਆਪਦਾ ਪ੍ਰਬੰਧਨ ਰਾਜ ਮੰਤਰੀ ਅਨੂਪ ਧਾਨਕ ਵੀ ਹਾਜਿਰ ਸਨ।

ਹਾਈ ਪਾਵਰ ਪਰਚੇਜ ਕਮੇਟੀ ਵਿਚ ਸਿੰਚਾਈ, ਹਰਿਆਣਾ ਬਿਜਲੀ ਵੰਡ ਨਿਗਮ ਲਿਮਟਿਡ ਅਤੇ ਉੱਤਰ ਹਰਿਆਣਾ ਬਿਜਲੀ ਵੰਡ ਲਿਗਮ ਦੇ 10 ਏਜੰਡੇ ਅਤੇ ਹਾਈ ਪਾਵਰ ਪਰਚੇਜ ਕਮੇਟੀ ਵਿਚ ਲੋਕ ਨਿਰਮਾਣ (ਭਵਨ ਤੇ ਸੜਕਾਂ) ਅਤੇ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ 4 ਏਜੰਡੇ ਰੱਖੇ ਗਏ ਅਤੇ ਸਾਰੇ ਏਜੰਡਿਆਂ ਨੂੰ ਪ੍ਰਵਾਨਗੀ ਦਿੱਤੀ ਗਈ।

ਮੀਟਿੰਗ ਵਿਚ ਮੰਜ਼ੂਰ ਕੀਤੇ ਗਏ ਕੰਟਰੈਕਟ ਤੇ ਖਰੀਦ ਪ੍ਰਕ੍ਰਿਆਵਾਂ ਵਿਚ ਜਿਲਾ ਸਿਰਸਾ ਵਿਚ ਸਿਰਸਾ-ਲੁਦੇਸਰ-ਭਾਦਰ ਰੋਡ ਨੂੰ ਮਜ਼ਬੂਤ ਕਰਨ, ਜਿਲਾ ਗੁਰੂਗ੍ਰਾਮ ਵਿਚ ਪੰਚਗਾਂਵ ਤੋਂ ਜਮਾਲਪੁਰ ਹੁੰਦੇ ਹੋਏ ਫਰੂਖਨਗਰ ਤਕ ਦੋ ਲੇਨ ਸੜਕ ਦਾ ਨਿਰਮਾਣ, ਅੰਬਾਲਾ ਸ਼ਹਿਰ ਵਿਚ 100 ਬਿਸਤਰੀਆਂ ਵਾਲੇ ਤਪੇਦਿਕ ਅਤੇ ਕਾਰਡੀਯੋਪਲਮੋਨਰੀ ਰੋਗ ਰਾਜ ਸੰਸਥਾਨ ਦਾ ਨਿਰਮਾਣ, ਹਾਂਸੀ ਟਾਊਨ, ਜਿਲਾ ਹਿਸਾਰ ਵਿਚ ਵਾਟਰ ਵਰਕਸ ਦਾ ਨਵੀਨੀਕਰਣ ਅਤੇ ਅਪਗ੍ਰੇਡੇਸ਼ਨ, ਪੁਰਾਣੇ ਵਾਟਰ ਵਰਕਸ ਦੀ ਮੁੰਰਮਤ ਅਤੇ 9 ਐਮਐਲਡੀ ਜਲ ਇਲਾਜ ਪਲਾਂਟ ਦਾ ਨਿਰਮਾਣ, 20 ਕੇਵੀਏ ਤੇ 10 ਕੇਵੀਏ ਡਿਸਟ੍ਰੀਬਿਊਸ਼ਨ ਟਰਾਂਸਫਾਰਮਰ ਦੀ ਖਰੀਦ, ਰੋਹਤਕ ਖੇਤਰ ਵਿਚ ਆਈਐਮਟੀ ਖਰਖੌਦਾ ਨਾਲ ਜੁੜੇ 220 ਕੇਵੀ ਟਰਾਂਸਮਿਸ਼ਨ ਲਾਇਨ ਦਾ ਨਿਰਮਾਣ, ਆਈਐਮਟੀ ਖਰਖੌਦਾ (ਪਾਕੇਟ ਏ) ਵਿਚ 220 ਕੇਵੀ ਸਬਸਟੇਸ਼ਨ ਤੇ ਆਈਐਮਟੀ ਖਰਖੌਦਾ (ਪਾਕੇਟ ਬੀ) ਸੋਨੀਪਤ ਵਿਚ 220 ਕੇਵੀ ਸਬ ਸਟੇਸ਼ਨ ਦਾ ਨਿਰਮਾਣ ਅਤੇ ਚਿੱਕਨਵਾਸ ਵਿਚ 220 ਕੇਵੀ ਸਬ ਸਟੇਸ਼ਟ ਦਾ ਨਿਰਮਾਣ ਕੰਮ ਸ਼ਾਮਿਲ ਹਨ। ਮੀਟਿੰਗ ਵਿਚ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਵਧੀਕ ਮੁੱਖ ਸਕੱਤਰ ਏ.ਕੇ.ਸਿੰਘ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ.ਉਮਾਸ਼ੰਕਰ ਤੋਂ ਇਲਾਵਾ ਸੀਨੀਅਰ ਅਧਿਕਾਰੀ ਹਾਜਿਰ ਸਨ।

# ਪੰਜਾਬ ਸਰਕਾਰ ਵੱਲੋਂ ਮੱਛੀ ਪਾਲਣ ਅਧੀਨ ਰਕਬਾ 20 ਹਜ਼ਾਰ ਹੈਕਟੇਅਰ ਤੱਕ ਵਧਾਉਣ ਦੀ ਯੋਜਨਾ

**ਬਠਿੰਡਾ,**
**-ਰੋਜ਼ਾਨਾ ਸਵੇਰਾ ਬਿਊਰੋ-**



ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਅਤੇ ਸੂਬੇ ਵਿੱਚ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੱਛੀ ਪਾਲਣ ਅਧੀਨ ਰਕਬੇ ਨੂੰ 16,812 ਹੈਕਟੇਅਰ ਤੋਂ ਵਧਾ ਕੇ 20,000 ਹੈਕਟੇਅਰ ਕਰਨ ਲਈ ਯਤਨਸ਼ੀਲ ਹੈ, ਜਿਸ ਨਾਲ ਸੂਬੇ ਦੇ ਮੱਛੀ ਉਤਪਾਦਨ ਵਿੱਚ 2 ਲੱਖ ਟਨ ਵਾਧਾ ਹੋਣ ਦੀ ਉਮੀਦ ਹੈ। ਇਹ ਐਲਾਨ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕੌਮੀ ਮੱਛੀ ਪਾਲਕ ਦਿਵਸ ਦੀ ਪੂਰਬਲੀ ਸ਼ਾਮ ਕੀਤਾ। ਇਹ ਦਿਵਸ ਪ੍ਰੋਫੈਸਰ ਡਾ. ਕੇ.ਐਚ. ਅਲੀਕੁਨ੍ਹੀ ਅਤੇ ਡਾ. ਹੀਰਾ ਲਾਲ ਚੌਧਰੀ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜਿਨ੍ਹਾਂ ਨੇ 10 ਜੁਲਾਈ, 1957 ਨੂੰ ਦੇਸ਼ ਵਿੱਚ ਪਹਿਲੀ ਵਾਰ ਮਨਸੂਈ ਢੰਗ ਨਾਲ ਕਾਰਪ ਮੱਛੀਆਂ ਦੇ ਸਫ਼ਲ ਪ੍ਰਜਨਨ ਵਿੱਚ ਯੋਗਦਾਨ ਪਾਇਆ ਸੀ। ਮੱਛੀ ਪਾਲਕਾਂ ਅਤੇ ਭਾਈਵਾਲਾਂ ਨੂੰ ਕੌਮੀ ਮੱਛੀ ਪਾਲਕ ਦਿਵਸ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਮੱਛੀ ਪੂੰਗ ਫਾਰਮ ਤੋਂ ਉਤਪਾਦਨ ਨੂੰ 20 ਕਰੋੜ ਤੋਂ ਵਧਾ ਕੇ ਆਉਣ ਵਾਲੇ ਸਾਲਾਂ ਵਿੱਚ 25 ਕਰੋੜ ਤੱਕ ਪਹੁੰਚਾਉਣ ਦੀ ਯੋਜਨਾ ਹੈ। ਕਿਸਾਨਾਂ ਨੂੰ ਆਪਣੀ ਆਮਦਨ ਵਿੱਚ ਵਾਧਾ ਕਰਨ ਲਈ ਮੱਛੀ ਪਾਲਣ ਦਾ ਧੰਦਾ ਅਪਣਾਉਣ ਦੀ ਅਪੀਲ ਕਰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਵੱਖ-ਵੱਖ ਪ੍ਰਾਜੈਕਟਾਂ ਲਈ 366 ਲਾਭਪਾਤਰੀਆਂ ਨੂੰ 20 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਗਈ ਹੈ। ਸੂਬੇ ਵਿੱਚ ਮੱਛੀ ਪਾਲਣ ਖੇਤਰ ਦੇ ਵਿਕਾਸ ਲਈ ਚੁੱਕੇ ਗਏ ਕਦਮਾਂ ਬਾਰੇ ਦੱਸਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜਲੰਧਰ ਜ਼ਿਲ੍ਹੇ ਵਿੱਚ ਸਬਸਿਡੀ ਆਧਾਰ ‘ਤੇ ਪ੍ਰਾਈਵੇਟ ਖੇਤਰ ਦੀ ਪਹਿਲੀ ਮੱਛੀ ਫੀਡ ਮਿੱਲ ਸਥਾਪਤ ਕਰਨ ਤੋਂ ਇਲਾਵਾ ਮੱਛੀਆਂ ਅਤੇ ਇਸ ਦੇ ਉਤਪਾਦਾਂ ਦੀ ਢੋਆ-ਢੁਆਈ ਲਈ ਸਬਸਿਡੀ ’ਤੇ ਇੰਸੂਲੇਟਿਡ ਵੈਨ ਵੀ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਮੱਛੀ ਪਾਲਕਾਂ ਦੀ ਸਹੂਲਤ ਲਈ 15 ਸਰਕਾਰੀ ਮੱਛੀ ਪੂੰਗ ਫਾਰਮ, 11 ਮੱਛੀ ਫੀਡ ਮਿੱਲਾਂ ਅਤੇ 7 ਮਿੱਟੀ ਅਤੇ ਪਾਣੀ ਪਰਖ ਲੈਬਾਂ ਹਨ। ਸਰਕਾਰ ਵੱਲੋਂ ਮੱਛੀ ਅਤੇ ਝੀਂਗਾ ਪਾਲਣ ਨੂੰ ਅਪਣਾਉਣ ਲਈ ਮੁਫ਼ਤ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੱਛੀ ਪਾਲਣ ਨਾਲ ਸਬੰਧਤ ਵੱਖ-ਵੱਖ ਪ੍ਰਾਜੈਕਟਾਂ ਜਿਵੇਂ ਮੱਛੀ ਅਤੇ ਝੀਂਗਾ ਦੇ ਨਵੇਂ ਤਾਲਾਬ, ਰੀ-ਸਰਕੂਲੇਟਰੀ ਐਕੁਆਕਲਚਰ ਸਿਸਟਮ, ਬਾਇਓ-ਫਲਾਕ ਕਲਚਰ ਸਿਸਟਮ, ਮੱਛੀ ਦੀਆਂ ਦੁਕਾਨਾਂ, ਮੱਛੀਆਂ ਦੀ ਢੋਆ-ਢੁਆਈ ਲਈ ਵਾਹਨ, ਕੋਲਡ ਸਟੋਰੇਜ ਆਦਿ ’ਤੇ 40 ਫੀਸਦ ਤੋਂ 60 ਫੀਸਦ ਸਬਸਿਡੀ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਰਾਹੀਂ ਨੌਜਵਾਨ ਪੀੜ੍ਹੀ ਨੂੰ ਸਵੈ-ਰੋਜ਼ਗਾਰ ਦੇ ਸਾਧਨ ਮੁਹੱਈਆ ਕਰਵਾਏ ਜਾ ਰਹੇ ਹਨ।

Onwer, Publisher and Editor by Ramanpreet Singh. Printer by Vinod Kumar and Printed at The Caseeno Printing Press W/C I.S Ltd, Old Gaushala Market Near Post Office, Shop no. 13, Rampura Phul. Published at Guru Nanak Pura Mohalla, Near Vishwash Mandir, Rampura Phul, Distt. Bathinda, Punjab (151103)
Editor : Ramanpreet Singh RNI T.Code: PUNPUN04267 Mobile. 9803298016 E-mail: rozanasavera@gmail.com (Monthly Rozana Savera)
ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਪ੍ਰਿੰਟਰ ਵਿਨੋਦ ਕੁਮਾਰ, ਦਾ ਕਸੀਨੋ ਪ੍ਰਿੰਟਿੰਗ ਪ੍ਰੈਸ, ਪੁਰਾਣੀ ਗਊਸ਼ਾਲਾ ਮਾਰਕਿਟ, ਨੇੜੇ ਪੋਸਟ ਆਫਿਸ, ਦੁਕਾਨ ਨੰ. 13 ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ: ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖਬਰਾਂ ਲਈ ਜ਼ਿੰਮੇਵਾਰ। ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

## ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਦੀ ਮਦਦ ਲਈ ਹਰਮੀਤ ਸਿੰਘ ਪਠਾਣਮਾਜਰਾ ਨਿਰੰਤਰ ਕਾਰਜਸ਼ੀਲ

# ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਮੁਸ਼ਕਲ ਦੀ ਘੜੀ 'ਚ ਲੋਕਾਂ ਦੇ ਨਾਲ ਖੜੀ : ਹਰਮੀਤ ਸਿੰਘ ਪਠਾਣਮਾਜਰਾ



**ਦੇਵੀਗੜ੍ਹ/ਸਨੌਰ/ਭੁਨਰਹੇੜੀ**
**-ਰੋਜ਼ਾਨਾ ਸਵੇਰਾ ਬਿਊਰੋ-**

ਸਨੌਰ ਹਲਕੇ ਦੇ ਹੜ੍ਹਾਂ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਆਪਣੀ ਪੂਰੀ ਟੀਮ ਨਾਲ ਨਿਰੰਤਰ ਕਾਰਜਸ਼ੀਲ ਹਨ ਤੇ ਪ੍ਰਭਾਵਿਤ ਲੋਕਾਂ ਲਈ ਚਲਾਏ ਜਾ ਰਹੇ ਰਾਹਤ ਦੇ ਬਚਾਅ ਕਾਰਜਾਂ ਦੀ ਅਗਵਾਈ ਕਰ ਰਹੇ ਹਨ। ਅੱਜ ਉਨ੍ਹਾਂ ਬਹਾਦਰਗੜ੍ਹ, ਦੌੜ ਕਲਾ, ਆਲਮਪੁਰ, ਕੌਲੀ, ਨਿੰਮ ਸਾਹਿਬ ਵਾਲੇ ਟੁਟੇ ਪੁਲ, ਚਮਾਰਹੇੜੀ ਤੇ ਮਿਠੂਮਾਜਰਾ ਦੀਆਂ ਪਾਣੀ ਨਾਲ ਟੁਟੀਆਂ ਸੜਕਾਂ, ਰਾਏਪੁਰ ਮੰਡਲਾ, ਰਾਠੀਆ, ਸਨੌਰ ਤੇ ਰਿਸ਼ੀ ਕਲੋਨੀ ਦਾ ਦੌਰਾ ਕੀਤਾ ਅਤੇ ਚੱਲ ਰਹੇ ਰਾਹਤ ਤੇ ਬਚਾਅ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਸਮਾਂ ਰਾਜਨੀਤੀ ਕਰਨ ਦਾ ਨਹੀਂ ਸਗੋਂ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਕਰਨ ਦਾ ਹੈ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਕਿ ਸਨੌਰ ਹਲਕੇ ਦੇ ਜਿਹੜੇ ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਹਨ, ਉਥੇ ਹਰੇਕ ਸੰਭਵ ਮਦਦ ਪਹੁੰਚਾਈ ਜਾ ਰਹੀ ਹੈ ਤੇ ਮੁੱਖ ਮੰਤਰੀ ਸ. ਭਗਵੰਤ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਤਹਿਤ ਲੋਕਾਂ ਦੀ ਮਦਦ ਲਈ ਸਮੁੱਚਾ ਪ੍ਰਸ਼ਾਸਨ ਤੇ ਉਨ੍ਹਾਂ ਦੀ ਟੀਮ 24 ਘੰਟੇ ਕਾਰਜਸ਼ੀਲ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਸਮੱਸਿਆ ਹੈ ਤਾਂ ਲੋਕਾਂ ਉਨ੍ਹਾਂ ਨਾਲ ਜਾਂ ਫੇਰ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕਰਨ ਅਤੇ ਅਫ਼ਵਾਹਾਂ ਤੋਂ ਸੁਚੇਤ ਰਹਿਣ। ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਕਿ ਰਾਹਤ ਦੀ ਗੱਲ ਹੈ ਕਿ ਹੁਣ ਪਾਣੀ ਦਾ ਪੱਧਰ ਤੇਜੀ ਨਾਲ ਘੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪਾਣੀ ਵਾਪਸ ਮੁੜ ਰਿਹਾ ਹੈ ਪਰ ਇਸ ਤੋਂ ਬਾਅਦ ਬਿਮਾਰੀਆਂ ਫੈਲਣ ਦਾ ਖਦਸ਼ਾ ਰਹਿੰਦਾ ਹੈ ਇਸ ਲਈ ਸਿਹਤ ਵਿਭਾਗ ਵੱਲੋਂ ਜਾਰੀ ਕੀਤੀ ਐਡਵਾਈਜ਼ਰੀ ਦੀ ਪਾਲਣਾ ਜ਼ਰੂਰ ਕੀਤੀ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਮੁਸ਼ਕਲ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜੀ ਹੈ ਤੇ ਲੋਕਾਂ ਦੇ ਹੋਏ ਨੁਕਸਾਨ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਤਹਿਸੀਲਦਾਰ ਰਣਜੀਤ ਸਿੰਘ, ਯੂਥ ਪ੍ਰਧਾਨ ਅਮਰਦੀਪ ਸੰਘੇੜਾ, ਬਲਿਹਾਰ ਸਿੰਘ ਚੀਮਾਂ, ਜੱਗੀ ਸੰਘੇੜਾ, ਨਰਿੰਦਰ ਸਿੰਘ ਤੱਖਰ, ਜਰਨੈਲ ਸਿੰਘ ਰਾਜਪੂਤ, ਹਰਜੀਤ ਸਿੰਘ ਚਮਾਰਹੇੜੀ, ਕਾਲਾ ਪਨੌਂਦੀਆਂ, ਰਿੰਕੂ ਬਾਜਵਾ, ਸੱਜਣ ਸਿੰਘ, ਸੁਰ ਸਿੰਘ, ਬਲਜੀਤ ਸਿੰਘ, ਮਨਿੰਦਰ ਸਿੰਘ ਰਜਤ ਕਪੂਰ ਸਮੇਤ ਵੱਡੀ ਗਿਣਤੀ ਇਲਾਕਾ ਨਿਵਾਸੀ ਮੌਜੂਦ ਸਨ।

# ਪਟਿਆਲਾ ਸ਼ਹਿਰ ਵਿੱਚ ਨਵੀ ਉਸਾਰੀ ਕਲੋਨੀ ਪੁਡਾ ਇਨਕਲੇਵ ਵਨ ਨੇੜੇ ਮਿਨੀ ਸਕੱਤਰੇਤ ਦੀ ਵਿਕਾਸ ਐਸੋਸੀਏਸ਼ਨ ਵਲੋਂ ਹੜ ਪੀੜਤਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਭੇਜੀ



ਰਾਹਤ ਸਮੱਗਰੀ ਵਾਲੇ ਵਾਹਨ ਨੂੰ ਰਵਾਨਾ ਕਰਦੇ ਹੋਏ ਸਤਿੰਦਰ ਵਾਲੀਆ, ਰਾਜੇਸ਼ ਪੰਜੋਲਾ, ਸਤਵਿੰਦਰ ਸਿੰਘ ਸੈਣੀ, ਇੰਦਰਜੀਤ ਸਿੰਘ ਗਿੱਲ, ਜਰਨੈਲ ਥਿੰਦ ਤੇ ਹੋਰ।

**ਪਟਿਆਲਾ,**
**-ਰੋਜ਼ਾਨਾ ਸਵੇਰਾ ਬਿਊਰੋ-**

ਹੜ੍ਹ ਪ੍ਰਭਾਵਿਤ ਲੋਕਾਂ ਹੜ੍ਹ ਤੋਂ ਬਾਅਦ ਲਈ ਲੋੜੀਂਦੀ ਸਮੱਗਰੀ ਜਿਵੇਂ ਕਿ ਫਿਨੈਲ, ਵਾਈਪਰ, ਤੇਲਾ ਝਾੜੂ, ਪੋਚਾ, ਮੋਮਬੱਤੀਆਂ, ਮੈਚ ਬਾਕਸ, ਔਰਤਾਂ ਲਈ ਸੈਨੇਟਰੀ ਪੈਡ ਅਤੇ ਓਡੋਮਾ ਆਦਿ ਲੈ ਕੇ ਜਾਣ ਵਾਲੇ ਵਾਹਨ ਨੂੰ ਹਰੀ ਝੰਡੀ ਦੇ ਕੇ ਉੱਘੀ ਸਮਾਜ ਸੇਵਿਕਾ ਮੈਡਮ ਸਤਿੰਦਰ ਵਾਲੀਆ ਨੇ ਰਵਾਨਾ ਕੀਤੀ।

ਬਾਅਦ ਵਿੱਚ ਪਟਿਆਲਾ ਹਾਈਟਸ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਸਮੱਗਰੀ ਲੈ ਕੇ ਜਾਣ ਵਾਲੇ ਵਾਹਨ ਨੂੰ ਐਡਵੋਕੇਟ ਡਾ.ਰਾਹੁਲ ਸੈਣੀ ਸਪੁੱਤਰ ਡਾ.ਬਲਬੀਰ ਸੈਣੀ ਸਿਹਤ ਮੰਤਰੀ ਪੰਜਾਬ ਸਰਕਾਰ ਅਤੇ ਸਹਿਯੋਗੀਆਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋੜਵੰਦਾਂ ਨੂੰ ਵੰਡਣ ਲਈ ਰਿਸੀਵ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜੇਸ਼ ਪੰਜੋਲਾ,ਇੰਜ. ਸਤਵਿੰਦਰ ਸਿੰਘ ਸੈਣੀ, ਚੇਅਰਮੈਨ ਪੁੱਡਾ ਇਨਕਲੇਵ ਵੈਲਫੇਅਰ ਸੁਸਾਇਟੀ, ਇੰਜ. ਇੰਦਰਜੀਤ ਸਿੰਘ ਗਿੱਲ ਪ੍ਰਧਾਨ ਅਤੇ ਸਾਬਕਾ ਕਰਨਲ ਜੇ.ਐਸ.ਥਿੰਦ ਹਾਜ਼ਰ ਸਨ।

# ਪੰਜਾਬ ਰੈੱਡ ਕਰਾਸ ਅਤੇ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਸੰਕੇਤ ਹਸਪਤਾਲ ਪਟਿਆਲਾ ਵਲੋਂ ਹੜ ਪੀੜਤਾਂ ਦੀ ਮਦਦ ਲਈ ਅੱਗੇ ਆਉਣਾ ਸ਼ਲਾਘਾਯੋਗ, ਸ਼ਿਵਦੁਲਾਰ ਸਿੰਘ ਢਿੱਲੋਂ




ਪੰਜਾਬ ਰੈੱਡ ਕਰਾਸ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਪਟਿਆਲਾ ਵਲੋਂ ਹੜ ਪੀੜਤਾਂ ਦੀ ਮਦਦ ਲਈ ਭੇਜੀ ਜਾ ਰਹੀ ਸਹਾਇਤਾ ਨੂੰ ਰਵਾਨਾ ਕਰਦੇ ਹੋਏ ਸ਼ਿਵਦੁਲਾਰ ਸਿੰਘ ਢਿੱਲੋਂ, ਮੈਡਮ ਪਰਮਿੰਦਰ ਕੌਰ ਮਨਚੰਦਾ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਹੋਰ।

**ਪਟਿਆਲਾ,**
**-ਰੋਜ਼ਾਨਾ ਸਵੇਰਾ ਬਿਊਰੋ-**

ਪੰਜਾਬ ਰੈੱਡ ਕਰਾਸ ਅਤੇ ਪੰਜਾਬ ਸਰਕਾਰ ਦੇ ਤਾਲਮੇਲ ਨਾਲ ਚਲਾਏਂ ਜਾ ਰਹੇ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਸੰਕੇਤ ਹਸਪਤਾਲ ਪਟਿਆਲਾ ਵਲੋਂ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ, ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਹੜ ਪੀੜਤਾਂ ਦੀ ਮਦਦ ਲਈ ਰਾਹਤ ਸਮੱਗਰੀ ਜਿਸ ਵਿਚ ਮੱਛਰਦਾਨੀਆਂ,ਓ ਆਰ ਐਸ, ਬਿਸਕੁਟ, ਪਾਣੀ,ਸੈਨਟਰੀ ਪੈਡ, ਲੰਗਰ ਆਦਿ ਵੰਡਣ ਲਈ ਪ੍ਰੋਗਰਾਮ ਸੰਕੇਤ ਹਸਪਤਾਲ ਪਟਿਆਲਾ ਵਿਖੇ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਸਕੱਤਰ ਇੰਡੀਅਨ ਰੈਡ ਕਰਾਸ ਸੁਸਾਇਟੀ ਪੰਜਾਬ ਸਟੇਟ ਬ੍ਰਾਂਚ ਚੰਡੀਗੜ੍ਹ ਸ਼ਿਵਦੁਲਾਰ ਸਿੰਘ ਢਿੱਲੋਂ ਰਿਟਾਇਰ ਆਈ ਏ ਐਸ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਪ੍ਰਧਾਨਗੀ ਪਰਮਿੰਦਰ ਕੌਰ ਮਨਚੰਦਾ ਪ੍ਰੋਜੈਕਟ ਡਾਇਰੈਕਟਰ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਸੰਕੇਤ ਹਸਪਤਾਲ ਪਟਿਆਲਾ ਨੇ ਕੀਤੀ, ਵਿਸ਼ੇਸ਼ ਤੌਰ ਤੇ ਡਾ ਮਨਮੀਤ ਕੌਰ ਹੈਲਥ ਵਿਭਾਗ ਚੰਡੀਗੜ੍ਹ,ਰਵੀਇੰਦਰ ਸਿੱਧੂ ਭਾਰਤ ਸਕਾਊਟ ਐਂਡ ਗਾਈਡਜ਼, ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਸਟੇਟ ਐਵਾਰਡੀ ਰੁਪਿੰਦਰ ਕੌਰ, ਕਾਕਾ ਰਾਮ ਵਰਮਾ,ਅਨੂ ਮਿਊਜਰਮ, ਰੁਦਰਪ੍ਰਤਾਪ ਸਿੰਘ, ਜਸ਼ਨਜੋਤ ਸਿੰਘ, ਅਤੇ ਸੰਕੇਤ ਹਸਪਤਾਲ ਦੇ ਸਟਾਫ ਚਾਰੂ ਗੋਤਮ ਫਿਊਜਥੈਰਪਿਸਟ, ਕੋਸਲਰ ਅਮਰਜੀਤ ਕੌਰ, ਪਰਵਿੰਦਰ ਕੌਰ ਵਰਮਾ ਗੁਰਮੀਤ ਸਿੰਘ, ਦੀਦਾਰ ਸਿੰਘ, ਅਮਰਿੰਦਰ ਸਿੰਘ, ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆ ਸਕੱਤਰ ਇੰਡੀਅਨ ਰੈਡ ਕਰਾਸ ਸੁਸਾਇਟੀ ਸਟੇਟ ਬ੍ਰਾਂਚ ਚੰਡੀਗੜ੍ਹ ਨੇ ਕਿਹਾ ਕਿ ਹੜ ਪੀੜਤਾਂ ਦੀ ਮਦਦ ਲਈ ਰੈੱਡ ਕਰਾਸ ਪੰਜਾਬ ਅਤੇ ਪੰਜਾਬ ਸਰਕਾਰ ਦੇ ਤਾਲਮੇਲ ਨਾਲ ਚਲਾਏਂ ਜਾ ਰਹੇ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਸੰਕੇਤ ਹਸਪਤਾਲ ਪਟਿਆਲਾ ਵਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਹੜ ਪੀੜਤਾਂ ਦੀ ਮਦਦ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ ਉਹਨਾਂ ਕਿਹਾ ਕਿ ਅੱਜ ਹਰ ਇਕ ਪੰਜਾਬੀ ਦਾ ਫਰਜ਼ ਬਣਦਾ ਹੈ ਕਿ ਉਹੋ ਇਸ ਕੁਦਰਤੀ ਆਫਤ ਵਿਚ ਹੜ ਪੀੜਤਾਂ ਦੀ ਮਦਦ ਲਈ ਅੱਗੇ ਆਉਣ ।

ਉਹਨਾਂ ਕਿਹਾ ਕਿ ਪੰਜਾਬ ਰੈੱਡ ਕਰਾਸ ਨਸਾ ਛਡਾਊ ਅਤੇ ਪੁਨਰਵਾਸ ਕੇਂਦਰ ਸੰਕੇਤ ਹਸਪਤਾਲ ਪਟਿਆਲਾ ਅੱਗੇ ਵੀ ਹੜ ਪੀੜਤਾਂ ਦੀ ਮਦਦ ਕਰਦਾ ਰਹੇਗਾ, ਉਹਨਾਂ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਨੁਮਾਇੰਦਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਦਿਨ ਰਾਤ ਹੜ ਪੀੜਤਾਂ ਲਈ ਕੀਤੀ ਜਾ ਰਹੀ ਸਹਾਇਤਾ ਪ੍ਰਸੰਸਾਯੋਗ ਹੈ।

# ਜੌੜਾਮਾਜਰਾ ਨੇ ਹਰਿਦੁਆਰ ਤੋਂ ਗੰਗਾ ਜਲ ਲੈ ਕੇ ਆਏ ਕਾਂਵੜੀਆਂ ਦਾ ਸਵਾਗਤ ਕੀਤਾ



**ਸਮਾਣਾ,**
**-ਰੋਜ਼ਾਨਾ ਸਵੇਰਾ ਬਿਊਰੋ-**

ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਹਰਿਦੁਆਰ ਤੋਂ ਗੰਗਾ ਜਲ ਲੈਕੇ ਪੰਜਾਬ ਪੁੱਜੇ ਸਮਾਣਾ ਦੇ ਨੋਨਾ, ਵਿੱਕੀ ਅਤੇ ਹੋਰ ਸੰਗਤ ਦਾ ਸਮਾਣਾ ਪੁੱਜਣ 'ਤੇ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਭਗਤ ਬੇਸ਼ੱਕ ਪਿਛਲੇ ਦਿਨੀਂ ਭਾਰੀ ਬਾਰਸ਼ ਕਰਕੇ ਪਾਣੀ ਵਿੱਚ ਵੀ ਘਿਰ ਗਏ ਸਨ, ਪਰੰਤੂ ਇਨ੍ਹਾਂ ਨੇ ਪੂਰੀ ਸ਼ਰਧਾ ਅਤੇ ਹੌਸਲਾ ਦਿਖਾਇਆ ਹੈ ਅਤੇ ਇਹ ਸਾਡੇ ਸਾਰਿਆਂ ਦੇ ਸੁੱਖ ਤੇ ਸ਼ਾਂਤੀ ਲਈ ਹਰਿਦੁਆਰ ਤੋਂ ਕਾਂਵੜੀਆ ਦੇ ਰੂਪ ਵਿੱਚ ਗੰਗਾ ਜਲ ਲੈਕੇ ਆਉਣ 'ਤੇ ਉਹ ਪੰਜਾਬ ਪੁੱਜਣ 'ਤੇ ਹਾਰਦਿਕ ਸਵਾਗਤ ਕਰਦੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਉਹ ਵੀ ਅਰਦਾਸ ਕਰਦੇ ਹਨ ਕਿ ਪੰਜਾਬ ਨੂੰ ਦਰਪੇਸ਼ ਹੜ੍ਹਾਂ ਦੀ ਮੌਜੂਦਾ ਬਿਪਤਾ ਜਲਦੀ ਦੂਰ ਹੋਵੇ। ਉਨ੍ਹਾਂ ਕਿਹਾ ਕਿ ਸਮਾਣਾ ਦੀ ਬਹੁਤ ਸਾਰੀ ਸੰਗਤ ਕਾਂਵੜ ਦੇ ਰੂਪ ਵਿੱਚ ਸਮਾਜ ਦੀ ਭਲਾਈ ਤੇ ਸੁੱਖ ਸਾਂਤੀ ਲਈ ਹਰ ਸਾਲ ਗੰਗਾ ਜਲ ਲੈਕੇ ਇੱਥੇ ਪੁੱਜਦੇ ਹਨ, ਜੋ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਹਰਮਿੰਦਰ ਸਿੰਘ ਮਿੰਟੂ, ਐਡਵੋਕੇਟ ਗੁਲਜ਼ਾਰ ਸਿੰਘ ਵਿਰਕ, ਗੁਰਦੇਵ ਸਿੰਘ ਟਿਵਾਣਾ, ਬਲਕਾਰ ਸਿੰਘ ਗੱਜੂਮਾਜਰਾ, ਸੁਰਜੀਤ ਸਿੰਘ ਫ਼ੌਜੀ, ਅਮਰਦੀਪ ਸਿੰਘ ਸੋਨੂ ਥਿੰਦ, ਐੱਸ ਡੀ ਐਮ ਚਰਨਜੀਤ ਸਿੰਘ, ਬੀ ਡੀ ਪੀ ਓ ਸੁਖਵਿੰਦਰ ਸਿੰਘ ਟਿਵਾਣਾ ਤੇ ਅਜੈਬ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਵਿਖੇ ਸਰਹਿੰਦ ਚੋਅ ਵਿੱਚ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ



**ਸੁਨਾਮ ਊਧਮ ਸਿੰਘ ਵਾਲਾ,**
**-ਰੋਜ਼ਾਨਾ ਸਵੇਰਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਸੁਨਾਮ ਵਿਖੇ ਸਰਹਿੰਦ ਚੋਅ ਵਿੱਚ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਸੁਨਾਮ ਵਾਸੀਆਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਸਰਹਿੰਦ ਚੋਅ ਦਾ ਪਾਣੀ ਅਗਲੇ 24 ਘੰਟਿਆਂ ਵਿੱਚ ਘਟਣ ਦੀ ਪੂਰੀ ਸੰਭਾਵਨਾ ਹੈ। ਉਨ੍ਹਾਂ ਸੰਗਰੂਰ ਰੋਡ 'ਤੇ ਚੱਠੇ ਨਕਟੇ ਪੁਲ, ਓਵਰ ਬ੍ਰਿਜ ਨੇੜੇ ਸਕੂਟਰ ਮੋਟਰ ਸਾਇਕਲ ਮਾਰਕੀਟ, ਸਿਵਲ ਹਸਪਤਾਲ ਕੋਲ ਆਦਿ ਥਾਵਾਂ 'ਤੇ ਅਧਿਕਾਰੀਆਂ ਸਮੇਤ ਸਰਹਿੰਦ ਚੋਅ ਦਾ ਨਿਰੀਖਣ ਕਰਨ ਮਗਰੋਂ ਦੱਸਿਆ ਕਿ ਪਿਛਲੇ ਦਿਨਾਂ ਵਿੱਚ ਇੱਕ ਦਮ ਪਾਣੀ ਦਾ ਪੱਧਰ ਵਧ ਜਾਣ ਕਾਰਨ ਸਰਹਿੰਦ ਚੋਅ ਦਾ ਪਾਣੀ ਕੁਝ ਉਛਲਿਆ ਜ਼ਰੂਰ ਸੀ ਪਰ ਸਥਿਤੀ ਨਿਯੰਤਰਣ ਵਿੱਚ ਹੈ ਅਤੇ ਪ੍ਰਸ਼ਾਸਨ ਹਰੇਕ ਤਰ੍ਹਾਂ ਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਪੱਬਾਂ ਭਾਰ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਮਾਰ ਹੇਠ ਆਏ ਪੰਜਾਬ ਦੇ ਜ਼ਿਲਿਆਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਵੱਡੇ ਪੱਧਰ 'ਤੇ ਰਾਹਤ ਕਾਰਜ ਚੱਲ ਰਹੇ ਹਨ ਅਤੇ ਸੁਨਾਮ ਸ਼ਹਿਰ ਤੇ ਇਲਾਕੇ ਵਿੱਚ ਹੜ੍ਹਾਂ ਦੇ ਪਾਣੀ ਸਬੰਧੀ ਕੋਈ ਦਿੱਕਤ ਨਹੀਂ ਹੈ।

ਉਨ੍ਹਾਂ ਕਿਹਾ ਕਿ ਮਗਨਰੇਗਾ ਕਰਮੀਆਂ ਰਾਹੀਂ ਅਹਿਤਿਆਤ ਵਜੋਂ ਮਿੱਟੀ ਤੇ ਰੇਤੇ ਦੇ ਥੈਲੇ ਭਰਵਾ ਕੇ ਪ੍ਰਬੰਧ ਦੇ ਕੰਮ ਚੱਲ ਰਹੇ ਹਨ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਨਾਲ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਜੇਕਰ ਕਿਸੇ ਪਿੰਡ ਵਾਸੀ ਨੂੰ ਸਰਹਿੰਦ ਚੋਅ ਨੇੜੇ ਕਿਸੇ ਵੀ ਕਿਸਮ ਦੀ ਕੋਈ ਦਿੱਕਤ ਪੇਸ਼ ਆਉਂਦੀ ਮਹਿਸੂਸ ਹੋਵੇ ਤਾਂ ਉਹ ਤੁਰੰਤ ਪ੍ਰਸ਼ਾਸਨ ਨਾਲ ਸੰਪਰਕ ਕਰ ਸਕਦਾ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਰਾਜ ਦੇ ਸਮੂਹ ਜ਼ਿਲਿਆਂ ਤੇ ਹਲਕਿਆਂ ਵਿੱਚ ਮੰਤਰੀ ਸਾਹਿਬਾਨ ਤੇ ਵਿਧਾਇਕ ਲੋਕਾਂ ਵਿੱਚ ਵਿਚਰਦੇ ਹੋਏ ਪ੍ਰਸਾਸਨ ਦੀ ਮੌਜੂਦਗੀ ਵਿੱਚ ਹਰ ਸੰਭਵ ਮਦਦ ਹੜ੍ਹ ਪੀੜਤਾਂ ਨੂੰ ਮੁਹੱਈਆ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਖੁਦ ਵੀ ਜ਼ਮੀਨੀ ਪੱਧਰ 'ਤੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਦੌਰੇ 'ਤੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਡਰੇਨਾਂ, ਨਹਿਰਾਂ, ਬਰਸਾਤੀ ਨਾਲਿਆਂ ਦੀ ਸਫਾਈ ਪ੍ਰਤੀ ਅਵੇਸਲਾਪਣ ਅਪਣਾਇਆ ਜਿਸ ਕਾਰਨ ਲੋਕਾਂ ਨੂੰ ਸਮੇਂ ਸਮੇ ਤੇ ਨੁਕਸਾਨ ਉਠਾਉਣਾ ਪਿਆ ਪਰ ਆਪ ਸਰਕਾਰ ਨੇ ਤਰਜੀਹੀ ਆਧਾਰ 'ਤੇ ਸਫਾਈ ਕਾਰਜ ਕਰਵਾਏ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਰਾਹਤ ਕਾਰਜਾਂ, ਬਚਾਅ ਕਾਰਜਾਂ, ਮੁੜ ਵਸੇਬੇ ਲਈ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਐਸ.ਡੀ.ਐਮ ਜਸਪ੍ਰੀਤ ਸਿੰਘ, ਚੇਅਰਮੈਨ ਮੁਕੇਸ਼ ਜੁਨੇਜਾ, ਹਰਦੀਪ ਸਿੰਘ ਐਸ.ਡੀ.ਓ ਡਰੇਨੇਜ਼, ਈਓ ਅੰਮ੍ਰਿਤ ਲਾਲ, ਪ੍ਰਧਾਨ ਨਗਰ ਕੌਂਸਲ f ਡੀ.ਐਸ.ਪੀ ਭਰਪੂਰ ਸਿੰਘ, ਯਾਦਵਿੰਦਰ ਰਾਜਾ ਨਕਟੇ, ਰਵੀ ਕਮਲ ਗੋਇਲ, ਵਿੱਕੀ ਗਰਗ, ਭਾਨੂੰ ਪ੍ਰਤਾਪ, ਸੰਦੀਪ ਜਿੰਦਲ ਵੀ ਹਾਜ਼ਰ ਸਨ।

# ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤੋਂ ਦੇਸ਼ ਭਗਤ ਪੰਡਿਤ ਕਿਸ਼ੋਰੀ ਲਾਲ ਦੇ ਬੁੱਤ ਤੱਕ ਮਾਰਚ



**ਜਲੰਧਰ,**
**-ਰੋਜ਼ਾਨਾ ਸਵੇਰਾ ਬਿਊਰੋ-**

ਸੀ.ਆਈ.ਟੀ.ਯੂ. ਵੱਲੋਂ ਸੂਬਾਈ ਕਨਵੈਨਸ਼ਨ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕਾਮਰੇਡ ਮਹਿੰਦਰ ਕੁਮਾਰ ਬਢੋਆਣ , ਕ੍ਰਿਸ਼ਨਾ ਕੁਮਾਰੀ , ਅਬਦੁਲ ਸਤਾਰ , ਤਰਸੇਮ ਸਿੰਘ , ਸਰੋਜ ਬਾਲਾ ਅਤੇ ਕਾਮਰੇਡ ਸੁੱਚਾ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ। ਕਨਵੈਨਸ਼ਨ ਵਿਖੇ ਮੰਗਾ ਅਤੇ ਅਗਲੇ ਸੰਘਰਸ਼ਾਂ ਲਈ ਮਤਾ ਕਾਮਰੇਡ ਸੁੱਚਾ ਸਿੰਘ ਅਜਨਾਲਾ ਵੱਲੋਂ ਪੇਸ਼ ਕੀਤਾ ਗਿਆ। ਸੀਟੂ ਨਾਲ ਸਬੰਧਤ ਵੱਖ-ਵੱਖ ਯੂਨੀਅਨਜ਼ ਦੇ ਆਗੂਆਂ ਵੱਲੋਂ ਮਤੇ ਦੀ ਪ੍ਰੋੜਤਾ ਲਈ ਆਪਣੇ ਵਿਚਾਰ ਪੇਸ਼ ਕੀਤੇ ਗਏ। ਤੋਂ 31 ਜੁਲਾਈ ਤੱਕ ਸਹਾਇਕ ਲੇਬਰ ਕਮਿਸ਼ਨਰਾਂ ਦੇ ਦਫ਼ਤਰਾਂ ਸਾਹਮਣੇ ਰੈਲੀਆਂ ਕਰਕੇ ਮੰਗ ਪੱਤਰ ਦਿੱਤੇ ਜਾਣਗੇ। ਇਸ ਸਮੇਂ ਕਾਮਰੇਡ ਅਜਨਾਲਾ ਨੇ ਵਿੱਤ ਸੰਬੰਧੀ ਮਤਾ ਪੇਸ਼ ਕਰਦਿਆਂ ਰਾਏਕੋਟ ਵਿਖੇ ਸੂਬਾਈ ਸੀਟੂ ਕਾਨਫਰੰਸ ਦੇ ਨਾਅ ਤੇ ਲੱਖਾਂ ਰੁਪਏ ਫੰਡਾ ਇਕੱਠਾ ਕੀਤਾ ਜਿਸ ਦਾ ਹਿਸਾਬ ਸੂਬਾ ਪ੍ਰਧਾਨ ਅਤੇ ਜਨਰਲ ਸਕੱਤਰ ਵੱਲੋਂ ਨਹੀਂ ਦਿੱਤਾ ਗਿਆ। ਭ੍ਰਿਸ਼ਟ ਗਤੀਵਿਧੀਆਂ ਅਤੇ ਸੀਟੂ ਵਿਰੋਧੀ ਗਤੀਵਿਧੀਆਂ ਕਰਨ ਵਾਲੇ ਸਾਥੀਆਂ ਨੂੰ ਸੀਟੂ ਤੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਇਹ ਸਾਥੀ ਅੱਜ ਤੋਂ ਸੀਟੂ ਦੇ ਪ੍ਰਾਇਮਰੀ ਮੈਂਬਰ ਵੀ ਨਹੀਂ ਰਹੇ ਹਨ। ਸੀਟੂ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਕਾਮਰੇਡ ਮਹਿੰਦਰ ਕੁਮਾਰ ਬਡੋਆਣ ਨੂੰ ਕਾਰਜਕਾਰੀ ਪ੍ਰਧਾਨ ਅਤੇ ਜਤਿੰਦਰ ਪਾਲ ਸਿੰਘ ਨੂੰ ਕਾਰਜਕਾਰੀ ਜਨਰਲ ਸਕੱਤਰ ਵਜੋਂ ਹਾਉਸ ਵੱਲੋਂ ਨਿਯੁਕਤ ਕਰ ਦਿੱਤਾ ਹੈ । ਕਨਵੈਨਸ਼ਨ ਵਿੱਚ ਹਾਜਰ ਭਰਾਤਰੀ ਜਥੇਬੰਦੀਆਂ ਦੇ ਆਗੂ ਕਾਮਰੇਡ ਰਾਮ ਸਿੰਘ ਨੂਰਪੁਰੀ ਪ੍ਰਧਾਨ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ , ਕਾਮਰੇਡ ਬਲਜੀਤ ਸਿੰਘ ਗਰੇਵਾਲ ਜਨਰਲ ਸਕੱਤਰ ਕੁਲ ਹਿੰਦ ਕਿਸਾਨ ਸਭਾ ਪੰਜਾਬ ਵੱਲੋਂ ਮਤਿਆਂ ਦੀ ਪ੍ਰੋੜਤਾ ਕਰਦੇ ਹੋਏ ਸੰਘਰਸ਼ਾਂ ਦੇ ਸਮਰਥਨ ਦਾ ਐਲਾਨ ਕੀਤਾ। ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਮਾਸਟਰ ਪਰਸ਼ੋਤਮ ਬਿਲਗਾ ਵੱਲੋਂ ਮਤਾ ਪੇਸ਼ ਕਰਕੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਜਲੰਧਰ ਵਿਖੇ ਪੰਡਿਤ ਕਿਸ਼ੋਰੀ ਲਾਲ ਜੀ ਦੇ ਬੁੱਤ ਵਾਲੇ ਚੌਕ ਦਾ ਨਾਮ ਦੇਸ਼ ਭਗਤ ਪੰਡਿਤ ਕਿਸ਼ੋਰੀ ਲਾਲ ਦੇ ਨਾਮ ਤੇ ਰੱਖਿਆ ਜਾਵੇ । ਕਨਵੈਨਸ਼ਨ ਵੱਲੋਂ ਮਤਾ ਪਾਸ ਕਰਨ ਉਪਰੰਤ ਜਲੰਧਰ ਸ਼ਹਿਰ ਅੰਦਰ ਵਿਸ਼ਾਲ ਮਾਰਚ ਕੀਤਾ ਗਿਆ। ਇਹ ਵੀ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤ ਪਰਿਵਾਰ ਦੀ ਤੁਰੰਤ ਯੋਗ ਸਹਾਇਤਾ ਕੀਤੀ ਜਾਵੇ। ਕਾਮਰੇਡ ਸਤਨਾਮ ਸਿੰਘ ਬੜੈਚ , ਸੁਰਜੀਤ ਸਿੰਘ ਗੱਗੜਾ , ਨਰਿੰਦਰ ਪਾਲ , ਸਰੋਜ ਬਾਲਾ , ਸੀਮਾ ਰਾਣੀ , ਸੁਖਜੀਤ ਕੌਰ , ਸੁਮਨ ਰਾਣੀ , ਕਾਮਰੇਡ ਮਾਇਆਧਾਰੀ ਅਤੇ ਹੋਰ ਆਗੂਆਂ ਵੱਲੋਂ ਇੱਕਠ ਨੂੰ ਸੰਬੋਧਨ ਕੀਤਾ ਗਿਆ

# ਯੂਥ ਕਾਂਗਰਸ ਚੋਣਾਂ ਚ ਮੋਫਰ ਧੜਾ ਕਾਬਜ, ਡੈਵੀ ਜ਼ਿਲਾ ਪ੍ਰਧਾਨ ਤੇ ਲਛਮਣ ਸਿੱਧੂ ਹਲਕਾ ਪ੍ਰਧਾਨ ਬਣੇ



**ਸਰਦੂਲਗੜ੍ਹ,**
**-ਰੋਜ਼ਾਨਾ ਸਵੇਰਾ ਬਿਊਰੋ-**

ਆਲ ਇੰਡੀਆ ਯੂਥ ਕਾਂਗਰਸ ਦੇ ਯੂਥ ਵਿੰਗ ਦੇ ਅਹੁਦੇਦਾਰਾਂ ਦੀ ਚੋਣ ਲਈ ਪਵਾਈਆਂ ਵੋਟਾਂ ਦੇ ਨਤੀਜ਼ੇ ਬੀਤੇ ਦਿਨੀਂ ਐਲਾਨ ਦਿੱਤੇ ਗਏ। ਨਤੀਜਿਆਂ ਦੌਰਾਨ ਸੰਜੋਗਪ੍ਰੀਤ ਸਿੰਘ ਡੈਵੀ ਜ਼ਿਲਾ ਮਾਨਸਾ ਦੇ ਯੂਥ ਪ੍ਰਧਾਨ ਅਤੇ ਲਛਮਣ ਸਿੰਘ ਸਿੱਧੂ ਦਸੌਂਧੀਆ ਹਲਕਾ ਸਰਦੂਲਗੜ੍ਹ ਦੇ ਪ੍ਰਧਾਨ ਚੁਣੇ ਗਏ। ਗੱਲਬਾਤ ਸਮੇਂ ਸਮੂਹ ਵੋਟਰਾਂ ਦਾ ਧੰਨਵਾਦ ਕਰਦੇ ਹੋਏ ਪ੍ਰਧਾਨ ਡੈਵੀ ਅਤੇ ਪ੍ਰਧਾਨ ਸਿੱਧੂ ਨੇ ਕਿਹਾ ਕਿ ਇਸ ਨਵੀਂ ਜ਼ਿੰਮੇਵਾਰੀ ਨੂੰ ਉਹ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਦੇ ਪ੍ਰਧਾਨ ਚੁਣੇ ਜਾਣ ਤੇ ਸਾਬਕਾ ਹਲਕਾ ਵਿਧਾਇਕ ਸਰਦੂਲਗੜ੍ਹ ਅਜੀਤਇੰਦਰ ਸਿੰਘ ਮੋਫਰ ਅਤੇ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ ਚੇਅਰਮੈਨ ਬਿਕਰਮ ਸਿੰਘ ਮੋਫਰ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਕੇ ਵਧਾਈਆਂ ਦਿੱਤੀਆਂ। ਕਾਂਗਰਸੀ ਆਗੂਆਂ ਨੇ ਕਿਹਾ ਕਿ ਇੰਨਾਂ ਮਿਹਨਤੀ ਨੌਜਵਾਨਾਂ ਦਾ ਪ੍ਰਧਾਨ ਬਣਨ ਨਾਲ ਜ਼ਿਲੇ ਤੇ ਹਲਕਾ ਸਰਦੂਲਗੜ੍ਹ 'ਚ ਕਾਂਗਰਸ ਜ਼ਮੀਨੀ ਪੱਧਰ ਤੇ ਵਧੇਰੇ ਮਜ਼ਬੂਤ ਹੋਵੇਗੀ। ਜ਼ਿਕਰ ਯੋਗ ਹੈ ਕਿ 10 ਮਾਰਚ 2023 ਤੋਂ 10 ਅਪ੍ਰੈਲ 2023 ਤੱਕ ਪਾਰਟੀ ਵਲੋਂ ਜਾਰੀ ਇਕ ਐਪ ਦੇ ਮਾਧਿਅਮ ਰਾਹੀਂ ਵੋਟਿੰਗ ਕਰਵਾਈ ਗਈ ਸੀ। ਇਸ ਮੌਕੇ ਸਰਪੰਚ ਪਹੋਲੋਜੀਤ ਸਿੰਘ ਬਾਜੇਵਾਲਾ, ਸਰਪੰਚ ਗੁਰਵਿੰਦਰ ਸਿੰਘ ਪੰਮੀ ਰਾਏਪੁਰ, ਸਰਪੰਚ ਕੁਲਵਿੰਦਰ ਸਿੰਘ ਰਾਏਪੁਰ ,ਕੁਲਦੀਪ ਮੂਸਾ, ਆਦਿ ਹਾਜਰ ਸਨ।

# ਹੜ੍ਹਾਂ ਦੀ ਕੁਦਰਤੀ ਆਫ਼ਤ ਨੇ ਘੇਰੇ ਸਮਾਣਾ ਦੇ ਪਿੰਡ, 1993 ਦੇ ਹੜ੍ਹਾਂ ਤੋਂ ਵੀ ਵੱਧ ਆਇਆ ਪਾਣੀ



**ਸਮਾਣਾ,**
**-ਰੋਜ਼ਾਨਾ ਸਵੇਰਾ ਬਿਊਰੋ-**

ਹੜ੍ਹਾਂ ਦੀ ਕੁਦਰਤੀ ਆਫ਼ਤ ਨੇ ਸਮਾਣਾ ਦੇ 50 ਦੇ ਕਰੀਬ ਪਿੰਡਾਂ ਨੂੰ ਘੇਰਾ ਪਾਇਆ, ਇਸ ਦੌਰਾਨ ਪ੍ਰਸ਼ਾਸਨ ਵੱਲੋਂ ਕੀਤੇ ਗਏ ਸਾਂਝੇ ਉਪਰਾਲਿਆਂ ਸਦਕਾ ਜਿੱਥੇ 50 ਤੋਂ ਵੱਧ ਲੋਕਾਂ ਨੂੰ ਬਚਾਇਆ ਗਿਆ ਉਥੇ ਹੀ10000 ਤੋਂ ਵੱਧ ਲੋਕਾਂ ਨੂੰ ਭੋਜਨ ਅਤੇ ਸੁੱਕੇ ਰਾਸ਼ਨ ਦੀਆਂ ਕਿੱਟਾਂ ਦਿੱਤੀਆਂ ਗਈਆਂ। ਘੱਗਰ ਦੇ ਕੈਚਮੈਂਟ ਖੇਤਰ ਵਿੱਚ ਭਾਰੀ ਬਾਰਸ਼ ਦੀਆਂ ਰਿਪੋਰਟਾਂ ਪ੍ਰਾਪਤ ਹੁੰਦਿਆਂ ਹੀਹੜ੍ਹ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਵਾਲੇ ਪਿੰਡਾਂ ਨੂੰ ਸ਼ੁਰੂਆਤੀ ਚੇਤਾਵਨੀ ਜਾਰੀ ਕੀਤੀ ਗਈ ਸੀ। ਪਰ, ਇਸ ਖੇਤਰ ਵਿੱਚ ਪਾਣੀ ਦਾ ਬੇਮਿਸਾਲ ਪ੍ਰਵਾਹ ਦੇਖਿਆ ਗਿਆ, ਜੋ ਕਿ,1993 ਦੇ ਹੜ੍ਹਾਂ ਵਿੱਚ ਆਏ ਪਾਣੀ ਦੇ ਪੱਧਰ ਤੋਂ ਵੀ ਵੱਧ ਦਰਜ ਕੀਤਾ ਗਿਆ। ਸਿੱਟੇ ਵਜੋਂ ਰਾਹਤ ਤੇ ਬਚਾਅ ਟੀਮਾਂ ਨੂੰ ਵੀ ਆਪਣੀ ਸਮਰੱਥਾ ਤੋਂ ਵਧੇਰੇ ਕੰਮ ਕਰਨਾ ਪਿਆ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐਸ.ਡੀ.ਐਮ ਸਮਾਣਾ ਚਰਨਜੀਤ ਸਿੰਘ ਨੇ ਦੱਸਿਆ ਕਿ ਸੂਚਨਾ ਤੇ ਲੋਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਜੋ ਕਿ ਹਲਕੇ ਦੇ ਵਿਧਾਇਕ ਵੀ ਹਨ ਅਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਅਗਵਾਈ ਹੇਠ ਉਨ੍ਹਾਂ ਨੇ ਸਥਿਤੀ ਨੂੰ ਦੇਖਦੇ ਹੋਏ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਸਨ। ਇਸ ਬਾਰੇ ਦਸਦਿਆਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪ੍ਰਸ਼ਾਸਨ ਵੱਲੋਂ ਐਸ.ਡੀ.ਐਮ ਸਮਾਣਾ, ਮਾਲ ਅਧਿਕਾਰੀਆਂ, ਪੇਂਡੂ ਵਿਕਾਸ ਅਧਿਕਾਰੀਆਂ, ਫੂਡ ਸਪਲਾਈ ਅਧਿਕਾਰੀਆਂ, ਪੁਲਿਸ ਅਧਿਕਾਰੀਆਂ ਅਤੇ ਸਟਾਫ਼ ਵੱਲੋਂ ਇੱਕ ਬਹਾਦਰੀ ਭਰਿਆ ਸਾਂਝਾ ਉਪਰਾਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੇ ਨਾਲ-ਨਾਲ, ਸਾਰੀਆਂ ਪਾਰਟੀਆਂ ਦੇ ਵਾਲੰਟੀਅਰਾਂ, ਇਲਾਕਾ ਅਤੇ ਪਾਰਟੀ ਵਰਕਰਾਂ, ਅਤੇ ਧਾਰਮਿਕ ਸਮੂਹਾਂ ਨੇ ਆਪਣੇ ਮਤਭੇਦਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਮੋਢੇ ਨਾਲ ਮੋਢਾ ਜੋੜ ਕੇ ਇੱਕ ਮਿਸਾਲੀ ਕੰਮ ਕੀਤਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਪਾਣੀ ਦਾ ਪੱਧਰ ਖ਼ਤਰੇ ਦੇ ਪੱਧਰ ਨੂੰ ਪਾਰ ਕਰਨ ਦੀ ਸੂਚਨਾ ਮਿਲਦਿਆਂ ਹੀ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਹੋ ਗਏ।

ਪ੍ਰਸ਼ਾਸਨ ਅਤੇ ਵਲੰਟੀਅਰ ਜੋ ਅਣਥੱਕ ਮਿਹਨਤ ਕਰ ਰਹੇ ਸਨ, ਨੂੰ ਆਰਮੀ ਅਤੇ ਐਨਡੀਆਰਐਫ ਟੀਮ ਦੇ ਆਉਣ ਨਾਲ ਭਰਵਾਂ ਹੁੰਗਾਰਾ ਮਿਲਿਆ। ਇਸ ਦੌਰਾਨ ਪਿੰਡ ਸਪਾਰਹੇੜੀ ਦੇ ਇੱਕ ਬਜ਼ੁਰਗ, ਜਿਸ ਨੂੰ ਕਿ ਦਿਲ ਦਾ ਦੌਰਾ ਪਿਆ, ਨੂੰ ਥੋੜ੍ਹੇ ਸਮੇਂ ਵਿੱਚ ਸਿਵਲ ਹਸਪਤਾਲ ਵਿੱਚ ਦਾਖਲ ਕਰਵਾ ਕੇ ਉਸਦੀ ਜਾਨ ਬਚਾਈ ਗਈ। ਇਸੇ ਤਰ੍ਹਾਂ ਪਿੰਡ ਧਰਮਹੇੜੀ, ਸੱਸਾ ਗੁੱਜਰਾਂ, ਸੱਸੀ ਬ੍ਰਾਹਮਣਾ, ਭਗਵਾਨਪੁਰਾ, ਹਸਨਪੁਰ ਮਾਂਗਟਾਂ ਤੋਂ ਬਜ਼ੁਰਗਾਂ, ਬੱਚਿਆਂ ਅਤੇ ਬਿਮਾਰ ਲੋਕਾਂ ਨੂੰ ਬਚਾਇਆ ਗਿਆ। ਐਸ.ਡੀ.ਐਮ ਚਰਨਜੀਤ ਸਿੰਘ ਨੇ ਕਿਹਾ ਕਿ ਅਸੀਂ ਲਗਾਤਾਰ ਯਤਨ ਕਰ ਰਹੇ ਹਾਂ, ਬਚਾਅ ਕਾਰਜਾਂ ਦੇ ਨਾਲ-ਨਾਲ ਟੀਮਾਂ ਨੇ ਪਾਣੀ, ਸੁੱਕਾ ਰਾਸ਼ਨ, ਭੋਜਨ, ਜ਼ਰੂਰੀ ਦਵਾਈਆਂ, ਮੋਮਬੱਤੀਆਂ ਅਤੇ ਮਾਚਸਾਂ, ਮੱਛਰ ਭਜਾਉਣ ਵਾਲੀ ਕਰੀਮ ਅਤੇ ਕੋਲਾ ਅਤੇ ਤਰਪਾਲ ਦੀਆਂ ਚਾਦਰਾਂ ਦੇ ਕੇ ਰਾਹਤ ਕਾਰਜ ਜਾਰੀ ਰੱਖੇ। ਫੂਡ ਸਪਲਾਈ ਵਿਭਾਗ ਦੇ ਨਾਲ-ਨਾਲ ਪਟਿਆਲਾ ਅਤੇ ਸਮਾਣਾ ਦੇ ਕਈ ਗੈਰ ਸਰਕਾਰੀ ਸੰਗਠਨਾਂ ਅਤੇ ਵਾਲੰਟੀਅਰ ਗਰੁੱਪਾਂ ਵੱਲੋਂ ਰਾਹਤ ਸਮੱਗਰੀ ਮੁਹੱਈਆ ਕਰਵਾਈ ਗਈ।

ਲੋੜ ਪੈਣ 'ਤੇ ਡਾਕਟਰਾਂ ਨੂੰ ਪਾਣੀ ਦੇ ਉੱਚੇ ਪੱਧਰ ਵਾਲੇ ਖੇਤਰਾਂ ਵਿੱਚ ਵੀ ਭੇਜਿਆ ਗਿਆ ਸੀ। ਐਸਡੀਐਮ ਨੇ ਅੱਗੇ ਦੱਸਿਆ ਕਿ ਹੁਣ ਜਦੋਂ ਹੜ੍ਹ ਦਾ ਪਾਣੀ ਘੱਟ ਗਿਆ ਹੈ ਤਾਂ ਮੈਡੀਕਲ ਟੀਮਾਂ, ਵੈਟਰਨਰੀ ਡਾਕਟਰਾਂ ਦੀਆਂ ਟੀਮਾਂ ਅਤੇ ਪਸ਼ੂਆਂ ਲਈ ਚਾਰੇ ਦੀਆਂ ਟਰਾਲੀਆਂ ਪ੍ਰਭਾਵਿਤ ਪਿੰਡਾਂ ਦਾ ਚੱਕਰ ਲਗਾ ਰਹੀਆਂ ਹਨ। ਜਦਕਿ ਪ੍ਰਸ਼ਾਸਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਪੁਖ਼ਤਾ ਪ੍ਰਬੰਧ ਕੀਤੇ ਜਾ ਰਹੇ ਹਨ।

# ਘਰਾਠਾਂ ਵਾਸ ਦੇ ਵਸਨੀਕਾਂ ਨੇ ਹਰਜੋਤ ਸਿੰਘ ਬੈਂਸ ਨੂੰ ਸਮੱਸਿਆਵਾਂ ਦੱਸਦਿਆਂ ਮੌਕਾ ਦੇਖਣ ਲਈ ਕਿਹਾ



**ਸ੍ਰੀ ਕੀਰਤਪੁਰ ਸਾਹਿਬ**
**-ਰੋਜ਼ਾਨਾ ਸਵੇਰਾ ਬਿਊਰੋ-**

ਅਨਾਜ ਮੰਡੀ ਸ੍ਰੀ ਕੀਰਤਪੁਰ ਸਾਹਿਬ ਵਿਖੇ ਰਾਜ ਸਭਾ ਮੈਂਬਰ ਬਿਕਰਮਜੀਤ ਸਿੰਘ ਸਾਹਨੀ ਸਮੇਤ ਬਰਸਾਤੀ ਪਾਣੀ ਦੀ ਮਾਰ ਨਾਲ ਪ੍ਰਭਾਵਿਤ ਹੋਏ ਲੋਕਾਂ ਨੂੰ, ਰਾਜ ਸਭਾ ਮੈਂਬਰ ਬਿਕਰਮਜੀਤ ਸਿੰਘ ਸਾਹਨੀ ਸਮੇਤ ਖਾਦ ਸਮੱਗਰੀ ਵੰਡਣ ਲਈ ਆਏ ਹਲਕਾ ਵਿਧਾਇਕ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਅਧੀਨ ਆਉਂਦੇ ਰੇਲਵੇ ਲਾਈਨ ਤੋਂ ਪਾਰ ਸਤਲੁਜ ਦਰਿਆ ਕਿਨਾਰੇ ਪੈਂਦੇ ਘਰਾਠਾਂ ਵਾਸ ਦੇ ਵਸਨੀਕ ਆਪਣੀਆਂ ਸਮੱਸਿਆਵਾਂ ਦੱਸਣ ਲਈ ਮਿਲੇ । ਇਸ ਮੌਕੇ ਮੌਜੂਦ ਔਰਤਾਂ ਅਤੇ ਨੌਜਵਾਨਾਂ ਨੇ ਹਰਜੋਤ ਬੈਂਸ ਨੂੰ ਦੱਸਿਆ ਕਿ ਅੱਜ ਤੱਕ ਪਿਛਲੀਆਂ ਸਰਕਾਰਾਂ ਨੇ ਉਹਨਾਂ ਦੇ ਵਾਸ ਦੀ ਸਾਰ ਨਹੀਂ ਲਈ। ਸਾਡੇ ਵਾਸ ਵਿਚ 35 ਕੁ ਘਰ ਹਨ, 170 ਦੇ ਕਰੀਬ ਅਬਾਦੀ ਹੈ। ਲੋਕਾਂ ਦਾ ਮੁੱਖ ਕੰਮ ਮਿਹਨਤ ਮਜ਼ਦੂਰੀ ਕਰਨਾ ਅਤੇ ਘਰਾਠਾਂ ਦਾ ਪੀਸਿਆ ਆਟਾ ਵੇਚਣਾ ਹੈ। ਉਹਨਾਂ ਦੱਸਿਆ ਕਿ ਸਾਡੇ ਘਰਾਂ ਵਿਚ ਸਤਲੁਜ ਦਰਿਆ ਦਾ ਪਾਣੀ ਦਾਖਲ ਹੋ ਗਿਆ ਸੀ, ਜਿਸ ਕਾਰਨ ਸਾਡੇ ਵਾਸ ਦਾ ਬਹੁਤ ਹੀ ਬੁਰਾ ਹਾਲ ਹੈ। ਇਸ ਸਮੇਂ ਸਾਡਾ ਵਾਸ ਬਹੁਤ ਸਾਰੀਆਂ ਸਹੂਲਤਾਂ ਤੋਂ ਵਾਂਝਾ ਹੈ।

ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੈ, ਇਸ ਸਮੇਂ ਨਗਰ ਪੰਚਾਇਤ ਨੇ ਵੀ ਪੀਣ ਵਾਲੇ ਪਾਣੀ ਦਾ ਟੈਂਕਰ ਨਹੀਂ ਭੇਜਿਆ, ਉਹਨਾਂ ਦੱਸਿਆ ਕਿ ਲੈਟਰਿਨ ਬਾਥਰੂਮ ਵੀ ਨਹੀਂ ਹਨ, ਉਹ ਖੇਤਾਂ ਵਿਚ ਜੰਗਲ ਪਾਣੀ ਜਾਂਦੇ ਹਨ, ਬੱਚਿਆਂ ਲਈ ਕੋਈ ਪ੍ਰਾਇਮਰੀ, ਮਿਡਲ ਸਕੂਲ ਨਹੀਂ ਹੈ, ਉਹਨਾਂ ਦੇ ਬੱਚੇ ਰੇਲਵੇ ਲਾਈਨ, ਸੜਕ ਅਤੇ ਨਹਿਰ ਪਾਰ ਕਰਕੇ ਸ੍ਰੀ ਕੀਰਤਪੁਰ ਸਾਹਿਬ ਦੇ ਸਕੂਲਾਂ ਵਿਚ ਪੜਨ ਜਾਂਦੇ ਹਨ। ਸਾਡੇ ਵਾਸ ਵਿਚ ਨਾ ਹੀ ਕੋਈ ਜੰਞ ਘਰ, ਤੇ ਨਾ ਹੀ ਕੋਈ ਸਰਾਂ ਹੈ, ਜਿਥੇ ਨੌਜਵਾਨਾਂ ਦੇ ਵਿਆਹ ਸਮੇਂ ਸਮਾਗਮ ਕੀਤੇ ਜਾ ਸਕਣ, ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਸਾਡੇ ਘਰਾਠਾਂ ਵਾਸ ਵੱਲ ਕੋਈ ਧਿਆਨ ਨਹੀਂ ਦੇ ਰਹੀ। ਸਾਡੀ ਇਹ ਹੀ ਮੰਗ ਹੈ, ਕਿ ਮੌਕਾ ਦੇਖ ਕੇ ਸਾਡੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ। ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਉਹਨਾਂ ਨੂੰ ਕਿਹਾ ਕਿ ਅੱਜ ਉਹ ਪ੍ਰਭਾਵਿਤ ਪਿੰਡਾਂ ਵਿਚ ਲੋਕਾਂ ਨੂੰ ਰਾਹਤ ਸਮੱਗਰੀ ਵੰਡਣ ਆਏ ਹੋਏ ਹਨ।

# ਕੁਲਜੀਤ ਸਿੰਘ ਰੰਧਾਵਾ ਨੇ ਘੱਗਰ ਪਾਰ ਦੇ ਪਿੰਡਾਂ ਦਾ ਦੌਰਾ ਕਰਕੇ, ਨੁਕਸਾਨ ਦਾ ਲਿਆ ਜਾਇਜ਼ਾ



**ਲਾਲੜੂ ,**
**-ਰੋਜ਼ਾਨਾ ਸਵੇਰਾ ਬਿਊਰੋ-**

ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਘੱਗਰ ਪਾਰ ਦੇ ਪਿੰਡਾਂ ਵਿੱਚ ਘੱਗਰ ਦਰਿਆ ਦੇ ਪਾਣੀ ਦਾ ਪੱਧਰ ਵੱਧਣ ਕਾਰਨ ਫਸਲਾਂ ਅਤੇ ਮਕਾਨਾਂ ਆਦਿ ਦਾ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਦੇ ਨਾਲ ਵੱਡੇ ਪੱਧਰ 'ਤੇ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਐਸਡੀਐਮ ਮੋਹਾਲੀ, ਬੀ.ਡੀ.ਪੀ.ਓ. ਡੇਰਾਬੱਸੀ, ਸਾਰੇ ਪ੍ਰਸ਼ਾਸਨਿਕ ਅਧਿਕਾਰੀ ਸਮੇਤ ਪਿੰਡ ਵਾਸੀ ਮੌਜੂਦ ਸ਼ਨ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਮੂਹ ਵਿਧਾਇਕਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਦਿੱਤੇ ਗਏ ਹਨ ਕਿ ਉਹ ਇਸ ਮੁਸ਼ਕਲ ਘੜੀ ਵਿਚ ਸੂਬੇ ਦੇ ਲੋਕਾਂ ਦੇ ਨਾਲ ਖੜਨ। ਉਨ੍ਹਾਂ ਕਿਹਾ ਕਿ ਉਹ ਪਿਛਲੇ 6 ਦਿਨਾਂ ਤੋਂ ਬਰਸਾਤ ਅਤੇ ਘੱਗਰ ਦੇ ਪਾਣੀ ਤੋਂ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਪਿੰਡ ਰਾਜੋਮਾਜਰਾ, ਹੰਸਾਲਾ ਅਤੇ ਹੁੰਬੜਾ ਆਦਿ ਪਿੰਡਾਂ ਦਾ ਦੌਰਾ ਕਰਕੇ ਫ਼ਸਲਾਂ, ਪਸ਼ੂਆਂ ਤੇ ਘਰਾਂ ਆਦਿ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਰਾਹਤ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ ਅਤੇ ਪਾਣੀ ਘਟਣ ਉਪਰੰਤ ਫਸਲਾਂ ਦੀ ਗਿਰਦਾਵਰੀ ਵੀ ਕਰਵਾਈ ਜਾਵੇ। ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਵਕਤ ਆਪਣੇ ਲੋਕਾਂ ਨਾਲ ਖੜ੍ਹੀ ਹੈ ਅਤੇ ਰਾਹਤ ਕਾਰਜਾਂ ਵਿਚ ਕਿਸੇ ਵੀ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਚਾਉਣ ਲਈ ਰਾਹਤ ਕੇਂਦਰਾਂ ਦਾ ਪ੍ਰਬੰਧ ਕੀਤਾ ਗਿਆ ਹੈ ਜਿੱਥੇ ਕਿ ਲੋਕਾਂ ਦੇ ਖਾਣੇ, ਰਹਿਣ, ਪਸ਼ੂਆਂ ਦੇ ਚਾਰੇ ਤੋਂ ਇਲਾਵਾ ਡਾਕਟਰੀ ਪ੍ਰਬੰਧ ਵੀ ਕੀਤੇ ਗਏ ਹਨ। ਉਨ੍ਹਾਂ ਘੱਗਰ ਦੇ ਪਾਣੀ ਦੀ ਮਾਰ ਹੇਠ ਆਉਂਦੇ ਇਲਾਕਿਆਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਆਉਣ ਵਾਲੇ ਦਿਨਾਂ ਵਿੱਚ ਜੇਕਰ ਕੁਦਰਤ ਦੀ ਇਹ ਕਰੋਪੀ ਮੁੜ ਆਉਂਦੀ ਹੈ ਤਾਂ ਉਹ ਆਪਣੇ ਪਰਿਵਾਰਾਂ, ਪਸ਼ੂਆਂ ਸਮੇਤ ਸੁਰੱਖਿਅਤ ਸਥਾਨਾਂ 'ਤੇ ਪਹੁੰਚਣ ਅਤੇ ਰਾਹਤ ਕਾਰਜਾਂ ਵਿੱਚ ਸਰਕਾਰ ਅਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ।

# ਨਿਗਮ ਨੇ ਮਿਸ਼ਨ ਮੋਡ ’ਤੇ ਟੋਇਆਂ ਦੀ ਮੁਰੰਮਤ ਲਈ ਕਾਰਵਾਈ ਕੀਤੀ ਸ਼ੁਰੂ

ਪੰਚਕੂਲਾ, ਰੋਜ਼ਾਨਾ ਸਵੇਰਾ-

ਪੰਚਕੂਲਾ ਵਿੱਚ ਭਾਰੀ ਮੀਂਹ ਕਾਰਨ ਨਿਗਮ ਦੀ ਟੀਮ ਨੇ ਸੜਕਾਂ ’ਤੇ ਪਏ ਟੋਇਆਂ ਦੀ ਮੁਰੰਮਤ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਨਿਗਮ ਨੇ ਨਾਲਿਆਂ ਦੀ ਸਫ਼ਾਈ ਅਤੇ ਮੁਰੰਮਤ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ, ਜੋ ਪਿਛਲੇ ਹਫ਼ਤੇ ਹੋਈ ਭਾਰੀ ਬਰਸਾਤ ਦੌਰਾਨ ਤੂਫ਼ਾਨੀ ਪਾਣੀ ਦੇ ਵਹਾਅ ਨਾਲ ਕੂੜਾ ਇਕੱਠਾ ਹੋਣ ਕਾਰਨ ਪ੍ਰਭਾਵਿਤ ਹੋਏ ਸਨ



। ਨਿਗਮ ਕਮਿਸ਼ਨਰ ਆਈ.ਏ.ਐਸ ਸ੍ਰੀ ਸਚਿਨ ਗੁਪਤਾ ਨੇ ਦੱਸਿਆ ਕਿ ਪੰਚਕੂਲਾ ਦੀਆਂ ਸੜਕਾਂ ਦੀ ਜ਼ਿੰਮੇਵਾਰੀ ਨਿਗਮ ਦੀ ਹੈ ਅਤੇ ਪੰਚਕੂਲਾ ਦੀਆਂ ਸੜਕਾਂ ਨੂੰ ਟੋਏ ਮੁਕਤ ਕਰਨਾ ਵੀ ਨਿਗਮ ਦੀ ਜ਼ਿੰਮੇਵਾਰੀ ਹੈ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਹੁਕਮਾਂ ’ਤੇ ਨਿਗਮ ਦੀ ਟੀਮ ਨੇ ਤੁਰੰਤ ਕੰਮ ਸ਼ੁਰੂ ਕਰ ਦਿੱਤਾ ਹੈ। ਕਮਿਸ਼ਨਰ ਨੇ ਕਿਹਾ ਕਿ ਅਗਲੇ 10 ਦਿਨਾਂ ਵਿੱਚ ਟੋਇਆਂ ਨੂੰ ਭਰ ਕੇ ਪੈਚ ਵਰਕ ਮੁਕੰਮਲ ਕਰ ਲਿਆ ਜਾਵੇਗਾ ਅਤੇ ਪੰਚਕੂਲਾ ਦੇ ਲੋਕ ਮੁੜ ਪੰਚਕੂਲਾ ਦੀਆਂ ਸੜਕਾਂ ਨੂੰ ਪਹਿਲਾਂ ਵਾਂਗ ਹੀ ਚੰਗੀ ਹਾਲਤ ਵਿੱਚ ਦੇਖ ਸਕਣਗੇ। ਉਨ੍ਹਾਂ ਕਿਹਾ ਕਿ ਭਾਰੀ ਮੀਂਹ ਕਾਰਨ ਨਾਲੀਆਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਕਮਿਸ਼ਨਰ ਨੇ ਕਿਹਾ ਕਿ ਡਰੇਨਾਂ ਦੀ ਸਫ਼ਾਈ ਵੀ ਕੀਤੀ ਜਾ ਰਹੀ ਹੈ ਤਾਂ ਜੋ ਟੋਇਆਂ ਵਿੱਚ ਪਾਣੀ ਇਕੱਠਾ ਨਾ ਹੋਵੇ। ਕਮਿਸ਼ਨਰ ਨੇ ਦੱਸਿਆ ਕਿ ਪਹਿਲਾਂ ਨਿਗਮ ਦੀ ਟੀਮ ਏ ਰੋਡ ’ਤੇ ਕੰਮ ਕਰ ਰਹੀ ਹੈ ਅਤੇ ਇਹ ਕੰਮ 7/18 ਚੌਕ ਤੋਂ ਸ਼ੁਰੂ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਹੋਰ ਸੜਕਾਂ ’ਤੇ ਵੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰੀ ਬਰਸਾਤ ਕਾਰਨ ਪੰਚਕੂਲਾ ਦੀਆਂ ਸੜਕਾਂ ਅਤੇ ਨਾਲਿਆਂ ਦੀ ਹਾਲਤ ਦਾ ਨਿਗਮ ਦੀ ਟੀਮ ਵੱਲੋਂ ਜਾਇਜ਼ਾ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਆਪਣੀ ਪਹਿਲ ਪੰਚਕੂਲਾ ਨੂੰ ਪਹਿਲਾਂ ਵਾਂਗ ਸਾਫ਼, ਸੁੰਦਰ ਅਤੇ ਹਰਿਆ ਭਰਿਆ ਬਣਾਉਣਾ ਹੈ। ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਹਨ ਕਿ ਕਿਸੇ ਵੀ ਕੀਮਤ ’ਤੇ ਅਧਿਕਾਰੀ ਸੜਕਾਂ ਦੀ ਮੁਰੰਮਤ ਦੇ ਕੰਮ ’ਚ ਕੋਈ ਕਮੀ ਨਾ ਆਉਣ ਦੇਣ ਅਤੇ ਜੇਕਰ ਕਿਸੇ ਅਧਿਕਾਰੀ ਕਾਰਨ ਕੰਮ ’ਚ ਕਮੀ ਪਾਈ ਗਈ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ ।

# ਬੋਲੀਦਾਤਾਵਾਂ ਨਾਲ ਨੇਗੋਸ਼ਿਏਬਲ ਤੋਂ ਬਾਅਦ ਦਰਾਂ ਤੈਅ ਕਰਕੇ ਲਗਭਗ 15.47 ਕਰੋੜ ਰੁਪਏ ਦੀ ਬਚਤ ਕੀਤੀ

ਗੁਰੂ ਗਰਾਮ,
-ਰੋਜ਼ਾਨਾ ਸਵੇਰਾ-

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੀ ਪ੍ਰਧਾਨਗੀ ਹੇਠ ਹੋਈ ਉੱਚ ਅਧਿਕਾਰ ਪ੍ਰਾਪਤ ਖਰੀਦ ਕਮੇਟੀ (ਐਚ.ਪੀ.ਪੀ.ਸੀ.) ਅਤੇ ਹਾਈ ਪਾਵਰ ਵਰਕਸ ਪਰਚੇਚ ਕਮੇਟੀ (ਐਚਪੀਡਬਲਯੂਪੀਸੀ) ਦੀ ਮੀਟਿੰਗ ਵਿਚ ਲਗਭਗ 620.88 ਕਰੋੜ ਰੁਪਏ ਦੀ ਖਰੀਦ ਤੇ ਕੰਟਰੈਕਟ ਨੂੰ ਪ੍ਰਵਾਨਗੀ ਦਿੱਤੀ ਗਈ। ਮੀਟਿੰਗ ਵਿਚ ਵੱਖ-ਵੱਖ ਬੋਲੀਦਾਤਾਵਾਂ ਨਾਲ ਨੇਗੋਸ਼ਿਏਬਲ ਤੋਂ ਬਾਅਦ ਦਰਾਂ ਤੈਅ ਕਰਕੇ ਲਗਭਗ 15.47 ਕਰੋੜ ਰੁਪਏ ਦੀ ਬਚਤ ਕੀਤੀ ਗਈ ਹੈ।

ਮੀਟਿੰਗ ਵਿਚ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਜੇ.ਪੀ.ਦਲਾਲ, ਊਰਜਾ ਮੰਤਰੀ ਰਣਜੀਤ ਸਿੰਘ, ਟਰਾਂਸਪੋਰਟ ਮੰਤਰੀ ਮੂਲਚੰਦ ਸ਼ਰਮਾ ਅਤੇ ਮਾਲ ਤੇ ਆਪਦਾ ਪ੍ਰਬੰਧਨ ਰਾਜ ਮੰਤਰੀ ਅਨੂਪ ਧਾਨਕ ਵੀ ਹਾਜਿਰ ਸਨ।

ਹਾਈ ਪਾਵਰ ਪਰਚੇਜ ਕਮੇਟੀ ਵਿਚ ਸਿੰਚਾਈ, ਹਰਿਆਣਾ ਬਿਜਲੀ ਵੰਡ ਨਿਗਮ ਲਿਮਟਿਡ ਅਤੇ ਉੱਤਰ ਹਰਿਆਣਾ ਬਿਜਲੀ ਵੰਡ ਲਿਗਮ ਦੇ 10 ਏਜੰਡੇ ਅਤੇ ਹਾਈ ਪਾਵਰ ਪਰਚੇਜ ਕਮੇਟੀ ਵਿਚ ਲੋਕ ਨਿਰਮਾਣ (ਭਵਨ ਤੇ ਸੜਕਾਂ) ਅਤੇ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ 4 ਏਜੰਡੇ ਰੱਖੇ ਗਏ ਅਤੇ ਸਾਰੇ ਏਜੰਡਿਆਂ ਨੂੰ ਪ੍ਰਵਾਨਗੀ ਦਿੱਤੀ ਗਈ।

ਮੀਟਿੰਗ ਵਿਚ ਮੰਜ਼ੂਰ ਕੀਤੇ ਗਏ ਕੰਟਰੇਕਟ ਤੇ ਖਰੀਦ ਪ੍ਰਕ੍ਰਿਆਵਾਂ ਵਿਚ ਜਿਲਾ ਸਿਰਸਾ ਵਿਚ ਸਿਰਸਾ-ਲੁਦੇਸਰ-ਭਾਦਰ ਰੋਡ ਨੂੰ ਮਜ਼ਬੂਤ ਕਰਨ, ਜਿਲਾ ਗੁਰੂਗ੍ਰਾਮ ਵਿਚ ਪੰਚਗਾਂਵ ਤੋਂ ਜਮਾਲਪੁਰ ਹੁੰਦੇ ਹੋਏ ਫਰੁਖਨਗਰ ਤਕ ਦੋ ਲੇਨ ਸੜਕ ਦਾ ਨਿਰਮਾਣ, ਅੰਬਾਲਾ ਸ਼ਹਿਰ ਵਿਚ 100 ਬਿਸਤਰੀਆਂ ਵਾਲੇ ਤਪੇਦਿਕ ਅਤੇ ਕਾਰਡੀਯੋਪਲਮੋਨਰੀ ਰੋਗ ਰਾਜ ਸੰਸਥਾਨ ਦਾ ਨਿਰਮਾਣ, ਹਾਂਸੀ ਟਾਊਨ, ਜਿਲਾ ਹਿਸਾਰ ਵਿਚ ਵਾਟਰ ਵਰਕਸ ਦਾ ਨਵੀਨੀਕਰਣ ਅਤੇ ਅਪਗ੍ਰੇਡੇਸ਼ਨ, ਪੁਰਾਣੇ ਵਾਟਰ ਵਰਕਸ ਦੀ ਮੁੰਰਮਤ ਅਤੇ 9 ਐਮਐਲਡੀ ਜਲ ਇਲਾਜ ਪਲਾਂਟ ਦਾ ਨਿਰਮਾਣ, 20 ਕੇਵੀਏ ਤੇ 10 ਕੇਵੀਏ ਡਿਸਟ੍ਰੀਬਿਊਸ਼ਨ ਟਰਾਂਸਫਾਰਮਰ ਦੀ ਖਰੀਦ, ਰੋਹਤਕ ਖੇਤਰ ਵਿਚ ਆਈਐਮਟੀ ਖਰਖੌਦਾ ਨਾਲ ਜੁੜੇ 220 ਕੇਵੀ ਟਰਾਂਸਮਿਸ਼ਨ ਲਾਇਨ ਦਾ ਨਿਰਮਾਣ, ਆਈਐਮਟੀ ਖਰਖੌਦਾ (ਪਾਕੇਟ ਏ) ਵਿਚ 220 ਕੇਵੀ ਸਬਸਟੇਸ਼ਨ ਤੇ ਆਈਐਮਟੀ ਖਰਖੌਦਾ (ਪਾਕੇਟ ਬੀ) ਸੋਨੀਪਤ ਵਿਚ 220 ਕੇਵੀ ਸਬ ਸਟੇਸ਼ਨ ਦਾ ਨਿਰਮਾਣ ਅਤੇ ਚਿੱਕਨਵਾਸ ਵਿਚ 220 ਕੇਵੀ ਸਬ ਸਟੇਸ਼ਟ ਦਾ ਨਿਰਮਾਣ ਕੰਮ ਸ਼ਾਮਿਲ ਹਨ। ਮੀਟਿੰਗ ਵਿਚ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਵਧੀਕ ਮੁੱਖ ਸਕੱਤਰ ਏ.ਕੇ.ਸਿੰਘ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ.ਉਮਾਸ਼ੰਕਰ ਤੋਂ ਇਲਾਵਾ ਸੀਨੀਅਰ ਅਧਿਕਾਰੀ ਹਾਜਿਰ ਸਨ।

# ਪੰਚਕੂਲਾ ਜ਼ੋਨ ਦੇ ਖਪਤਕਾਰ ਸ਼ਿਕਾਇਤ ਨਿਵਾਰਨ ਫੋਰਮ ਦੀ ਕਾਰਵਾਈ 17 ਅਤੇ 24 ਜੁਲਾਈ ਨੂੰ

ਪੰਚਕੂਲਾ, ਰੋਜ਼ਾਨਾ ਸਵੇਰਾ-

ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਖਪਤਕਾਰਾਂ ਨੂੰ ਭਰੋਸੇਮੰਦ, ਚੰਗੀ ਵੋਲਟੇਜ ਅਤੇ ਨਿਰਵਿਘਨ ਬਿਜਲੀ ਸਪਲਾਈ ਪ੍ਰਦਾਨ ਕਰਨ ਲਈ ਵਚਨਬੱਧ ਹੈ। ‘ਸੰਪੂਰਨ ਖਪਤਕਾਰ ਸੰਤੁਸ਼ਟੀ’ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਬਿਜਲੀ ਨਿਗਮ ਵੱਲੋਂ ਕਈ ਉਤਸ਼ਾਹੀ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ ਤਾਂ ਜੋ ਖਪਤਕਾਰਾਂ ਦੀਆਂ ਸਮੱਸਿਆਵਾਂ ਨੂੰ ਜਲਦੀ ਹੱਲ ਕੀਤਾ ਜਾ ਸਕੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਬਿਜਲੀ ਨਿਗਮ ਦੇ ਬੁਲਾਰੇ ਨੇ ਦੱਸਿਆ ਕਿ ਰੈਗੂਲੇਸ਼ਨ 2.8.2 ਦੇ ਅਨੁਸਾਰ ਜ਼ੋਨਲ ਖਪਤਕਾਰ ਸ਼ਿਕਾਇਤ ਨਿਵਾਰਨ ਫੋਰਮ ਹਰੇਕ ਮਾਮਲੇ ਵਿੱਚ 1 ਲੱਖ ਰੁਪਏ ਤੋਂ ਵੱਧ ਅਤੇ 3 ਲੱਖ ਰੁਪਏ ਤੱਕ ਦੇ ਵਿੱਤੀ ਵਿਵਾਦਾਂ ਨਾਲ ਸਬੰਧਤ ਸ਼ਿਕਾਇਤਾਂ ਦੀ ਸੁਣਵਾਈ ਕਰੇਗਾ। . ਪੰਚਕੂਲਾ ਜ਼ੋਨ ਅਧੀਨ ਆਉਂਦੇ ਜ਼ਿਲ੍ਹਿਆਂ (ਕੁਰੂਕਸ਼ੇਤਰ, ਅੰਬਾਲਾ, ਪੰਚਕੂਲਾ, ਕੈਥਲ ਅਤੇ ਯਮੁਨਾਨਗਰ) ਦੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ 17 ਅਤੇ 24 ਜੁਲਾਈ ਨੂੰ ਜ਼ੋਨਲ ਖਪਤਕਾਰ ਸ਼ਿਕਾਇਤ ਨਿਵਾਰਨ ਫੋਰਮ, ਪੰਚਕੂਲਾ ਵਿਖੇ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਚਕੂਲਾ ਜ਼ੋਨ ਅਧੀਨ ਆਉਂਦੇ ਜ਼ਿਲ੍ਹਿਆਂ ਦੇ ਖਪਤਕਾਰਾਂ ਦੇ ਗਲਤ ਬਿੱਲ, ਬਿਜਲੀ ਦਰਾਂ ਸਬੰਧੀ ਕੇਸ, ਮੀਟਰ ਸੁਰੱਖਿਆ ਸਬੰਧੀ ਕੇਸ, ਨੁਕਸਦਾਰ ਮੀਟਰਾਂ ਸਬੰਧੀ ਕੇਸ, ਵੋਲਟੇਜ ਸਬੰਧੀ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ।

ਇਸ ਦੌਰਾਨ ਬਿਜਲੀ ਚੋਰੀ, ਬਿਜਲੀ ਦੀ ਦੁਰਵਰਤੋਂ ਅਤੇ ਘਾਤਕ ਗੈਰ-ਘਾਤਕ ਹਾਦਸਿਆਂ ਆਦਿ ਦੇ ਕੇਸ ਨਹੀਂ ਵਿਚਾਰੇ ਜਾਣਗੇ। ਉਨ੍ਹਾਂ ਕਿਹਾ ਕਿ ਖਪਤਕਾਰ ਅਤੇ ਨਿਗਮ ਦਰਮਿਆਨ ਕਿਸੇ ਵੀ ਝਗੜੇ ਦੇ ਨਿਪਟਾਰੇ ਲਈ ਫੋਰਮ ਵਿੱਚ ਵਿੱਤੀ ਝਗੜਿਆਂ ਸਬੰਧੀ ਸ਼ਿਕਾਇਤ ਪੇਸ਼ ਕਰਨ ਤੋਂ ਪਹਿਲਾਂ ਪਿਛਲੇ ਛੇ ਮਹੀਨਿਆਂ ਦੌਰਾਨ ਖਪਤਕਾਰ ਵੱਲੋਂ ਅਦਾ ਕੀਤੇ ਔਸਤ ਬਿਜਲੀ ਖਰਚਿਆਂ ਦੇ ਆਧਾਰ ’ਤੇ ਹਰ ਮਹੀਨੇ ਦੀ ਗਣਨਾ ਕੀਤੀ ਗਈ ਰਕਮ ਦਾ ਦਾਅਵਾ ਕੀਤਾ ਗਿਆ। ਜਾਂ ਉਸ ਦੁਆਰਾ ਅਦਾ ਕੀਤੀ ਬਿਜਲੀ ਡਿਊਟੀ ਦੇ ਬਰਾਬਰ ਦੀ ਰਕਮ, ਜੋ ਵੀ ਘੱਟ ਹੋਵੇ, ਖਪਤਕਾਰ ਦੁਆਰਾ ਜਮ੍ਹਾ ਕਰਾਉਣੀ ਹੋਵੇਗੀ। ਇਸ ਮਿਆਦ ਦੇ ਦੌਰਾਨ ਉਪਭੋਗਤਾ ਨੂੰ ਇਹ ਪ੍ਰਮਾਣਿਤ ਕਰਨਾ ਹੋਵੇਗਾ ਕਿ ਮਾਮਲਾ ਕਿਸੇ ਅਦਾਲਤ, ਅਥਾਰਟੀ ਜਾਂ ਫੋਰਮ ਦੇ ਸਾਹਮਣੇ ਲੰਬਿਤ ਨਹੀਂ ਹੈ ਕਿਉਂਕਿ ਅਜਿਹੀ ਅਦਾਲਤ ਜਾਂ ਫੋਰਮ ਦੇ ਸਾਹਮਣੇ ਲੰਬਿਤ ਮਾਮਲਿਆਂ ਨੂੰ ਮੀਟਿੰਗ ਦੌਰਾਨ ਵਿਚਾਰਿਆ ਨਹੀਂ ਜਾਵੇਗਾ।

# ਸਿੰਚਾਈ ਵਿਭਾਗ ਦੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਪੰਚਕੂਲਾ ਦੇ ਹਰਬਲ ਪਾਰਕ ਦਾ ਅੱਧਾ ਹਿੱਸਾ : ਓ ਪੀ ਸਿਹਾਗ

ਪੰਚਕੂਲਾ, ਰੋਜ਼ਾਨਾ ਸਵੇਰਾ-

ਜਨਨਾਇਕ ਜਨਤਾ ਪਾਰਟੀ ਪੰਚਕੂਲਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਓਪੀ ਸਿਹਾਗ ਨੇ ਕਿਹਾ ਕਿ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਦੀ ਅਣਗਹਿਲੀ ਅਤੇ ਲਾਪਰਵਾਹੀ ਕਾਰਨ 9 ਵਿੱਚ ਫੈਲੇ ਸ਼ਹਿਰ ਦਾ ਸਭ ਤੋਂ ਮਹੱਤਵਪੂਰਨ, ਸੁੰਦਰ ਅਤੇ ਸੁਚੱਜਾ ਹਰਬਲ ਪਾਰਕ ਏਕੜ ਅੱਧੀ ਤਬਾਹ ਹੋ ਚੁੱਕੀ ਹੈ।ਅੱਜ ਘੱਗਰ ਦਰਿਆ ਦਾ ਬਹੁਤ ਹਿੱਸਾ ਬਣ ਗਿਆ ਹੈ। ਸਿਹਾਗ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਦਰਿਆ ਦਾ ਮੁੱਖ ਧਾਰਾ ਵਿਚਕਾਰੋਂ ਵਹਿਣ ਦੀ ਬਜਾਏ ਆਪਣੇ ਖੱਬੇ ਕੰਢੇ ਯਾਨੀ ਸੈਕਟਰ 22, 23, 24, 25, 26, 27 ਅਤੇ 28 ਵੱਲ ਵਹਿ ਰਿਹਾ ਹੈ ਅਤੇ ਘੱਗਰ ਨੂੰ ਪਾਣੀ ਮਿਲਦਾ ਰਹਿੰਦਾ ਹੈ। ਇਸ ਪਾਸੇ ਡੂੰਘੇ ਜਾ ਰਿਹਾ ਸੀ ਮਾਣ ਵਾਲੀ ਗੱਲ ਇਹ ਸੀ ਕਿ ਪਿਛਲੇ ਕਈ ਸਾਲਾਂ ਤੋਂ ਬਹੁਤੀ ਬਰਸਾਤ ਨਹੀਂ ਹੋਈ, ਜਿਸ ਕਾਰਨ ਇਸ ਪਾਸੇ ਦਰਿਆ ਦਾ ਬਹੁਤਾ ਨੁਕਸਾਨ ਨਹੀਂ ਹੋਇਆ ਪਰ ਖੱਬੇ ਪਾਸੇ ਦਰਿਆ ਦਾ ਪਾਣੀ ਲਗਾਤਾਰ ਵਧ ਰਿਹਾ ਹੈ।

ਓ.ਪੀ.ਸਿਹਾਗ ਨੇ ਕਿਹਾ ਕਿ ਇਸ ਨੂੰ ਜਿੱਥੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਦੀ ਗਲਤੀ ਕਹੀਏ ਜਾਂ ਲਾਪਰਵਾਹੀ ਕਹੀਏ ਜਾਂ ਉਨ੍ਹਾਂ ਦੀ ਘੱਟ-ਦਿਸ਼ਾ ਕਹਿ ਲਓ, ਉਨ੍ਹਾਂ ਨੇ ਸਮੇਂ ਸਿਰ



ਇਸ ਵੱਲ ਧਿਆਨ ਨਹੀਂ ਦਿੱਤਾ, ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ। ਇਸ ਵਾਰ ਪਹਾੜਾਂ ਤੋਂ ਆ ਰਹੇ ਤੇਜ਼ ਪਾਣੀ ਅਤੇ ਪੂਰੇ ਇਲਾਕੇ ਵਿੱਚ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਨੇ ਨਦੀ ਨੂੰ ਪੂਰੀ ਤਰ੍ਹਾਂ ਨਾਲ ਲੈ ਆਂਦਾ। ਦਰਿਆ ਆਪਣੀ ਸਤ੍ਹਾ ਤੋਂ ਕਰੀਬ 20 ਫੁੱਟ ਉੱਚਾ ਤੇਜ਼ ਰਫ਼ਤਾਰ ਵਾਲਾ ਰੂਪ ਲੈਂਦਿਆਂ ਆਪਣੀ ਮੁੱਖ ਧਾਰਾ ਜੋ ਕਿ ਖੱਬੇ ਪਾਸੇ ਵੱਲ ਸੀ, ਤੋਂ ਕਿਨਾਰੇ ਨੂੰ ਕੱਟਦਾ ਜਾ ਰਿਹਾ ਸੀ, ਜਿਸ ਕਾਰਨ ਨਾਲ ਲੱਗਦੇ ਰਿਹਾਇਸ਼ੀ ਸੈਕਟਰ ਦੇ ਵਸਨੀਕਾਂ ਨੂੰ ਵੀ ਖਤਰਾ ਪੈਦਾ ਹੋ ਗਿਆ ਸੀ। ਸਿਹਾਗ ਨੇ ਕਿਹਾ ਕਿ ਸ਼ੁਕਰ ਹੈ ਕਿ ਦੋ ਦਿਨ ਬਾਅਦ ਬਾਰਸ਼ ਥੋੜੀ ਘੱਟ ਗਈ, ਨਹੀਂ ਤਾਂ ਸੈਕਟਰ 22, 23, 24, 25, 26, 27 ਅਤੇ 28 ਵਿਚ ਕਾਫੀ ਨੁਕਸਾਨ ਹੋ ਸਕਦਾ ਸੀ, ਇਸ ਲਈ ਲੋੜ ਸੀ ਕਿ ਉਨ੍ਹਾਂ ਵੱਲੋਂ ਪੂਰੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਸਨ ।ਇਸ ਬਰਸਾਤੀ ਨਦੀ ਦੀ ਮੁੱਖ ਧਾਰਾ ਨੂੰ ਨਦੀ ਖੇਤਰ ਦੇ ਵਿਚਕਾਰ ਰੱਖਣ ਲਈ ਪਹਿਲਾਂ ਤੋਂ.

ਓ.ਪੀ.ਸਿਹਾਗ ਨੇ ਕਿਹਾ ਕਿ ਮਾਨਸੂਨ ਹੁਣੇ ਸ਼ੁਰੂ ਹੋਇਆ ਹੈ ਅਤੇ ਅਗਲੇ ਦੋ ਮਹੀਨਿਆਂ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਇਸ ਲਈ ਹਰਿਆਣਾ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿੰਚਾਈ ਵਿਭਾਗ ਨੂੰ ਤੁਰੰਤ ਜੰਗੀ ਪੱਧਰ ’ਤੇ ਕੰਮ ਕਰਨਾ ਚਾਹੀਦਾ ਹੈ ਜੋ ਕਿ ਖੱਬੇ ਪਾਸੇ ਵੱਲ ਹੈ। ਦਰਿਆ ਦੀ ਮੁੱਖ ਧਾਰਾ ਜੇਕਰ ਇਹ ਵਹਿ ਰਹੀ ਹੈ ਤਾਂ ਇਸ ਨੂੰ ਵੱਡੀਆਂ ਮਸ਼ੀਨਾਂ ਦੀ ਮਦਦ ਨਾਲ ਵਿਚਕਾਰੋਂ ਮੋੜ ਦਿੱਤਾ ਜਾਵੇ ਤਾਂ ਜੋ ਦਰਿਆ ਦਾ ਤੇਜ਼ ਵਹਾਅ ਵਿਚਕਾਰੋਂ ਲੰਘਣ ਨਾਲ ਦੋਵਾਂ ਕਿਨਾਰਿਆਂ ਨੂੰ ਜ਼ਿਆਦਾ ਨੁਕਸਾਨ ਨਾ ਹੋਵੇ। ਮਾਹਿਰ ਨੂੰ ਵੀ ਤੁਰੰਤ ਲਿਆ ਜਾਣਾ ਚਾਹੀਦਾ ਹੈ। ਓ.ਪੀ.ਸਿਹਾਗ ਨੇ ਕਿਹਾ ਕਿ ਹਰਿਆਣਾ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪੀੜਤਾਂ ਦੇ ਬਚਾਅ ਅਤੇ ਰਾਹਤ ਲਈ ਕੀਤੇ ਗਏ ਸਮੇਂ ਸਿਰ ਪ੍ਰਬੰਧਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਵੱਲੋਂ ਕੀਤੀ ਜਾ ਰਹੀ ਮਦਦ ਕਾਰਨ ਜ਼ਿਲ੍ਹੇ ਵਿੱਚ ਸਥਿਤੀ ਹੁਣ ਕਾਬੂ ਹੇਠ ਹੈ।

# ਪੰਚਕੂਲਾ ਨਗਰ ਨਿਗਮ ਖੇਤਰ ਵਿੱਚ ਕੰਮ ਕਰਨ ਵਾਲੇ ਡੇਅਰੀ ਸੰਚਾਲਕਾਂ ਨੂੰ ਹੁਣ ਨਗਰ ਨਿਗਮ ਵਿੱਚ ਰਜਿਸਟਰਡ ਹੋਣਾ ਪਵੇਗਾ

ਪੰਚਕੂਲਾ, ਰੋਜ਼ਾਨਾ ਸਵੇਰਾ-

ਪੰਚਕੂਲਾ ਨਗਰ ਨਿਗਮ ਖੇਤਰ ਵਿੱਚ ਕੰਮ ਕਰਨ ਵਾਲੇ ਡੇਅਰੀ ਸੰਚਾਲਕਾਂ ਨੂੰ ਹੁਣ ਨਗਰ ਨਿਗਮ ਵਿੱਚ ਰਜਿਸਟਰਡ ਹੋਣਾ ਪਵੇਗਾ। ਨਿਗਮ ਕਮਿਸ਼ਨਰ ਆਈਏਐਸ ਸ੍ਰੀ ਸਚਿਨ ਗੁਪਤਾ ਨੇ ਦੱਸਿਆ ਕਿ ਪੰਚਕੂਲਾ ਨਗਰ ਨਿਗਮ ਖੇਤਰ ਵਿੱਚ ਜ਼ਿਆਦਾਤਰ ਡੇਅਰੀ ਮਾਲਕ ਅਨਿਯਮਿਤ ਢੰਗ ਨਾਲ ਡੇਅਰੀਆਂ ਚਲਾ ਰਹੇ ਹਨ। ਉਹ ਪਸ਼ੂਆਂ ਦੇ ਗੋਹੇ ਨੂੰ ਖੁੱਲੇ ਸਥਾਨਾਂ/ਸੜਕਾਂ ਜਾਂ ਸੀਵਰੇਜ ਲਾਈਨਾਂ/ਨਾਲੀਆਂ ਵਿੱਚ ਸੁੱਟ ਕੇ ਨਿਪਟਾਉਂਦੇ ਹਨ। ਜਿਸ ਕਾਰਨ ਗਊਆਂ ਦਾ ਗੋਹਾ ਸੀਵਰੇਜ ਲਾਈਨ ਦੀ ਸਫ਼ਾਈ ਸਮਰੱਥਾ ਨੂੰ ਘਟਾ ਦਿੰਦਾ ਹੈ ਅਤੇ ਸੀਵਰੇਜ ਸਿਸਟਮ ਨੂੰ ਬਲਾਕ ਕਰ ਦਿੰਦਾ ਹੈ, ਜਿਸ ਨਾਲ ਨਾ ਸਿਰਫ਼ ਸੀਵਰੇਜ ਦੇ ਪਾਣੀ ਦਾ ਨਿਕਾਸ ਸੜਕਾਂ ’ਤੇ ਹੁੰਦਾ ਹੈ ਸਗੋਂ ਬਦਬੂ ਵੀ ਫੈਲਦੀ ਹੈ । ਨਤੀਜੇ ਵਜੋਂ, ਇਹ ਬਿਮਾਰੀਆਂ ਫੈਲਣ ਦਾ ਕਾਰਨ ਬਣਦਾ ਹੈ ਅਤੇ ਜਨਤਕ ਪ੍ਰਦੂਸ਼ਣ ਪੈਦਾ ਕਰਦਾ ਹੈ। ਕਮਿਸ਼ਨਰ ਨੇ ਦੱਸਿਆ ਕਿ ਪਸ਼ੂਆਂ ਦਾ ਗੋਹਾ ਸੀਵਰੇਜ ਲਾਈਨਾਂ ਵਿੱਚ ਮੀਥੇਨ ਗੈਸ ਵੀ ਪੈਦਾ ਕਰਦਾ ਹੈ ਜੋ ਕਿ ਸੀਵਰੇਜ ਲਾਈਨਾਂ ਦੀ ਸਾਂਭ-ਸੰਭਾਲ ਕਰਨ ਵਾਲੇ ਮਜ਼ਦੂਰਾਂ ਲਈ ਅਸਲ ਜੀਵਨ ਨੂੰ ਖ਼ਤਰਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰੀ ਲੋਕਲ ਬਾਡੀਜ਼ ਵਿਭਾਗ ਨੇ ਨਗਰ ਨਿਗਮ ਖੇਤਰ ਵਿੱਚ ਪਸ਼ੂਆਂ ਦੇ ਗੋਹੇ ਦੇ ਵਿਗਿਆਨਕ ਨਿਪਟਾਰੇ ਲਈ ਪਸ਼ੂਆਂ ਦੇ ਗੋਬਰ ਪ੍ਰਬੰਧਨ ਨੀਤੀ ਤਿਆਰ ਕੀਤੀ ਹੈ। ਇਸ ਨੀਤੀ ਦੇ ਉਪਬੰਧਾਂ ਅਨੁਸਾਰ ਪਸ਼ੂਆਂ ਦੇ ਗੋਹੇ ਦਾ ਵਿਗਿਆਨਕ ਨਿਪਟਾਰਾ ਕਰਨਾ ਜਨਰੇਟਰ ਦੀ ਮੁੱਖ ਜ਼ਿੰਮੇਵਾਰੀ ਹੈ ਅਤੇ ਉਨ੍ਹਾਂ ਨੂੰ ਜਨਤਕ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਸਬੰਧਤ ਨਗਰ ਨਿਗਮ ਕੋਲ ਆਪਣੇ ਆਪ ਨੂੰ ਰਜਿਸਟਰ ਕਰਨਾ ਹੋਵੇਗਾ। ਇਸ ਲਈ ਰਜਿਸਟ੍ਰੇਸ਼ਨ ਫਾਰਮ ਨਗਰ ਨਿਗਮ ਦੀ ਵੈੱਬਸਾਈਟ ’ਤੇ ਉਪਲਬਧ ਹੈ। ਉਨ ਾਂ ਦੱਸਿਆ ਕਿ ਨਗਰ ਨਿਗਮ ਆਪਣੇ ਪੱਧਰ ’ਤੇ ਸਾਂਝੀ ਸਹੂਲਤ ਵਾਲੀ ਨਿਰਧਾਰਤ ਥਾਂ ’ਤੇ ਪਸ਼ੂਆਂ ਦੇ ਗੋਹੇ ਨੂੰ ਇਕੱਠਾ ਕਰਨ, ਢੋਆ-ਢੁਆਈ ਅਤੇ ਵਿਗਿਆਨਕ ਤਰੀਕੇ ਨਾਲ ਨਿਪਟਾਰੇ ਦਾ ਪ੍ਰਬੰਧ ਕਰੇਗਾ ਅਤੇ ਪ੍ਰਦੂਸ਼ਣ ਭੁਗਤਾਨ ਦੇ ਸਿਧਾਂਤ ਦੇ ਆਧਾਰ ’ਤੇ ਗਣਨਾ ਅਨੁਸਾਰ ਜਨਰੇਟਰ ਤੋਂ ਚਾਰਜ ਲਵੇਗਾ। ਹਰਿਆਣਾ ਮਿਉਂਸਪਲ ਕਾਰਪੋਰੇਸ਼ਨ ਐਕਟ, 1994 ਦੀ ਧਾਰਾ 273(2) ਅਤੇ 309(1)(ਬੀ) ਅਤੇ ਭਾਰਤੀ ਦੰਡ ਵਿਧਾਨ ਦੀ ਧਾਰਾ 19 ਦੇ ਤਹਿਤ। 1860, ਹੇਠ ਲਿਖੀਆਂ ਉਲੰਘਣਾਵਾਂ ਅਤੇ ਵਰਗ ਦੇ ਮਾਮਲੇ ਵਿੱਚ ਜੇਕਰ ਗੋਬਰ ਉਤਪਾਦਕ ਇਸ ਜਨਤਕ ਨੋਟਿਸ ਦੇ 30 ਦਿਨਾਂ ਦੇ ਅੰਦਰ ਸਬੰਧਤ ਨਗਰ ਨਿਗਮ ਕੋਲ ਰਜਿਸਟਰਡ ਨਹੀਂ ਹੁੰਦੇ ਹਨ,

(ਬੀ) ਪਸ਼ੂਆਂ ਦੇ ਗੋਹੇ ਨੂੰ ਖੁੱਲ੍ਹੇ ਸਥਾਨਾਂ/ਸੜਕਾਂ ਦੇ ਕਿਨਾਰਿਆਂ ਜਾਂ ਤੂਫ਼ਾਨ ਵਾਲੇ ਪਾਣੀ ਦੀਆਂ ਨਾਲੀਆਂ/ਸੀਵਰ ਲਾਈਨਾਂ ਆਦਿ ਵਿੱਚ ਸੁੱਟ ਕੇ ਨਿਪਟਾਉਣਾ,

(*) ਅਹਾਤੇ/ਸੰਪੱਤੀ ਦੀ ਵਰਤੋਂ ਦੇ ਆਧਾਰ ’ਤੇ ਮਿਉਂਸਪਲ ਬਕਾਇਆ ਦਾ ਭੁਗਤਾਨ ਨਾ ਕਰਨ ਦੀ ਸੂਰਤ ਵਿੱਚ, ਐਕਟ ਅਧੀਨ ਪ੍ਰਦਾਨ ਕੀਤੇ ਗਏ ਦੰਡ ਪ੍ਰਬੰਧਾਂ ਤੋਂ ਇਲਾਵਾ ਪਸ਼ੂਆਂ ਨੂੰ ਜ਼ਬਤ ਕਰਕੇ ਰਜਿਸਟਰਡ ਗਊਸ਼ਾਲਾ ਨੂੰ ਸੌਂਪ ਦਿੱਤਾ ਜਾਵੇਗਾ ਅਤੇ ਅਪਰਾਧਿਕ ਕਾਰਵਾਈ ਵੀ ਕੀਤੀ ਜਾਵੇਗੀ। ਅਜਿਹੇ ਪਸ਼ੂ ਮਾਲਕਾਂ ਖਿਲਾਫ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਐਨਜੀਟੀ ਦੇ ਹੁਕਮਾਂ ਅਨੁਸਾਰ ਉਲੰਘਣਾ ਕਰਨ ਵਾਲੇ ਨੂੰ ਵਾਤਾਵਰਨ ਮੁਆਵਜ਼ੇ ਵਜੋਂ ਪ੍ਰਤੀ ਡਿਫਾਲਟਰ 10,000 ਰੁਪਏ ਦਾ ਵਾਧੂ ਜੁਰਮਾਨਾ ਵੀ ਅਦਾ ਕਰਨਾ ਪਵੇਗਾ।

# ਬਿਜਲੀ ਵਿਵਸਥਾ ਨੂੰ ਦਰੁਸਤ ਕਰਨ ਲਈ ਲਗਾਤਾਰ ਯਤਨ ਜਾਰੀ-ਸਾਕੇਤ ਕੁਮਾਰ

ਪੰਚਕੂਲਾ, ਰੋਜ਼ਾਨਾ ਸਵੇਰਾ-

ਸ਼ਨੀਵਾਰ ਤੋਂ ਲਗਾਤਾਰ ਹੋ ਰਹੀ ਬਾਰਿਸ਼ ਨੇ ਸੂਬੇ ’ਚ ਜਨਜੀਵਨ ਠੱਪ ਕਰ ਦਿੱਤਾ ਹੈ। ਬਿਜਲੀ ਵਿਵਸਥਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਘੱਗਰ ਦਰਿਆ ਅਤੇ ਕੌਸ਼ੱਲਿਆ ਡੈਮ ਵਿੱਚ ਪਾਣੀ ਦੇ ਤੇਜ਼ ਵਹਾਅ ਕਾਰਨ ਮੱਲ੍ਹਾ ਨੂੰ ਹਾਈਵੇਅ ਨਾਲ ਜੋੜਨ ਵਾਲੇ ਪੁਲ ਨੇੜੇ ਬਿਜਲੀ ਵਿਭਾਗ ਦੇ ਤਿੰਨ ਫੀਡਰ ਵਹਿ ਗਏ। ਇਸ ਕਾਰਨ ਮੱਲ੍ਹਾ, ਹਿਮਸ਼ਿਖਾਸ਼, ਗਣੇਸ਼ਪੁਰ ਭੋਰੀਆ, ਚਿਕਨ, ਇਸਲਾਮ ਨਗਰ, ਨੰਦਪੁਰ, ਕੇਦਾਰਪੁਰ, ਸੀਆਰਪੀਐਫ ਕੈਂਪ ਆਦਿ ਵਿੱਚ ਬਿਜਲੀ ਸਪਲਾਈ ਵਿੱਚ ਵਿਘਨ ਪਿਆ ਹੈ। ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਦੇ ਮੈਨੇਜਿੰਗ ਡਾਇਰੈਕਟਰ ਡਾ: ਸਾਕੇਤ ਕੁਮਾਰ ਨੇ ਬਿਜਲੀ ਪ੍ਰਣਾਲੀ ਦਾ ਅਚਨਚੇਤ ਨਿਰੀਖਣ ਕੀਤਾ ਅਤੇ ਸਿਸਟਮ ਦੀ ਮੁਰੰਮਤ ਲਈ ਹਰ ਸੰਭਵ ਯਤਨ ਕਰਨ ਦੇ ਨਿਰਦੇਸ਼ ਦਿੱਤੇ । ਉਨ੍ਹਾਂ ਅਸਥਾਈ ਕੇਬਲ ਲਗਾ ਕੇ ਸਪਲਾਈ ਚਾਲੂ ਕਰਨ ਲਈ ਕਿਹਾ ਅਤੇ ਸੂਬੇ ਦੇ ਲੋਕਾਂ ਨੂੰ ਲਗਾਤਾਰ ਲੋੜੀਂਦੀ ਬਿਜਲੀ ਮੁਹੱਈਆ ਕਰਵਾਉਣ ’ਤੇ ਜ਼ੋਰ ਦਿੱਤਾ। ਉਨ੍ਹਾਂ ਖਪਤਕਾਰਾਂ ਨੂੰ ਬਰਸਾਤ ਦੌਰਾਨ ਬਿਜਲੀ ਦੇ ਬੁਨਿਆਦੀ ਢਾਂਚੇ ਤੋਂ ਦੂਰ ਰਹਿਣ ਦੀ ਅਪੀਲ ਵੀ ਕੀਤੀ ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ, 1912 ’ਤੇ ਸ਼ਿਕਾਇਤ ਕੀਤੀ ਜਾ ਸਕਦੀ ਹੈ ਅਤੇ ਸਥਾਨਕ ਅਧਿਕਾਰੀਆਂ ਕੋਲ ਦਰਜ ਕਰਵਾਈ ਜਾ ਸਕਦੀ ਹੈ।

# ਜ਼ਮੀਨ ਖਿਸਕਣ ਤੋਂ ਬਾਅਦ ਕਈ ਸੜਕਾਂ ’ਤੇ ਸੰਪਰਕ ਬਹਾਲ - ਡੀ.ਸੀ

ਪੰਚਕੂਲਾ, ਰੋਜ਼ਾਨਾ ਸਵੇਰਾ-

ਡਿਪਟੀ ਕਮਿਸ਼ਨਰ ਡਾ: ਪ੍ਰਿਅੰਕਾ ਸੋਨੀ ਨੇ ਦੱਸਿਆ ਕਿ ਬਡਿਆਲ ਅਤੇ ਸਮਲੋਠਾ ਦੇਵੀ ਮੰਦਿਰ ਵਿਚਕਾਰ ਸੜਕੀ ਸੰਪਰਕ ਬਹਾਲ ਕਰ ਦਿੱਤਾ ਗਿਆ ਹੈ । ਇਸ ਤੋਂ ਇਲਾਵਾ, ਜੱਲ੍ਹਾ ਤੋਂ ਚੰਡੀਮੰਦਰ ਰਾਹੀਂ ਮੰਧਾਨਾ ਰੋਡ ਦਾ ਸੰਪਰਕ ਵੀ ਜਲਦੀ ਹੀ ਬਹਾਲ ਹੋਣ ਜਾ ਰਿਹਾ ਹੈ, ਜਿਸ ਨਾਲ ਸਥਾਨਕ ਨਿਵਾਸੀਆਂ ਅਤੇ ਯਾਤਰੀਆਂ ਨੂੰ ਰਾਹਤ ਮਿਲੇਗੀ।

ਉਨ੍ਹਾਂ ਕਿਹਾ ਕਿ ਪੰਚਕੂਲਾ ਜ਼ਿਲ੍ਹੇ ਵਿੱਚ ਹਾਲ ਹੀ ਵਿੱਚ ਹੋਈ ਭਾਰੀ ਬਰਸਾਤ ਕਾਰਨ ਕਈ ਥਾਵਾਂ ’ਤੇ ਢਿੱਗਾਂ ਡਿੱਗ ਗਈਆਂ.

# ਹਰਿਆਣਾ ਦੇ ਮੁੱਖ ਮੰਤਰੀ ਦੇ ਸਲਾਹਕਾਰ (ਸਿੰਚਾਈ) ਨੇ ਦਿੱਤੀ ਦੇ ਮੁੱਖ ਮੰਤਰੀ ਦੇ ਪੱਤਰ ਦਾ ਦਿੱਤਾ ਜਵਾਬ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਰਿਟਾਇਡ ਆਈਏਐਸ ਅਤੇ ਹਰਿਆਣਾ ਦੇ ਮੁੱਖ ਮੰਤਰੀ ਦੇ ਸਲਾਹਕਾਰ (ਸਿੰਚਾਈ) ਸ੍ਰੀ ਦੇਵੇਂਦਰ ਸਿੰਘ ਨੇ ਕਿਹਾ ਕਿ ਯਮੁਨਾ ਨਦੀ ਦੇ ਜਲ ਪੱਧਰ ਵੱਧਣ ਨੂੰ ਲੈ ਕੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਅਧਾਰਹੀਨ ਅਤੇ ਤੱਥਾਂ ਤੋਂ ਪਰੇ ਗੱਲ ਕਰ ਰਹੇ ਹਨ। ਹਥਿਨੀਕੁੰਡ ਬੈਰਾਜ ਤੋਂ ਵੱਧ ਗਿਣਤੀ ਵਿਚ ਪਾਣੀ ਛੱਡੇ ਜਾਣ ਨਾਲ ਯਮੁਨਾ ਦਾ ਜਲਪੱਧਰ ਵੱਧਣ ਦੇ ਉਨ੍ਹਾਂ ਦੇ ਦੋਸ਼ ਪੂਰੀ ਤਰ੍ਹਾ ਨਾਲ ਬੇਬੁਨਿਆਦ ਹਨ। ਅਜਿਹਾ ਲਗਦਾ ਹੈ ਕਿ ਉਨ੍ਹਾਂ ਦੇ ਅਧਿਕਾਰੀਆਂ ਨੇ ਉਨ੍ਹਾਂ ਨੇ ਸਚਾਈ ਅਤੇ ਤੱਥਾਂ ਨਾਲ ਜਾਣੂੰ ਨਹੀਂ ਕਰਵਾਇਆ। ਉਨ੍ਹਾਂ ਨੇ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਨੇ ਇਸ ਸਬੰਧ ਵਿਚ ਜੋ ਪੱਤਰ ਗ੍ਰਹਿ ਮੰਤਰੀ , ਭਾਰਤ ਸਰਕਾਰ ਨੂੰ ਲਿਖਿਆ ਹੈ ਉਸ ਵਿਚ ਬਿਲਕੁੱਲ ਵੀ ਸਚਾਈ ਨਹੀਂ ਹੈ।

ਸ੍ਰੀ ਦੇਵੇਂਦਰ ਸਿੰਘ ਨੇ ਦਸਿਆ ਕਿ ਮੌਜੂਦਾ ਵਿਚ ਗੱਲ ਇਹ ਹੈ ਕਿ ਹਥਿਨੀਕੁੰਡ ’ਤੇ ਬਣਿਆ ਢਾਂਚਾ ਇਕ ਬੈਰਾਜ ਹੈ ਜੋ ਕਿ ਸਿਰਫ ਪਾਣੀ ਨੂੰ ਡਾਇਵਰਟ/ਰੈਗੂਲੇਟ ਕਰਨ ਦੇ ਲਈ ਹੈ। ਪਾਣੀ ਨੂੰ ਸੀਮਤ ਗਿਣਤੀ ਵਿਚ ਸਿਰਫ ਕਿਸੇ ਬੰਨ੍ਹ ਤੋਂ ਸੰਚਾਲਿਤ ਕੀਤਾ ਜਾ ਸਕਦਾ ਹੈ, ਬੈਰਾਜ ਤੋਂ ਨਹੀਂ। ਇੱਥੇ ਇਹ ਵੀ ਦੱਸਣਾ ਬਹੁਤ ਜਰੂਰੀ ਹੈ ਕਿ ਕੇਂਦਰੀ ਜਲ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜੋ ਪਾਣੀ ਹਥਿਨੀਕੁੰਡ ਬੈਰਾਜ ਦੀ ਸੁਰੱਖਿਆ ਤਹਿਤ ਯਮੁਨਾ ਨਦੀ ਵਿਚ ਛੱਡਿਆ ਜਾ ਰਿਹਾ ਹੈ, ਇਹ ਪਾਣੀ ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਵਿਚ ਹੋਈ ਬਹੁਤ ਵੱਧ ਬਰਸਾਤ ਦਾ ਪਾਣੀ ਹੈ। ਇਸ ਪਾਣੀ ਦੇ ਕਾਰਨ ਹਰਿਆਣਾ ਦੇ ਯਮੁਨਾਨਗਰ, ਕਰਨਾਲ, ਪਾਣੀਪਤ ਤੇ ਸੋਨੀਪਤ ਵਿਚ ਭੂਮੀ ਕਟਾਅ ਅਤੇ ਜਲਭਰਾਅ ਹੋਇਆ ਹੈ, ਜਿਸ ਤੋਂ ਰਾਜ ਨੂੰ ਭਾਰੀ ਜਾਨਮਾਲ ਦਾ ਨੁਕਸਾਨ ਭੁਗਤਾਨ ਕਰਨਾ ਪੈ ਰਿਹਾ ਹੈ। ਜੇਕਰ ਸੀਮਤ ਗਿਣਤੀ ਵਿਚ ਪਾਣੀ ਛੱਡਣ ਦਾ ਕੋਈ ਪ੍ਰਾਵਧਾਨ ਹੁੰਦਾ ਤਾਂ ਇਹ ਹਰਿਆਣਾ ਰਾਜ ਦੇ ਹਿੱਤ ਵਿਚ ਵੀ ਹੁੰਦਾ।

ਵਰਨਣਯੋਗ ਹੈ ਕਿ ਹਥਿਨੀਕੁੰਡ ਬੈਰਾਜ ਯਮੁਨਾ ਨਦੀ ’ਤੇ ਯਮੁਨਾਨਗਰ ਵਿਚ ਸਥਿਤ ਬੈਰਾਜ ਹੈ। ਇਹ ਬੈਰਾਜ ਸਾਲ 1998-2000 ਦੌਰਾਨ ਪਹਿਲਾਂ ਬਣੇ ਹੋਏ ਤਾਜੇਵਾਲਾ ਬੈਰਾਜ ਦੀ ਰਿਪਲੇਸਮੈਂਟ ਲਈ ਬਣਾਇਆ ਗਿਆ ਸੀ। ਹਥਿਨੀ ਕੁੰਡ ’ਤੇ ਸਥਿਤ ਸਰੰਚਨਾ/ਇਕ ਢਾਂਚਾ ਬੈਰਾਜ ਹੈ, ਜਿੱਥੋਂ ਪਾਰਟਨਰ ਸੂਬਿਆਂ ਨੂੰ 1994 ਦੇ ਸਮਝੌਤਾ/ਮੈਮੋ ਅਨੁਸਾਰ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ। ਹਥਿਨੀਕੁੰਡ ਬੈਰਾਜ ਦਾ ਡਿਜਾਇਨ ਸੀਡਬਲਿਯੂਸੀ ਵੱਲੋਂ ਕੀਤਾ ਗਿਆ ਸੀ। ਇਸ ਬੈਰਾਜ ਵਿਚ ਪਾਣੀ ਨੂੰ ਸਟੋਰ ਕਰਨ ਦਾ ਕੋਈ ਤਰੀਕਾ ਨਹੀਂ ਹੈ।

ਸੀਡਬਲਿਯੂਸੀ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਇਸ ਵਿਚ ਇਕ ਲੱਖ ਕਿਊਸਿਕ ਤੋਂ ਵੱਧ ਗਿਣਤੀ ਵਿਚ ਪਾਣੀ ਆਉਣ ’ਤੇ ਪਾਣੀ ਖੁਦ ਯਮੁਨਾ ਵਿਚ ਚਲਾ ਜਾਂਦਾ ਹੈ। ਜੇਕਰ ਬੈਰਾਜ ਵਿਚ ਆਏ ਪਾਣੀ ਨੂੰ ਰੋਕਨ ਦਾ ਯਤਨ ਕੀਤਾ ਜਾਵੇ ਤਾਂ ਇਹ ਬੈਰਾਜ ਦੇ ਸਾਰੇ ਗੇਟਾਂ ਨੂੰ ਨੁਕਸਾਨ ਕਰ ਸਕਦਾ ਹੈ ਅਤੇ ਇਹ ਪਾਣੀ ਭਿਯੰਕਰ ਹੜ੍ਹ ਵਿਚ ਤਬਦੀਲ ਹੋ ਕੇ ਹਰਿਆਣਾ ਅਤੇ ਦਿੱਲੀ ਵਿਚ ਭਾਰੀ ਤਬਾਹੀ ਮਚਾ ਸਕਦਾ ਹੈ।

# ਜਾਖੜ ਨੇ ਹੜ੍ਹਾਂ ਦੀ ਆਫ਼ਤ ਨਾਲ ਨਜਿੱਠਣ ਲਈ ਪੰਜਾਬ ਨੂੰ 218.40 ਕਰੋੜ ਰੁਪਏ ਐਮਰਜੈਂਸੀ ਜਾਰੀ ਕਰਨ ਤੇ ਕੁਦਰਤੀ ਆਫ਼ਤਾਂ ਦੇ ਦਿਸ਼ਾ ਨਿਰਦੇਸ਼ਾਂ ਵਿਚ ਢਿੱਲ ਦੇਣ ਲਈ ਪ੍ਰਧਾਨ ਮੰਤਰੀ ਮੋਦੀ ਦਾ ਕੀਤਾ

## ਭਗਵੰਤ ਮਾਨ ਸਰਕਾਰ ਨੂੰ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਪ੍ਰਭਾਵਿਤ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਨੂੰ ਦੂਰ ਕਰਨ ਲਈ ਤੁਰੰਤ ਉਸੇ ਤਰ੍ਹਾਂ ਫ਼ੰਡਾਂ ਦੀ ਵਰਤੋਂ ਕਰਨ ਦੀ ਕੀਤੀ ਅਪੀਲ

ਨਵੀਂ ਦਿੱਲੀ
-ਰੋਜ਼ਾਨਾ ਸਵੇਰਾ-

ਹੜ੍ਹ ਪ੍ਰਭਾਵਿਤ ਪੰਜਾਬ ਨੂੰ ਸੂਬਾਈ ਆਫ਼ਤ ਨਾਲ ਨਜਿੱਠਣ ਲਈ ਤੁਰੰਤ ਫੰਡ ਜਾਰੀ ਕਰਨ ਲਈ ਅਤੇ ਮੌਜੂਦਾ ਦਿਸ਼ਾ-ਨਿਰਦੇਸ਼ਾਂ ਵਿੱਚ ਢਿੱਲ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦੇ ਹੋਏ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸੰਕਟ ਵਿੱਚ ਘਿਰੇ ਲੋਕਾਂ ਤੱਕ ਪਹੁੰਚ ਕਰਨ ਵਿੱਚ ਹੁਣ ਕੋਈ ਵੀ ਪਲ ਬਰਬਾਦ ਨਾ ਕਰੇ। ਪੇਂਡੂ ਅਤੇ ਸ਼ਹਿਰੀ ਖੇਤਰ ਵਿਚ ਫਸਲਾਂ ਦੇ ਨੁਕਸਾਨ ਲਈ ਕਿਸਾਨਾਂ ਨੂੰ ਬਿਨਾਂ ਦੇਰੀ 20,000 ਪ੍ਰਤੀ ਏਕੜ ਮੁਆਵਜਾ ਦਿੱਤਾ ਜਾਵੇ।

ਸੁਨੀਲ ਜਾਖੜ ਨੇ ਕਿਹਾ ਕਿ ਮੈਂ ਭਗਵੰਤ ਮਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਹੜ੍ਹਾਂ ‘ਤੋਂ ਪ੍ਰਭਾਵਿਤ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਕੇਂਦਰ ਵਲੋਂ ਦਿੱਤੇ ਫੰਡਾਂ ਨੂੰ ਤੁਰੰਤ ਵੰਡਣ ਅਤੇ ਅਜਿਹੇ ਸਮੇਂ ਗਿਰਦਾਵਰੀ ਦਾ ਇੰਤਜ਼ਾਰ ਨਾ ਕੀਤਾ ਜਾਵੇ। ਜਾਖੜ ਨੇ ਜਾਰੀ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਹਰੇਕ ਨੂੰ ਤੁਰੰਤ ਠੋਸ ਰਾਹਤ ਦੇਣਾ ਸੂਬੇ ਦੀ ਪ੍ਰਮੁੱਖ ਤਰਜੀਹ ਹੋਣੀ ਚਾਹੀਦੀ ਹੈ।

ਕੇਂਦਰ ਨੇ ਭਾਰੀ ਮੀਂਹ ਅਤੇ ਇਸ ਨਾਲ ਜੁੜੀਆਂ ਕੁਦਰਤੀ ਆਫ਼ਤਾਂ ਦੇ ਮੱਦੇਨਜ਼ਰ ਦੇਸ਼ ਦੇ 22 ਸੂਬਿਆਂ ਨੂੰ ਤੁਰੰਤ ਫੰਡ ਮੁਹੱਈਆ ਕਰਵਾਉਣ ਲਈ ਅਤੇ ਮੌਜੂਦਾ ਦਿਸ਼ਾ-ਨਿਰਦੇਸ਼ਾਂ ਵਿੱਚ ਢਿੱਲ ਦੇ ਕੇ ਅੱਜ ਸੂਬਿਆਂ ਨੂੰ ਫੰਡ ਜਾਰੀ ਕੀਤੇ



ਹਨ। ਪੰਜਾਬ ਨੂੰ ਇਸ ਮਕਸਦ ਲਈ 218.40 ਕਰੋੜ ਰੁਪਏ ਮਿਲੇ ਹਨ।

ਪੰਜਾਬ ਸਰਕਾਰ ਨੂੰ ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਨਾਗਰਿਕਾਂ ਨੂੰ ਰਾਹਤ ਯਕੀਨੀ ਬਣਾਉਣ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਤੋਂ ਬਚਣ ਦੀ ਅਪੀਲ ਕਰਦਿਆਂ ਸੁਨੀਲ ਜਾਖੜ ਨੇ ਅੱਜ ਕੇਂਦਰ ਸਰਕਾਰ ਵੱਲੋਂ ਹਰ ਲੋੜੀਂਦੀ ਮੱਦਦ ਅਤੇ ਸਹਾਇਤਾ ਦਾ ਭਰੋਸਾ ਦਿੱਤਾ। ਜਾਖੜ ਨੇ ਕਿਹਾ ਕਿ ਇਹ ਗ੍ਰਹਿ ਮੰਤਰੀ ਅਮਿਤ ਸ਼ਾਹ ਹੀ ਸਨ, ਜਿਨ੍ਹਾਂ ਨੇ ਪੰਜਾਬ ਸਰਕਾਰ ਨੂੰ ਆਫ਼ਤ ਦੀ ਗੰਭੀਰਤਾ ਨੂੰ ਸਮਝਣ ਤੋਂ ਪਹਿਲਾਂ ਹੀ ਮੁੱਖ ਮੰਤਰੀ ਭਗਵੰਤ ਮਾਨ ਤੱਕ ਪਹੁੰਚ ਕੀਤੀ ਸੀ ਅਤੇ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ ਸੀ।

ਸੁਨੀਲ ਜਾਖੜ ਨੇ ਸੂਬਾ ਸਰਕਾਰ ਦੀ ਰਾਹਤ ਦੇਣ ਦੀ ਮੱਠੀ ਰਫ਼ਤਾਰ ਤੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਇਹ ਪੰਜਾਬ ਸਰਕਾਰ ਦਾ ਲਾਪਰਵਾਹੀ ਵਾਲਾ ਅਤੇ ਗੈਰ-ਜ਼ਿੰਮੇਵਾਰਾਨਾ ਰਵੱਈਆ ਹੈ, ਜਿਸਨੇ ਸੂਬੇ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਹੋਰ ਵਿਗਾੜ ਦਿੱਤਾ ਹੈ। ਭਗਵੰਤ ਮਾਨ ਸਰਕਾਰ ਨੇ ਕਾਰਵਾਈ ਕਰਨ ਵਿੱਚ ਦੇਰ ਕੀਤੀ ਅਤੇ ਨਾਗਰਿਕਾਂ ਦੀਆਂ ਜਾਨਾਂ ਨੂੰ ਖ਼ਤਰੇ ਵਿੱਚ ਪਾਇਆ। ਜੋ ਸੂਬੇ ਦੀ ਮਸ਼ੀਨਰੀ ਦੇ ਕੰਮ ਕਰਨ ਵਿੱਚ ਇੱਕ ਚਿੰਤਾਜਨਕ ਪੈਟਰਨ ਨੂੰ ਦਰਸਾਉਂਦਾ ਹੈ। ਜਾਖੜ ਨੇ ਤੰਜ ਕਸਦਿਆਂ ਕਿਹਾ ਉਸ ਨਾਜ਼ੁਕ ਸਮੇਂ ਵਿੱਚ ਮੁੱਖ ਮੰਤਰੀ ਪੰਚਕੂਲਾ ਵਿੱਚ ਵੋਟਾਂ ਮੰਗ ਰਹੇ ਸਨ, ਜਦਕਿ ਪੰਜਾਬ ਵਿੱਚ ਉਨ੍ਹਾਂ ਨੂੰ ਵੋਟਾਂ ਪਾਉਣ ਵਾਲਿਆਂ ਨੂੰ ਉਨਾਂ ਦੀ ਵੱਡੀ ਲੋੜ ਸੀ।

# ਕਿਸਾਨ ਨੂੰ ਆਪਣੀ ਪੂਰੀ ਜਮੀਨ ਦਾ 31 ਜੁਲਾਈ ਤਕ ਰਜਿਸਟ੍ਰੇਸ਼ਣ ਕਰਵਾਉਣ ’ਤੇ ਦਿੱਤੇ ਜਾਣਗੇ 100 ਰੁਪਏ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਮੇਰੀ ਫਸਲ-ਮੇਰਾ ਬਿਊਰਾ ਪੋਰਟਲ ’ਤੇ ਕਿਸਾਨਾਂ ਦੀ ਜਮੀਨ ਦਾ ਸੌ-ਫੀਸਦੀ ਰਜਿਸਟ੍ਰੇਸ਼ਣ ਕਰਵਾਇਆ ਜਾਵੇਗਾ, ਇਹ ਸਾਲ ਵਿਚ 2 ਵਾਰ ਹੋਵੇਗਾ। ਕਿਸਾਨ ਆਪਣੀ ਪੂਰੀ ਜਮੀਨ ਦਾ ਰਜਿਸਟ੍ਰੇਸ਼ਣ 31 ਜੁਲਾਈ ਤਕ ਕਰਵਾਏਗਾ, ਉਸ ਨੂੰ 100 ਰੁਪਏ ਦਿੱਤੇ ਜਾਣਗੇ।

ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਇਹ ਗੱਲ ਪਿਛਲੀ ਸ਼ਾਮ ਚੰਡੀਗੜ੍ਹ ਵਿਚ ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਅਧਿਕਾਰੀਆਂ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੇ ਨਾਲ ਹੋਈ ਮੀਟਿੰਗ ਵਿਚ ਕਹੀ। ਇਸ ਦੌਰਾਨ ਅਧਿਕਾਰੀਆਂ ਨੇ ਕਈ ਸੁਝਾਅ ਦਿੱਤੇ ਜਿਨ੍ਹਾਂ ’ਤੇ ਬਿੰਦੂਵਾਰ ਚਰਚਾ ਹੋਈ ਅਤੇ ਜਿਆਦਾਤਰ ’ਤੇ ਸਹਿਮਤੀ ਬਣੀ।

**ਜੈਵਿਕ/ਕੁਦਰਤੀ ਖੇਤੀ ਨੂੰ ਪ੍ਰੋਤਸਾਹਨ ਦੇਣ ਲਈ ਹੈਫੇਡ ਤਿਆਰ ਕਰੇਗਾ ਯੋਜਨਾ**

ਉਨ੍ਹਾਂ ਨੇ ਕਿਹਾ ਕਿ ਜੈਵਿਕ-ਕੁਦਰਤੀ ਖੇਤੀ ਨੂੰ ਪ੍ਰੋਤਸਾਹਨ ਦੇਣ ਲਈ ਪਾਇਲਟ ਪ੍ਰੋਜੈਕਟ ਵਜੋ ਹੈਫੇਡ ਇਕ ਯੋਜਨਾ ਤਿਆਰ ਕਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿਚ ਜਲਦੀ ਹੀ ਏਡੀਓ ਦੀ ਭਰਤੀ ਕੀਤੀ ਜਾਵੇਗੀ, ਜਿਨ੍ਹਾਂ ਨੂੰ ਖੇਤਰਫਲ ਦੇ ਆਧਾਰ ’ਤੇ ਯੂਨਿਟ ਬਣਾ ਕੇ ਪਿੰਡ ਸਕੱਤਰੇਤਾਂ ਵਿਚ ਨਿਯੁਕਤ ਕੀਤਾ ਜਾਵੇਗਾ।

**ਪਸ਼ੂਧਨ ਬੀਮਾ ਵਿਚ ਦੁਧਾਰੂ ਪਸ਼ੂਆਂ ਦੇ ਥਨਾਂ ਦੇ ਬੀਮਾ ਦੇ ਲਈ ਭਾਰਤ ਸਰਕਾਰ ਨੂੰ ਲਿਖਿਆ ਜਾਵੇਗਾ ਪੱਤਰ**

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪਸ਼ੂਧਨ ਬੀਮਾ ਵਿਚ ਦੁਧਾਰੂ ਪਸ਼ੂਆਂ ਦੇ ਥਣਾਂ ਦੇ ਬੀਮਾ ਲਈ ਵੀ ਭਾਰਤ ਸਰਕਾਰ ਦੇ ਪਸ਼ੂਪਾਲਨ ਅਤੇ ਡੇਅਰੀ ਵਿਭਾਗ ਨੂੰ ਪੱਤਰ ਲਿਖਿਆ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਫਸਲਾਂ ਦੀ ਬਿਜਾਈ ਤੋਂ ਪਹਿਲਾਂ ਖਾਦ ਦੀ ਸਹੀ ਵਿਵਸਥਾਕੀਤੀ ਜਾਵੇਗੀ ਅਤੇ ਸੂਬੇ ਦੇ ਜਿਸ ਖੇਤਰ ਵਿਚ ਪਹਿਲਾਂ ਜਰੂਰਤ ਹੋਵੇਗੀ ਉੱਥੇ ਪਹਿਲਾਂ ਖਾਦ ਦੀ ਉਪਲਬਧਤਾ ਯਕੀਨੀ ਕੀਤੀ ਜਾਵੇਗੀ।

# ਜੀ-20 ਦੀ ਮੇਜਬਾਨੀ ਨਾਲ ਹਰਿਆਣਾ ਦਾ ਵਧਿਆ ਮਾਣ : ਮੁੱਖ ਮੰਤਰੀ

## ➢ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਗੁਰੂਗ੍ਰਾਮ ਵਿਚ ਲੱਗੀ ਪ੍ਰਦਰਸ਼ਨੀ ਦਾ ਕੀਤਾ ਅਵਲੋਕਨ
## ➢ ਸਭਿਆਚਾਰਕ ਸ਼ਾਮ ਵਿਚ ਵਿਦੇਸ਼ੀ ਪ੍ਰਤੀਨਿਧੀਆਂ ਨਾਲ ਵੀ ਕੀਤਾ ਸੰਵਾਦ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਹਰਿਆਣਾ ਸੂਬਾ ਅੱਜ ਜੀ-20 ਦੇ ਸਿਖਲ ਸਮੇਲਨ ਦੀ ਮੇਜਬਾਨੀ ਕਰਦੇ ਹੋਏ ਦੇਸ਼ ਮਾਣ ਮਹਿਸੂਸ ਕਰ ਰਿਹਾ ਹੈ।

ਵਿਦੇਸ਼ੀ ਪ੍ਰਤੀਨਿਧੀ ਸੁਖਦ ਮਾਹੌਲ ਵਿਚ ਵਿਸ਼ਾ ਵਿਸ਼ੇਸ਼ ਨਾਲ ਜੁੜੇ ਸਮੇਲਨ ਵਿਚ ਭਾਗੀਦਾਰ ਬਣਦੇ ਹੋਏ ਹਰਿਆਣਾ ਦੀ ਮਹਿਮਾਨਨਿਵਾਜੀ ਦੇ ਮੁਰੀਦ ਬਣ ਗਏ ਹਨ ਅਤੇ ਪ੍ਰਦਰਸ਼ਨੀ ਰਾਹੀਂ ਜੋ ਸੰਦੇਸ਼ ਆਮਜਨਤਾ ਤਕ ਪਹੁੰਚਾਇਆ ਜਾ ਰਿਹਾ ਹੈ ਉਹ ਸ਼ਲਾਘਾਯੋਗ ਹੈ।

ਮੁੱਖ ਮੰਤਰੀ ਨੇ ਗੁਰੁਗ੍ਰਾਮ ਦੇ ਹਿਯਾਤ ਰਿਜੇਂਸੀ ਹੋਟਲ ਪਰਿਸਰ ਵਿਚ ਦੋ ਦਿਨਾਂ ਦੀ ਪ੍ਰਦਰਸ਼ਨੀ ਦਾ ਅਵਲੋਕਨ ਕੀਤਾ। ਮੁੱਖ ਮੰਤਰੀ ਨੇ ਸਭਿਆਚਾਰਕ ਸ਼ਾਮ ਵਿਚ ਮੌਜੂਦ ਵਿਦੇਸ਼ੀ ਪ੍ਰਤੀਨਿਧੀਆਂ ਤੇ ਸਭਿਆਚਾਰਕ ਮੰਚ ਦੇ ਪ੍ਰਤੀਭਾਗੀਆਂ ਨੂੰ ਹਰਿਆਣਾ ਸਰਕਾਰ ਦੀ ਜਨਹਿਤਕਾਰੀ ਨੀਤੀਆਂ ਨਾਲ ਵੀ ਜਾਣੂੰ ਕਰਾਇਆ। ਡਿਨਰ ਦੇ ਸਮੇਂ ਪੇਸ਼ ਕੀਤੇ ਗਏ ਸਭਿਆਚਾਰਕ ਪ੍ਰੋਗ੍ਰਾਮ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਸਮਰਪਿਤ ਰਹੇ। ਹਰਿਆਣਾ ਲੋਕ ਨਾਚ ਸ਼ਲਾਘਾਯੋਗ ਰਿਹਾ।

ਮੁੱਖ ਮੰਤਰੀ ਸ੍ਰੀ ਮਨੋਹਰ ਲਾਲ



ਸਭਿਆਚਾਰ ਵਿਭਾਗ ਤੇ ਹਰਿਆਣਾ ਪੁਲਿਸ ਦੀ ਸਟਾਲ ’ਤੇ ਸਬੰਧਿਤ ਅਧਿਕਾਰੀਆਂ ਨਾਲ ਗਲਬਾਤ ਕਰਦੇ ਹੋਏ ਉਨ੍ਹਾਂ ਨੂੰ ਪ੍ਰੋਤਸਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ ਪ੍ਰਦਰਸ਼ਨੀ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਦੋ ਦਿਨ ਵਿਚ ਵਿਦੇਸ਼ੀ ਪ੍ਰਤੀਨਿਧੀਆਂ ਸਮੇਤ ਹੋਰ ਸਬੰਧਿਤ ਲੋਕ ਸਟਾਲ ਤੋਂ ਜਾਣਕਾਰੀ ਹਾਸਲ ਕਰ ਸਕਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਹੀ ਹੇਠ ਭਾਰਤ ਅੱਜ ਜੀ-20 ਦੀ ਅਗਵਾਈ ਕਰ ਰਿਹਾ ਹੈ ਅਤੇ ਹਰਿਆਣਾ ਵਿਚ ਜੀ-20 ਸਿਖਰ ਸਮੇਲਨ ਦੀ ਮੇਜਬਾਨੀ ਕਰਨ ਦਾ ਜੋ ਮੌਕਾ ਸੂਬਾ ਸਰਕਾਰ ਨੂੰ ਮਿਲਿਆ ਹੈ, ਉਸ ਜਿਮੇਵਾਰੀ ਨੂੰ ਹਰਿਆਣਾ ਸਰਕਾਰ ਬਖੂਬੀ ਨਿਭਾ ਰਹੀ ਹੈ।

ਇਸ ਮੌਕੇ ’ਤੇ ਡਿਪਟੀ ਮੁੱਖ ਮੰਤਰੀ ਸ੍ਰੀ ਦੁਸ਼ਯੰਤ ਚੌਟਾਲਾ, ਕੇਂਦਰੀ ਰਾਜ ਮੰਤਰੀ ਸ੍ਰੀ ਕ੍ਰਿਸ਼ਣ ਪਾਲ ਗੁਰਜਰ, ਸਹਿਕਾਰਤਾ ਮੰਤਰੀ ਡਾ. ਬਨਵਾਰੀ ਲਾਲ, ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਦੇਵੇਂਦਰ ਬਬਲੀ, ਹਰਿਆਣਾ ਵਿਧਾਨਸਭਾ ਦੇ ਡਿਪਟੀ ਸਪੀਕਰ ਸ੍ਰੀ ਰਣਬੀਰ ਗੰਗਵਾ, ਸਾਂਸਦ ਸ੍ਰੀ ਰਮੇਸ਼ ਕੌਸ਼ਿਕ, ਸ੍ਰੀਮਤੀ ਸੁਨੀਤਾ ਦੁਗੱਲ, ਰਾਜਸਭਾ ਸਾਂਸਦ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਅਤੇ ਕਾਰਤਿਕੇਯ ਸ਼ਰਮਾ, ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵਿਚ ਵਿਸ਼ੇਸ਼ ਸਕੱਤਰ (ਅੰਦੂਰਣੀ ਸੁਰੱਖਿਆ) ਸ਼ਿਵਗਾਮੀ ਸੁੰਦਰੀ ਨੰਦਾ, ਹਰਿਆਣਾ ਦੇ ਮੁੱਖ ਸਕੱਤਰ ਸੰਜੀਵ ਕੌਸ਼ਲ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਡੀਏਸ ਢੇਸੀ, ਪੁਲਿਸ ਮਹਾਨਿਦੇਸ਼ਕ ਪੀ ਕੇ ਅਗਰਵਾਲ, ਗੁਰੂਗ੍ਰਾਮ ਡਿਵੀਜਨਲ ਕਮਿਸ਼ਨਰ ਆਰ ਸੀ ਬਿਡਾਨ, ਨਗਰ ਨਿਗਮ ਦੇ ਕਮਿਸ਼ਨਰ ਪੀ ਸੀ ਮੀਣਾ, ਡਿਪਟੀ ਕਮਿਸ਼ਨਰ ਨਿਸ਼ਾਂਤ ਕੁਮਾਰ ਯਾਦਵ, ਪੁਲਿਸ ਕਮਿਸ਼ਨਰ ਕਲਾ ਰਾਮਚੰਦਰਨ ਅਤੇ ਵੱਖ-ਵੱਖ ਦੇਸ਼ਾਂ ਤੋਂ ਆਏ ਹੋਏ ਪ੍ਰਤੀਨਿਧੀ ਤੇ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।

# ਹਰਿਆਣਾ ਸਰਕਾਰ ਨੇ ਡੇਟਾ ਸੈਂਟਰ ਨਿਯੋਜਨ ਨੂੰ ਪਬਲਿਕ ਸੁਰੱਖਿਆ ਅਤੇ ਵਿਵਸਥਾ ਲਈ ਜ਼ਰੂਰੀ ਸੇਵਾ ਐਲਾਨ

ਚੰਡੀਗੜ੍ਹ, 14 ਜੁਲਾਈ
-ਰੋਜ਼ਾਨਾ ਸਵੇਰਾ ਬਿਊਰੋ-

ਹਰਿਆਣਾ ਸਰਕਾਰ ਨੇ ਪਬਲਿਕ ਸੁਰੱਖਿਆ ਯਕੀਨੀ ਕਰਨ, ਪਬਲਿਕ ਵਿਵਸਥਾ ਬਣਾਏ ਰੱਖਣ ਅਤੇ ਕੰਮਿਊਨਿਟੀ ਵਿਵਸਥਾਵਾਂ ਅਤੇ ਸੇਵਾਵਾਂ ਨੂੰ ਬਣਾਏ ਰੱਖਣ ਲਈ ਹਰਿਆਣਾ ਰਾਜ ਡੇਟਾ ਸੈਂਟਰ ਨੀਤੀ, 2022 ਦੇ ਅਧੀਨ ਆਉਣ ਵਾਲੇ ਅਤੇ ਜਿਵੇਂ ਕਿ ਸਥਾਪਿਤ ਡੇਟਾ ਸੈਂਟਰਾਂ ਦੇ ਅਧੀਨ ਨਿਯੋਜਨ (ਏਂਪਲੋਇਮੈਂਟ) ਨੂੰ ਜਰੂਰੀ ਸੇਵਾਵਾਂ ਵਜੋ ਐਲਾਨ ਕੀਤਾ ਹੈ। ਮੁੱਖ ਸਕੱਤਰ ਸ੍ਰੀ ਸੰਜੀਵ ਕੌਸ਼ਲ ਵੱਲੋਂ ਇਸ ਸਬੰਧ ਦੀ ਨੋਟੀਫਿਕੇਸ਼ ਜਾਰੀ ਕੀਤੀ ਗਈ ਹੈ।

ਨੋਟੀਫਿਕੇਸ਼ਨ ਵਿਚ ਦਸਿਆ ਗਿਆ ਕਿ ਹਰਿਆਦਾ ਜਰੂਰੀ ਸੇਵਾ -ਸੰਭਾਲ ਐਕਟ, 1974 (1974 ਦਾ 40) ਦੀ ਧਾਰਾ 3 ਦੇ ਬਲਾਕ (ਜਜ) ਦੇ ਅਧੀਨ ਪ੍ਰਾਵਧਾਨਾਂ ਦੇ ਅਨੁਸਾਰ, ਰਾਜ ਸਰਕਾਰ ਨੇ ਐਲਾਨ ਕੀਤਾ ਹੈ ਕਿ ਹਰਿਆਣਾ ਜਰੂਰੀ ਸੇਵਾ-ਸੰਭਾਲ ਐਕਟ ਹਰਿਆਣਾ ਰਾਜ ਡੇਟਾ ਸੈਂਟਰ ਨੀਤੀ, 2022 ਦੇ ਅਧੀਨ ਆਉਣ ਵਾਲੇ ਅਤੇ ਜਿਵੇਂ ਕਿ ਸਥਾਪਿਤ ਡੇਟਾ ਸੈਂਟਰਾਂ ਦੇ ਅਧੀਨ ਆਉਣ ਵਾਲੇ ਨਿਯੋਜਨ (ਏਮਪਲੋਇਮੈਂਟ) ’ਤੇ ਲਾਗੂ ਹੋਵੇਗਾ।

# ਯਿਸੂ ਮਸੀਹ ਦੇ ਮੁਢਲੇ ਵਰ੍ਹੇ

## ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*



ਪਹਿਲਾਂ ਤਾਂ ਮਾਂ ਮਰੀਅਮ ਹਾਕਮਾਂ ਦੇ ਤਾਨਾਸ਼ਾਹੀ ਹੁਕਮਾਂ ਦੇ ਡਰ ਤੋਂ ਨਿੱਕੇ ਯਿਸੂ ਨੂੰ ਬਿਲਕੁਲ ਵੀ ਘਰੋਂ ਬਾਹਰ ਨਹੀਂ ਜਾਣ ਦਿੰਦੇ ਸਨ। ਜਿਸ ਘਰ ਵਿਚ ਉਹ ਰਹਿ ਰਹੇ ਸਨ, ਉੱਥੇ ਦੋ ਹੋਰ ਬੱਚੇ ਯਿਸੂ ਦੀ ਉਮਰ ਦੇ ਸਨ ਅਤੇ ਗੁਆਂਢ ਵਿਚ ਛੇ ਹੋਰ ਬੱਚੇ ਵੀ ਉਨ੍ਹਾਂ ਦੀ ਉਮਰ ਦੇ ਸਨ ਪਰ ਮਰੀਅਮ ਉਨ੍ਹਾਂ ਨਾਲ ਵੀ ਯਿਸੂ ਨੂੰ ਖੇਡਣ ਨਹੀਂ ਦਿੰਦੇ ਸਨ। ਪਰ ਜਦੋਂ ਯਿਸੂ ਦੇ ਪਿਤਾ ਯੂਸਫ਼ ਨੇ ਉਨ੍ਹਾਂ ਨੂੰ ਸਮਝਾਇਆ ਇੰਝ ਬੱਚਾ ਦੁਨਿਆਵੀ ਗੱਲਾਂ ਨਹੀਂ ਸਿੱਖ ਸਕੇਗਾ, ਤਦ ਉਨ੍ਹਾਂ ਯਿਸੂ ਨੂੰ ਕੇਵਲ ਲਾਗਲੀ ਬਗ਼ੀਚੀ ਤਕ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ। ਪਰ ਤਦ ਵੀ ਉਹ ਦੂਰੋਂ ਯਿਸੂ ਉੱਤੇ ਨਜ਼ਰ ਜ਼ਰੂਰ ਰੱਖਦੇ ਸਨ (ਯੂਰੈਂਸ਼ੀਆ 123:0. 2)

ਅਲੈਕਸਾਂਦਰੀਆ 'ਚ ਯਿਸੂ ਆਪਣੇ ਮਾਤਾ-ਪਿਤਾ ਨਾਲ ਦੋ ਸਾਲ ਰਹੇ। ਉਨ੍ਹਾਂ ਦੀ ਸਿਹਤ ਵਧੀਆ ਸੀ। ਤਦ ਤਕ ਆਂਢ-ਗੁਆਂਢ ਵਿਚ ਬਹੁਤ ਸਾਰੇ ਲੋਕਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਇੱਥੇ ਕੋਈ ਬੱਚਾ ਵੀ ਰਹਿੰਦਾ ਹੈ, ਜੋ ਅੱਗੇ ਚੱਲ ਕੇ ਸੰਪੂਰਨ ਮਾਨਵਤਾ ਨੂੰ ਇਕ ਨਵੀਂ ਦਿਸ਼ਾ ਤੇ ਮੁਕਤੀ ਦਾ ਰਾਹ ਵਿਖਾਉਣ ਵਾਲਾ ਹੈ। ਪਿਤਾ ਯੂਸਫ਼ ਦੇ ਇਕ ਰਿਸ਼ਤੇਦਾਰ ਨੇ ਮਿਸਰ ਦੇ ਮੇਂਫ਼ਿਸ ਵਿਖੇ ਰਹਿਣ ਵਾਲੇ ਆਪਣੇ ਕੁਝ ਦੋਸਤਾਂ ਨੂੰ ਉਸ ਅਦਭੁਤ ਬੱਚੇ ਬਾਰੇ ਦੱਸਿਆ। ਤਾਂ ਉਹ ਸਾਰੇ ਲੋਕ ਬੱਚਿਆਂ ਨੂੰ ਵੇਖਣ ਲਈ ਇੰਨੀ ਦੂਰ ਤੋਂ ਉੱਥੇ ਪੁੱਜੇ। ਉੱਥੇ ਇਕ ਵਿਅਕਤੀ ਨੇ ਯਿਸੂ ਨੂੰ ਹਿਬਰੂ ਭਾਸ਼ਾ ਵਿਚ ਉਸ ਵੇਲੇ ਦੇ ਧਰਮ-ਗ੍ਰੰਥਾਂ ਦੀ ਇਕ ਕਾਪੀ, ਜੋ ਅਸਲ ਵਿਚ ਯੂਨਾਨੀ ਭਾਸ਼ਾ ਵਿਚ ਅਨੁਵਾਦ ਕੀਤੀ ਗਈ ਸੀ, ਭੇਟ ਕੀਤੀ। ਦੂਰੋਂ ਮਿਲਣ ਆਏ ਉਨ੍ਹਾਂ ਲੋਕਾਂ ਦਾ ਮੰਨਣਾ ਸੀ ਕਿ ਯਿਸੂ ਦਾ ਫ਼ਲਸਤੀਨ ਵਿਚ ਨਹੀਂ, ਸਗੋਂ ਅਲੈਕਸਾਂਦਰੀਆ 'ਚ ਰਹਿਣਾ ਠੀਕ ਰਹੇਗਾ। ਇਸੇ ਲਈ ਉਨ੍ਹਾਂ ਨੇ ਯਿਸੂ ਦੇ ਪਰਿਵਾਰ ਨੂੰ ਕਿਹਾ ਕਿ ਉਹ ਮਿਸਰ 'ਚ ਹੀ ਰਹਿਣ ਪਰ ਮਾਂ ਮਰੀਅਮ ਤੇ ਯੂਸਫ਼ ਦੋਵਾਂ ਨੇ ਇਨਕਾਰ ਕਰ ਦਿੱਤਾ। ਇੰਨੇ ਨੂੰ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਰਾਜਾ ਹੈਰੋਦੇਸ ਦਾ ਦੇਹਾਂਤ ਹੋ ਗਿਆ ਹੈ, ਇਸੇ ਲਈ ਹੁਣ ਉਹ ਫ਼ਲਸਤੀਨ ਵਾਪਸ ਜਾਣਾ ਚਾਹੁੰਦੇ ਸਨ ਪਰ ਮੇਂਫ਼ਿਸ ਤੋਂ ਮਿਲਣ ਆਏ ਲੋਕਾਂ ਕਾਰਨ ਉਨ੍ਹਾਂ ਨੂੰ ਚੱਲਣ ਵਿਚ ਕੁਝ ਦਿਨਾਂ ਦੀ ਦੇਰੀ ਹੋ ਗਈ ਸੀ (ਯੂਰੈਂਸ਼ੀਆ 123:0. 3)

ਯੂਸਫ਼ ਅਤੇ ਮਰੀਅਮ ਤਦ 4 ਬੀ. ਸੀ. ਦੇ ਅਗਸਤ ਮਹੀਨੇ ਵਿਚ ਨਿੱਕੇ ਯਿਸੂ ਨੂੰ ਆਪਣੇ ਨਾਲ ਲੈ ਕੇ ਅਲੈਕਸਾਂਦਰੀਆ ਤੋਂ ਰਵਾਨਾ ਹੋਏ। ਪਿਤਾ ਯੂਸਫ਼ ਨੇ ਆਪਣੇ ਇਕ ਦੋਸਤ ਐਜ਼ਰੀਅਨ ਦੀ ਜੋਪਾ (ਇਜ਼ਰਾਈਲ ਦਾ ਇਕ ਪ੍ਰਸਿੱਧ ਬੰਦਰਗਾਹ ਸ਼ਹਿਰ, ਜਿਸ ਨੂੰ ਅੱਜ ਜੈਫ਼ਾ ਜਾਂ ਯੈਫ਼ੋ ਕਹਿੰਦੇ ਹਨ) ਜਾ ਰਹੀ ਵੱਡੀ ਸਾਰੀ ਕਿਸ਼ਤੀ ਵਿਚ ਯਾਤਰਾ ਕਰਨੀ ਪਸੰਦ ਕੀਤੀ। ਉੱਥੋਂ ਉਹ ਸਿੱਧੇ ਬੈਤਲਹੇਮ ਪੁੱਜੇ। ਉੱਥੇ ਉਹ ਆਪਣੇ ਕੁਝ ਜਾਣਕਾਰਾਂ ਕੋਲ ਪੂਰਾ ਸਤੰਬਰ ਮਹੀਨਾ ਰਹੇ ਅਤੇ ਉਨ੍ਹਾਂ ਤੋਂ ਇਹ ਸਲਾਹ ਲੈਂਦੇ ਰਹੇ ਕਿ ਕੀ ਉਨ੍ਹਾਂ ਨੂੰ ਇੱਥੇ ਰਹਿਣਾ ਚਾਹੀਦਾ ਹੈ ਜਾਂ ਨਾਸਰਤ ਪਰਤ ਜਾਣਾ ਚਾਹੀਦਾ ਹੈ (ਯੂਰੈਂਸ਼ੀਆ 123:0.4)

*...ਜਾਰੀ*

ਅਨੁਵਾਦ **-ਮਹਿਤਾਬ-ਉਦ-ਦੀਨ**

# ਉਜ਼ੂ



**ਉਜ਼ੂ** ਕਹਿੰਦੇ ਹਨ ਵੁਜ਼ੂ ਕਰਨ ਨੂੰ। ਹਜ਼ਰਤ ਬਾਬਾ ਸ਼ੇਖ਼ ਫ਼ਰੀਦ ਦੀ ਬਾਣੀ ਵਿਚ ਵੁਜ਼ੂ ਲਈ ਉਜ਼ੂ ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ। ਆਪ ਦਾ ਕਲਾਮ ਹੈ 'ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ।' ਹਰ ਨਮਾਜ਼ ਪੜ੍ਹਨ ਤੋਂ ਪਹਿਲਾਂ, ਕੁਰਆਨ ਮਜੀਦ ਦੀ ਤਿਲਾਵਤ ਕਰਨ ਤੋਂ ਪਹਿਲਾਂ ਉਜ਼ੂ ਜਾਂ ਵੁਜ਼ੂ ਕੀਤਾ ਜਾਂਦਾ ਹੈ।

ਕੁਰਆਨ ਮਜੀਦ ਦੀ ਤਿਲਾਵਤ ਕਰਨ ਤੋਂ ਪਹਿਲਾਂ ਉਜ਼ੂ ਜਾਂ ਵੁਜ਼ੂ ਕੀਤਾ ਜਾਂਦਾ ਹੈ। ਪਹਿਲਾਂ ਵੁਜ਼ੂ ਕਰਨ ਦੀ ਨੀਅਤ ਕੀਤੀ ਜਾਂਦੀ ਹੈ। ਸਾਫ਼ ਪਾਣੀ ਲੈ ਕੇ ਕੂਹਣੀਆਂ ਤਕ ਹੱਥ ਧੋਤੇ ਜਾਂਦੇ ਹਨ, ਕੁਰਲੀ ਕੀਤੀ ਜਾਂਦੀ ਹੈ। ਨੱਕ ਸਾਫ਼ ਕੀਤਾ ਜਾਂਦਾ ਹੈ। ਸਿਰ, ਕੰਨਾਂ ਅਤੇ ਗਰਦਨ ਦਾ ਮਸਹਾ ਕੀਤਾ ਜਾਂਦਾ ਹੈ। ਗਿੱਟਿਆਂ ਤਕ ਪੈਰ ਧੋਤੇ ਜਾਂਦੇ ਹਨ। ਉਜ਼ੂ ਜਾਂ ਵੁਜ਼ੂ ਤੋਂ ਬਿਨਾਂ ਨਮਾਜ਼ ਅਦਾ ਨਹੀਂ ਕੀਤੀ ਜਾ ਸਕਦੀ। ਕੁਝ ਖ਼ਾਸ ਹਾਲਤਾਂ ਵਿਚ ਉਜ਼ੂ ਦੀ ਥਾਂ ਤਯੱਮੁਮ ਕੀਤਾ ਜਾ ਸਕਦਾ ਹੈ।

• **ਪ੍ਰੋ. ਗੁਰਚਰਨ ਸਿੰਘ ਤਲਵਾੜਾ**

# ਭਗਤੀ ਤੇ ਸ਼ਕਤੀ ਦੇ ਪ੍ਰਤੀਕ ਸ਼ਿਵ ਸਵਰੂਪ ਆਤਮਾ



ਬਰਸੀ 'ਤੇ ਵਿਸ਼ੇਸ਼

ਪੰਜਾਬ ਦੀ ਧਰਤੀ ਪੀਰਾਂ-ਪੈਗੰਬਰਾਂ, ਸਾਧੂ ਸੰਤਾਂ ਅਤੇ ਗੁਰੂਆਂ ਪੀਰਾਂ ਦੀ ਧਰਤੀ ਹੈ। ਪੰਜਾਬ ਦੇ ਜ਼ਿਲ੍ਹਾ ਮੁਹਾਲੀ ਦੇ ਸ਼ਹਿਰ ਕੁਰਾਲੀ ਦੀ ਧਰਤੀ ਨੂੰ ਇਹ ਗੌਰਵ ਪ੍ਰਾਪਤ ਹੈ ਕਿ ਤਪ-ਤਿਆਗ ਦੇ ਸਵਾਮੀ ਸ਼ਿਵ ਸਵਰੂਪ ਆਤਮਾ ਨਦੀ ਪਾਰ ਕੁਰਾਲੀ ਨੇ ਕੇਰਲ ਪ੍ਰਾਂਤ ਤੋਂ ਆ ਕੇ ਇੱਥੇ ਦੀ ਧਰਤੀ ਨੂੰ ਭਾਗ ਲਾਏ। ਉਨ੍ਹਾਂ ਧਰਮ ਹੰਸ ਯੋਗੀ ਦੇ ਰੂਪ ਵਿਚ ਮਾਨਵ ਕਲਿਆਣ ਹਿੱਤ ਆਪਣੇ ਪਵਿੱਤਰ ਚਰਨਾਂ ਦੀ ਪਾਰਸ ਛੁਹ ਪ੍ਰਦਾਨ ਕਰ ਕੇ ਕੁਰਾਲੀ ਨੂੰ ਤੀਰਥ ਬਣਾ ਦਿੱਤਾ ਹੈ। ਉਹ ਇਥੇ 54 ਸਾਲ ਰਹੇ। 1946 ਤੋਂ ਅਗਸਤ 2000 ਤਕ ਉਨ੍ਹਾਂ ਨੇ ਆਪਣੇ ਨਾਮ ਸਿਮਰਨ ਨਾਲ ਇਸ ਆਸ਼ਰਮ ਨੂੰ ਪਾਵਨ ਕਰ ਦਿੱਤਾ।

ਸੁਆਮੀ ਜੀ ਦੇ ਦੁਆਰੇ 'ਤੇ ਗਿਆਨ ਦੀ ਗੰਗਾ ਨਿਰੰਤਰ ਵਹਿੰਦੀ ਰਹੀ। ਕੁਟੀਆ ਦਾ ਵਾਤਾਵਰਨ ਪ੍ਰਾਚੀਨ ਆਸ਼ਰਮ ਦੀ ਤਰ੍ਹਾਂ ਗੁਰੂ ਤੇ ਸ਼ਿਸ ਵਿਚ ਅਟੁੱਟ ਰਿਸ਼ਤਾ ਜੋੜਨ ਵਾਲਾ ਰਿਹਾ ਹੈ। ਗਿਆਨ ਦੀ ਅੰਮ੍ਰਿਤ ਧਾਰਾ ਵਿਚ ਜਗਿਆਸੂ ਵਾਸਤਵਿਕ ਗਿਆਨ, ਅਧਿਆਤਮ ਅਤੇ ਰੂਹਾਨੀਅਤ ਸਬੰਧੀ ਜਾਣਕਾਰੀ ਅਤੇ ਅਨੁਭਵ ਪ੍ਰਦਾਨ ਕਰਦੇ ਰਹੇ ਹਨ। ਉਨ੍ਹਾਂ ਦਾ ਜੀਵਨ ਤਪ, ਤਿਆਗ ਅਤੇ ਦਿਆਲੂਪੁਣੇ ਦੀ ਪਾਕ ਪਵਿੱਤਰਤਾ ਵਾਲਾ ਹੈ, ਜੋ ਸਾਧੂ ਦੀ ਅਸਲ ਪਰਿਭਾਸ਼ਾ ਕਹੀ ਜਾ ਸਕਦੀ ਹੈ। ਜਿੱਥੇ ਸਾਦਗੀ ਉਨ੍ਹਾਂ ਦੇ ਤੇੜ ਲਪੇਟੀ ਚਾਦਰ, ਹੱਥ ਫੜੀ ਚਿੱਪੀ ਤੇ ਲਾਠੀ ਵਿਚ ਨਜ਼ਰ ਆਉਂਦੀ ਸੀ, ਉੱਥੇ ਕਠਿਨ ਤਪੱਸਿਆ ਦਾ ਰੱਬੀ ਨੂਰ ਵੀ ਉਨ੍ਹਾਂ ਦੇ ਚਿਹਰੇ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦਾ ਸੀ।

ਉਨ੍ਹਾਂ ਦੇ ਆਸ਼ਰਮ ਵਿਚ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ। ਸਮੁੱਚੇ ਭਾਈਚਾਰੇ ਅਤੇ ਸਾਂਝੀਵਾਲਤਾ ਦੀ ਤਸਵੀਰ ਇਸ ਆਸ਼ਰਮ ਵਿਚ ਮਿਲਦੀ ਹੈ। ਜੜ੍ਹੀਆਂ-ਬੂਟੀਆਂ ਬਾਰੇ ਉਨ੍ਹਾਂ ਦਾ ਗਿਆਨ ਇਸ ਕਦਰ ਕਮਾਲ ਦਾ ਸੀ ਕਿ ਉਨ੍ਹਾਂ ਦੇ ਦੱਸੇ ਨੁਸਖੇ ਨਾਲ ਤਿਆਰ ਕੀਤੀਆ ਗਈਆਂ ਦਵਾਈਆਂ ਕਈ ਰੋਗਨਾਸ਼ਕ ਸਨ। ਇਹ ਦਵਾਈਆਂ ਅੱਜ ਵੀ ਕੁਟੀਆ ਵਿਚ ਮੁਫ਼ਤ ਮਿਲਦੀਆਂ ਹਨ।

ਸੁਆਮੀ ਜੀ ਨੇ ਕੁਰਾਲੀ ਵਿਖੇ ਬਹੁਤ ਵੱਡੇ ਪੁਰਾਣੇ, ਗੰਦੇ ਟੋਬੇ ਨੂੰ ਸੰਗਤਾਂ ਰਾਹੀ ਮਿੱਟੀ ਨਾਲ ਭਰਾ ਕੇ ਉੱਥੇ ਸਰਕਾਰੀ ਹਸਪਤਾਲ ਉਸਾਰਨ ਵਿਚ ਯੋਗਦਾਨ ਪਾਇਆ। ਉਨ੍ਹਾਂ ਦੀ ਅਗਵਾਈ ਵਿਚ ਕੁਰਾਲੀ ਨੂੰ ਲਾਗਲੇ 100-150 ਪਿੰਡਾਂ ਨਾਲ ਜੋੜਨ ਵਾਲੇ ਇਕ ਵੱਡੇ ਪੁੱਲ ਦਾ ਨਿਰਮਾਣ ਹੋਇਆ। ਸੁਆਮੀ ਜੀ 5 ਅਗਸਤ 2000 ਨੂੰ ਸਰੀਰਕ ਯਾਤਰਾ ਪੂਰੀ ਕਰ ਗਏ। ਉਨ੍ਹਾਂ ਦੀ ਸੋਲਵੀਂ ਬਰਸੀ 28 ਜੁਲਾਈ ਨੂੰ ਕੈਲਾਸ਼ ਧਾਮ ਨਦੀ ਪਾਰ ਕੁਰਾਲੀ ਵਿਖੇ ਮਨਾਈ ਜਾ ਰਹੀ ਹੈ।

• **ਕਪਿਲ ਮੋਹਨ ਅਗਰਵਾਲ**
**ਮੋਬਾਇਲ** 95655-96231

# ਗੁਰਦੁਆਰਾ ਮਾਲਟੇਕੜੀ ਸਾਹਿਬ



ਗੁਰਦੁਆਰਾ ਮਾਲਟੇਕੜੀ ਸਾਹਿਬ ਨਾਂਦੇੜ ਦੇ ਬ੍ਰਹਮਪੁਰੀ ਮਹੱਲੇ ਵਿਖੇ ਗੋਦਾਵਰੀ ਦੇ ਕਿਨਾਰੇ ਸਥਿਤ ਹੈ। ਇਸ ਦੇ ਸ਼ਬਦੀ ਅਰਥਾਂ ਅਨੁਸਾਰ ਮਾਲ ਤੋਂ ਭਾਵ ਖਜ਼ਾਨਾ ਤੇ ਟੇਕੜੀ ਤੋਂ ਭਾਵ ਉੱਚੀ ਜਗ੍ਹਾ ਤੋਂ ਹੈ। ਇਸ ਪਵਿੱਤਰ ਅਸਥਾਨ 'ਤੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਜਦ ਮੱਕੇ ਮਦੀਨੇ ਨੂੰ ਗਏ ਸਨ, ਇਸ ਜਗ੍ਹਾ 'ਤੇ ਵੀ ਆਏ ਸਨ। ਇਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਗੁਪਤ ਖਜ਼ਾਨੇ ਦੀ ਜਗ੍ਹਾ ਦੱਸੀ ਜਾਂਦੀ ਹੈ। ਜਿਸ ਦੀ ਰੱਖਿਆ ਕਰਨ ਲਈ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਕਰਤਾਰਪੁਰ ਤੋਂ ਇਕ ਫ਼ਕੀਰ ਜਿਸ ਦਾ ਨਾਂ ਲੱਕੜਸ਼ਾਹ ਸੀ, ਭੇਜਿਆ। ਇਸ ਫ਼ਕੀਰ ਲੱਕੜਸ਼ਾਹ ਨੇ ਛੇਵੇਂ ਪਾਤਸ਼ਾਹ ਤੋਂ ਲੈ ਕੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੇ ਆਉਣ ਤਕ ਇਸ ਖਜ਼ਾਨੇ ਦੀ ਰਖਵਾਲੀ ਕੀਤੀ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਨਾਂਦੇੜ ਸ਼ਹਿਰ ਵਿਚ ਆਏ ਤਾਂ ਉਨ੍ਹਾਂ ਨੇ ਗੁਰਦੁਆਰਾ ਸੰਗਤ ਸਾਹਿਬ ਵਾਲੀ ਥਾਂ ਡੇਰਾ ਲਾਇਆ। ਉਨ੍ਹਾਂ ਨਾਲ ਜੋ ਸਿੱਖ ਫ਼ੌਜਾਂ ਆਈਆਂ ਸਨ, ਜਦ ਉਨ੍ਹਾਂ ਨੇ ਗੁਰੂ ਜੀ ਨੂੰ ਘਰ ਵਾਪਸੀ ਦੀ ਬੇਨਤੀ ਕੀਤੀ ਤਾਂ ਦਸਮੇਸ਼ ਪਿਤਾ ਜੀ ਨੇ ਪੰਜ ਪਿਆਰੇ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਨੂੰ ਹੁਕਮ ਕੀਤਾ ਕਿ ਗੁਰੂ ਨਾਨਕ ਦੇਵ ਜੀ ਦਾ ਗੁਪਤ ਖਜ਼ਾਨਾ ਮਾਲਟੇਕੜੀ ਦੀ ਜਗ੍ਹਾ ਹੈ, ਲੈ ਕੇ ਆਓ।

ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਸਿੱਖ ਫੌਜਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਗੁਪਤ ਖਜ਼ਾਨੇ ਨੂੰ ਕੱਢਕੇ, ਖੱਚਰਾਂ, ਬੈਲ ਗੱਡੀਆਂ ਵਿਚ ਭਰਕੇ ਗੁਰਦੁਆਰਾ ਸੰਗਤ ਸਾਹਿਬ ਵਾਲੀ ਥਾਂ 'ਤੇ ਗੁਰੂ ਜੀ ਦੀ ਹਜ਼ੂਰੀ ਵਿਚ ਲੈ ਆਈਆਂ। ਦਸਮੇਸ਼ ਪਿਤਾ ਜੀ ਨੇ ਇਹ ਖਜ਼ਾਨਾ ਢਾਲਾਂ ਭਰ-ਭਰ ਕੇ ਫੌਜਾਂ ਨੂੰ ਵੰਡਿਆ ਅਤੇ ਬਾਕੀ ਜੋ ਖਜ਼ਾਨਾ ਬਚ ਗਿਆ, ਉਹ ਵਾਪਸ ਗੁਰਦੁਆਰਾ ਮਾਲਟੇਕੜੀ ਵਾਲੀ ਥਾਂ 'ਤੇ ਗੁਪਤ ਰੱਖ ਦਿੱਤਾ। ਸਿੰਘਾਂ ਨੇ ਪੁੱਛਿਆ ਮਹਾਰਾਜ ਇਹ ਬਚਿਆ ਖਜ਼ਾਨਾ ਇਸ ਥਾਂ 'ਤੇ ਗੁਪਤ ਰੱਖਣ ਦਾ ਕੀ ਕਾਰਨ ਹੈ? ਗੁਰੂ ਜੀ ਨੇ ਫਰਮਾਇਆ ਜਦੋਂ ਖ਼ਾਲਸਾ 96 ਕਰੋੜ ਸਜੇਗਾ, ਉਸ ਦਿਨ ਇਸ ਥਾਂ 'ਤੇ ਦੱਬੇ ਗੁਪਤ ਖਜ਼ਾਨੇ ਤੋਂ ਢਾਈ ਦਿਨ ਦਾ ਅਤੁੱਟ ਲੰਗਰ ਵਰਤੇਗਾ।

ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਆਏ ਸ਼ਰਧਾਲੂ ਇਸ ਖ਼ਾਲਸਾਈ ਗੁਪਤ ਖਜ਼ਾਨੇ ਨਾਲ ਸਬੰਧਿਤ ਗੁਰਦੁਆਰਾ ਮਾਲਟੇਕੜੀ ਸਾਹਿਬ ਦੇ ਦਰਸ਼ਨ ਵੀ ਜ਼ਰੂਰ ਕਰਦੇ ਹਨ।

• **ਕੁਲਦੀਪ ਸਿੰਘ ਬੰਗੀ**
**ਮੋਬਾਈਲ**- 94174-07778

### ਸ੍ਰੀ ਹਰਿਮੰਦਿਰ ਸਾਹਿਬ ਦੇ ਦਰਸ਼ਨ ਕਰਨ ਲਈ ਲੱਖਾਂ ਸ਼ਰਧਾਲੂ ਹਰ ਰੋਜ਼ ਸ੍ਵੈ-ਪ੍ਰੇਰਣਾ ਤਹਿਤ ਆਉਂਦੇ ਹਨ। ਉਹ ਲੰਬੀਆਂ ਲਾਈਨਾਂ 'ਚ ਲੱਗ ਕੇ ਮੱਥਾ ਟੇਕਦੇ ਤੇ ਪੰਗਤ 'ਚ ਬੈਠ ਕੇ ਲੰਗਰ ਛਕਦੇ ਹਨ...

# ਹਰਿਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ

**ਡਾ. ਸਤਿੰਦਰ ਪਾਲ ਸਿੰਘ**



ਸ੍ਰੀ ਹਰਿਮੰਦਰ ਸਾਹਿਬ ਸੰਸਾਰ ਦਾ ਵਿਲੱਖਣ ਪਵਿੱਤਰ ਅਸਥਾਨ ਹੈ ਜਿੱਥੇ ਦਿਨ ਰਾਤ ਪਰਮੇਸ਼ਵਰ ਦੀ ਮਹਿਮਾ ਦਾ ਗਾਇਨ ਹੁੰਦਾ ਰਹਿੰਦਾ ਹੈ। ਇਸ ਦੇ ਦੁਆਰ ਬਿਨਾ ਕਿਸੇ ਭੇਦਭਾਵ ਹਰ ਧਰਮ, ਵਰਣ, ਜਾਤ, ਨਸਲ ਦੇ ਲੋਕਾਂ ਲਈ ਸਦਾ ਖੁੱਲ੍ਹੇ ਰਹਿੰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਦੇ ਠੀਕ ਸਾਮ੍ਹਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਨੇ ਇਸ ਅਸਥਾਨ ਨੂੰ ਰੂਹਾਨੀਅਤ ਦੇ ਸਿਖ਼ਰ 'ਤੇ ਪਹੁੰਚਾ ਦਿੱਤਾ। ਧਰਮ ਆਪਣੇ ਪੂਰਣ ਸਵਰੂਪ 'ਚ ਪਰਗਟ ਹੋਇਆ ਨਜ਼ਰ ਆਇਆ ਜਿਵੇਂ ਪੂਰਨਮਾਸੀ ਦਾ ਮੁਕੰਮਲ ਚੰਨ। ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਭਾ ਮੰਡਲ ਸਰਬ ਕਲਿਆਣ, ਸਾਂਝੀਵਾਲਤਾ, ਸਿਦਕ ਤੇ ਸੰਜਮ ਦੀਆਂ ਕਿਰਣਾਂ ਨਾਲ ਪੂਰੇ ਬ੍ਰਹਿਮੰਡ ਨੂੰ ਰੋਸ਼ਨ ਕਰਨ ਲੱਗ ਪਿਆ। ਪਾਪ ਤੇ ਸੰਤਾਪ ਨਾਲ ਡੋਲ ਰਹੀ ਕਲਜੁਗੀ ਧਰਤੀ ਤੇ ਵਿਸਮਾਦ ਵਾਪਰਿਆ ਤੇ ਧਰਮ ਤੇ ਨਿਆਂ ਦੇ ਪੱਖ 'ਚ ਸੰਤੁਲਨ ਕਾਇਮ ਹੋ ਗਿਆ। ਧਰਮ ਦਾ ਇਹ ਜਲਾਲ ਹੰਕਾਰੀਆਂ, ਮੂੜ੍ਹ ਤਾਕਤਾਂ ਨੂੰ ਕਿਵੇਂ ਸੁਹਾਉਂਦਾ। ਉਨ੍ਹਾਂ ਨੂੰ ਆਪਣਾ ਝੂਠ ਦੀ ਨੀਂਹ ਤੇ ਬਣਿਆ ਸਿੰਘਾਸਨ ਡੋਲਦਾ ਨਜ਼ਰ ਆਇਆ। ਅਜਿਹੀਆਂ ਸ਼ਕਤੀਆਂ ਕਿਸੇ ਨਾ ਕਿਸੇ ਰੂਪ 'ਚ ਨਿਰੰਤਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਕਰਦਿਆਂ ਆਈਆਂ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਮਹਾਨਤਾ ਨੂੰ ਸਮਝਣ ਤੇ ਵੇਖ ਪਾਉਣ ਦੀ ਸਮਰਥਾ ਇਨ੍ਹਾਂ ਅੰਦਰ ਸ਼ਾਇਦ ਪਰਮਾਤਮਾ ਨੇ ਹੀ ਨਹੀਂ ਸੀ ਬਖਸ਼ੀ। ਸ੍ਰੀ ਹਰਿਮੰਦਰ ਸਾਹਿਬ ਰੋਸ਼ਨੀ ਦਾ ਘਰ ਬਣ ਕੇ ਸਾਮ੍ਹਣੇ ਆਇਆ। ਜਿਨ੍ਹਾਂ ਅੰਦਰ ਕੂੜ੍ਹ, ਕਪਟ ਤੇ ਕਮਤਰੀ ਹੋਵੇ ਉਨ੍ਹਾਂ ਨੂੰ ਹਨੇਰੇ ਵਿਚ ਰਹਿਣ ਦੀ ਸੁਭਾਵਕ ਆਦਤ ਹੁੰਦੀ ਹੈ। ਰੋਸ਼ਨੀ ਉਨ੍ਹਾਂ ਨੂੰ ਆਪਣੀ ਸਭ ਤੋਂ ਵੱਡੀ ਦੁਸ਼ਮਣ ਲੱਗਦੀ ਹੈ। ਹਨੇਰੇ ਦੇ ਸਿਪਾਹੀ ਸਦਾ ਤੋਂ ਹੀ ਰੋਸ਼ਨੀ ਦੇ ਘਰ ਨੂੰ ਜਿੱਤਣ ਦੀਆਂ ਸਾਜਿਸ਼ਾਂ ਕਰਦੇ ਆਏ ਹਨ ਪਰ ਉਹ ਆਪ ਹਨੇਰੇ 'ਚ ਗੁੰਮ ਹੋ ਗਏ। ਰੋਸ਼ਨੀ ਦੀ ਰਾਹ ਕੋਈ ਰੋਕ ਨਹੀਂ ਸਕਿਆ।

ਸ੍ਰੀ ਹਰਿਮੰਦਰ ਸਾਹਿਬ ਆਪਣੀ ਉਸਾਰੀ ਦੇ ਦਿਨ ਤੋਂ ਹੀ ਨਿਡਰ ਸੋਚ ਤੇ ਅਟਲ ਸੰਕਲਪ ਦਾ ਪ੍ਰਤੀਕ ਬਣ ਗਿਆ ਸੀ। ਗੁਰੂ ਰਾਮ ਦਾਸ ਜੀ ਨੇ ਪ੍ਰਸਿੱਧ ਮੁਸਲਿਮ ਪੀਰ ਸਾਈ ਮੀਆਂ ਮੀਰ ਜੀ ਕੋਲੋਂ ਇਸ ਪਾਵਨ ਅਸਥਾਨ ਦੀ ਨੀਂਹ ਰਖਵਾ ਕੇ ਪੂਰੇ ਸੰਸਾਰ ਨੂੰ ਇਹ ਸੁਨੇਹਾ ਦਿੱਤਾ ਕਿ ਸਿੱਖ ਪੰਥ ਮਨੁੱਖਤਾ ਦਾ ਪੰਥ ਹੈ। ਇੱਥੇ ਪ੍ਰੇਮ, ਭਾਈਚਾਰੇ ਤੇ ਬਰਾਬਰੀ ਦੀ ਕਦਰ ਤੇ ਇਸ ਲਈ ਮਰ ਮਿਟਣ ਦਾ ਜਜ਼ਬਾ ਹੈ। ਸੰਸਾਰ ਅੰਦਰ ਸੱਚ ਦੇ ਮਾਰਗ 'ਤੇ ਚੱਲਣ ਵਾਲਿਆਂ ਦਾ ਸਹਾਈ ਆਪ ਪਰਮਾਤਮਾ ਹੁੰਦਾ ਹੈ। ਜਿਸ ਵੀ ਅਸਥਾਨ 'ਤੇ ਸੱਚ ਦੀ ਚਰਚਾ ਹੋਵੇ ਪਰਮਾਤਮਾ ਆਪ ਉਸ ਦੀ ਸ਼ੋਭਾ ਵਧਾਉਣ ਲਈ ਹਾਜ਼ਰ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸੱਚ ਦੇ ਪ੍ਰਤੀਕ ਬਣ ਕੇ ਉਭਰੇ ਇਸ 'ਚ ਪਰਮਾਤਮਾ ਦੀ ਰਜਾ ਤੇ ਰਹਿਮਤ ਵਰਤ ਰਹੀ ਸੀ। ਗੁਰੂ ਅਰਜਨ ਸਾਹਿਬ ਨੇ ਗਵਾਹੀ ਦਿੱਤੀ ਕਿ ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ, ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ, ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ।

ਪਰਮਾਤਮਾ ਦੀ ਹਰ ਰਚਨਾ ਪਾਵਨ ਹੈ ਜਿਸ ਨੂੰ ਪਰਮਾਤਮਾ ਨੇ ਗੁਣਾਂ ਨਾਲ ਭਰਪੂਰ ਕੀਤਾ ਹੈ। ਤਨ ਹੋਵੇ ਜਾਂ ਥਾਨ ਜੋ ਰੋਸ਼ਨੀ ਲਈ ਹੈ, ਪਰਮਾਤਮਾ ਉਸ ਲਈ ਹੈ, ਉਸ ਵਿਚ ਹੈ। ਜਿੱਥੇ ਰੋਸ਼ਨੀ ਹੈ ਉੱਥੇ ਅੰਮ੍ਰਿਤ ਬਰਸ ਰਿਹਾ ਹੈ। ਅਜਿਹਾ ਤਨ ਤੇ ਅਸਥਾਨ ਸੁੱਖਾਂ ਦਾ ਸੋਮਾ ਬਣ ਜਾਉਂਦਾ ਹੈ। ਹਨੇਰੇ ਦੇ ਵਾਸੀ ਇਸ ਫ਼ਰਕ ਨੂੰ ਨਹੀਂ ਵੇਖ ਪਾਉਂਦੇ ਤੇ ਹੰਕਾਰ 'ਚ ਚੂਰ ਹੋ ਆਪਣੇ ਆਪ ਨੂੰ ਜਗਤ ਦਾ ਸੁਆਮੀ ਮੰਨਦੇ ਆਏ ਹਨ। ਇਸ ਕਾਰਨ ਹੀ ਅਜਿਹੀਆਂ ਤਾਕਤਾਂ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਮਿਟਾਉਣ ਦੇ ਨਿਰੰਤਰ ਜਤਨ ਕਰਦਿਆਂ ਆਈਆਂ ਹਨ।

ਭਾਈ ਗੁਰਦਾਸ ਜੀ ਬੜੇ ਹੀ ਦੂਰਅੰਦੇਸ਼ ਵਿਦਵਾਨ ਸਨ। ਆਪ ਨੇ ਗੁਰੂ ਅਰਜਨ ਸਾਹਿਬ ਦੇ ਕਾਲ ਵਿਚ ਹੀ ਭਵਿੱਖ ਦੇ ਦਰਸ਼ਨ ਕਰ ਲਏ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਸ਼ੋਭਾ ਦੁਨਿਆਵੀ ਤਾਕਤਾਂ ਨੂੰ ਰਾਸ ਨਹੀਂ ਆਉਣੀ। ਭਾਈ ਸਾਹਿਬ ਨੇ ਰਾਜੇ ਮਹਾਰਾਜਿਆਂ ਨੂੰ ਆਈਨਾ ਦਿਖਾਉਂਦਿਆਂ ਕਿਹਾ ਕਿ ਤੁਸਾਂ ਤਾਂ ਆਪਣਾ ਰਾਜ ਪਾਟ, ਆਪਣੇ ਪੁੱਤਰ ਨੂੰ ਸੌਂਪ ਕੇ ਦੁਨੀਆ ਤੋਂ ਵਿਦਾ ਹੋ ਜਾਣਾ ਹੈ। ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ। ਪਰ ਵਾਹਿਗੁਰੂ ਦਾ ਦਰਬਾਰ ਅਵਿਚਲ ਤੇ ਅਟਲ ਹੈ। ਇਹ ਸੱਚੀ ਦਰਗਾਹ ਸਦਾ ਹੀ ਇੱਕੋ ਅਕਾਲ ਪੁਰਖ ਦੇ ਹੁਕਮ ਵਿਚ ਕਾਇਮ ਰਹਿਣੀ ਹੈ। ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ। ਸੰਸਾਰਕ ਤਾਕਤਾਂ ਲਈ ਭਾਈ ਗੁਰਦਾਸ ਜੀ ਨੇ ਕਿਹਾ ਕਿ ਜੋ ਵੀ ਰਾਜ ਸਿੰਹਾਸਨ 'ਤੇ ਬੈਠਦਾ ਹੈ ਆਪਣੀ ਮਨਮਰਜ਼ੀ ਕਰਦਾ ਹੈ ਤੇ ਉਸ ਦੇ ਅਹਿਲਕਾਰ ਵੀ ਉਹੋ ਜਿਹੀ ਰੀਤ ਧਾਰਣ ਕਰ ਲੈਂਦੇ ਹਨ। ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ। ਸਤਿਗੁਰ ਦੇ ਦਰਬਾਰ ਦਾ ਅਜਿਹਾ ਢੰਗ ਨਹੀਂ ਹੈ। ਗੁਰੂ ਦਰਬਾਰ ਸਦਾ ਤੋਂ ਹੀ ਸੱਚ ਦੀ ਰਾਹ 'ਤੇ ਚੱਲਦਾ ਆ ਰਿਹਾ ਹੈ ਤੇ ਇਸੇ 'ਤੇ ਹੀ ਚੱਲਦਾ ਰਹਿਣ ਵਾਲਾ ਹੈ। ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ। ਇਹ ਸ੍ਰੀ ਹਰਿਮੰਦਰ ਸਾਹਿਬ ਦੀ ਸਭ ਤੋਂ ਵੱਡੀ ਸ਼ਕਤੀ ਹੈ ਜੋ ਅੱਜ ਵੀ ਕਾਇਮ ਹੈ। ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ। ਇਸ ਪਾਵਨ ਅਸਥਾਨ ਦੀਆਂ ਰਾਹਾਂ ਸਦਾ ਹੀ ਸ਼ਰਧਾਲੂ ਤੇ ਸ਼ਰਣਾਗਤ ਨੂੰ ਗਲ ਲਾਉਣ ਲਈ ਤਿਆਰ ਰਹਿੰਦੀਆਂ ਹਨ। ਰਾਖਿ ਲੀਏ ਅਪੇ ਜਨ ਆਪ। ਸ੍ਰੀ ਹਰਿਮੰਦਰ ਸਾਹਿਬ 'ਚ ਆਉਣ ਵਾਲੇ ਹਰ ਜਾਚਕ ਨੂੰ ਰੋਸ਼ਨੀ ਵਿਖਾਈ ਪਈ ਹੈ, ਉਸ ਦੀ ਸ਼ੋਭਾ ਬਣੀ ਹੈ। ਪਰ ਦੋਖੀ ਨੂੰ ਦੰਡ ਵੀ ਭੁਗਤਨਾ ਪਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦਾ ਵਜੂਦ ਮਿਟਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਨੂੰ ਇਤਿਹਾਸ ਨੇ ਹੀ ਮਿਟਾ ਦਿੱਤਾ ਤੇ ਇਸ ਪਾਵਨ ਅਸਥਾਨ ਦੀ ਸ਼ੋਭਾ ਦਿਨੋ ਦਿਨ ਵਧਦੀ ਹੀ ਗਈ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ਕਤੀ ਨੇ ਪੀਰੀ ਨੂੰ ਮੀਰੀ ਨਾਲ ਜੋੜ ਕੇ ਹਨੇਰੇ ਦੀਆਂ ਤਾਕਤਾਂ ਨੂੰ ਸਦਾ ਹੀ ਤਕੜਾ ਜਵਾਬ ਦਿੱਤਾ ਹੈ। ਜਦੋਂ ਹਾਲਾਤ ਨਾ ਸੰਭਲਦੇ ਹੋਣ ਤਾਂ ਤੇਗ ਉਠਾਉਣਾ ਜਾਇਜ਼ ਹੋ ਜਾਂਦਾ ਹੈ।

ਨਿਤਪ੍ਰਤਿ ਆਨ ਦੇਤ ਹਮ ਦੁੱਖ।
ਬਿਨਾ ਲੜੇ ਕਬ ਪਾਈਐ ਸੁੱਖ।
ਜੋ ਬਚ ਰਹੂਗੁ ਸੋ ਦੁਖ ਨ ਪਾਊਗੁ।
ਜੋ ਜੋ ਮਰੂਗੁ ਸੁਰਗ ਸਿਧਾਊਗੁ।

ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਬਚਾਉਣ ਲਈ ਸਿੱਖਾਂ ਦੀਆਂ ਹੋਈਆਂ ਕੁਰਬਾਨੀਆਂ ਦਾ ਸ਼ਾਨਦਾਰ ਇਤਿਹਾਸ ਹੈ। ਗੁਰੂ ਨਾਨਕ ਸਾਹਿਬ ਸਿੱਖੀ ਦੇ ਮਾਰਗ 'ਤੇ ਚੱਲਣ ਲਈ ਸਿਰ ਤਕ ਦੇਣ ਦਾ ਵਚਨ ਪਹਿਲਾਂ ਹੀ ਲੈ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿਰ ਲੈ ਕੇ ਅੰਮ੍ਰਿਤ ਪਾਨ ਕਰਾਇਆ ਤੇ ਸਰਦਾਰੀ ਬਖਸ਼ੀ। ਇਹ ਸਰਦਾਰੀ ਇਕ ਭਾਵਨਾਤਮਕ ਬਲ ਸੀ ਜੋ ਸਹਿਜ ਹੋ ਵੱਡੇ ਤੋਂ ਵੱਡੇ ਦੁੱਖ ਜਰ ਸਕਦਾ ਸੀ ਤੇ ਦੁੱਖਾਂ ਨੂੰ ਜੜੋਂ ਪੁੱਟਣ ਦੀ ਤਾਬ ਵੀ ਰੱਖਦਾ ਸੀ। ਸੰਸਾਰ ਅੰਦਰ ਇਸ ਤੋਂ ਸ੍ਰੇਸ਼ਠ ਅਵਸਥਾ ਹੋਰ ਕੋਈ ਨਹੀਂ ਹੋ ਸਕਦੀ। ਪਰਮਾਤਮਾ ਹਰ ਵਿਪਦਾ, ਹਰ ਔਕੜ 'ਚ ਆਪ ਸਿੱਖਾਂ ਦਾ ਸਹਾਈ ਹੋਇਆ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦੋਖੀਆਂ ਨੂੰ ਦੰਡ ਮਿਲਿਆ ਹੈ।

ਹਰਿ ਕਾਟੀ ਕੁਟਿਲਤਾ ਕੁਠਾਰਿ॥
ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ॥ (ਪੰਨਾ 1225)

ਸੰਸਾਰ ਅੰਦਰ ਜਨਮ ਲੈਣ ਵਾਲਾ ਮਨੁੱਖ, ਉਹ ਭਾਵੇਂ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋਵੇ ਜੇ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ 'ਚ ਧਰਤੀ ਤੇ ਵਾਪਰੇ ਅਦੁੱਤੀ ਇਨਕਲਾਬ ਨੂੰ ਜਾਣ ਤੇ ਸਮਝ ਨਹੀਂ ਪਾਇਆ ਤਾਂ ਇਸ ਤੋਂ ਵੱਡੀ ਬਦਕਿਸਮਤੀ ਉਸ ਦੀ ਨਹੀਂ ਹੋ ਸਕਦੀ।

**ਮੋਬਾਈਲ.** 94159 60533

## ਪ੍ਰਸਿੱਧ ਕਥਾ ਵਾਚਕ

# ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲੇ



ਸਿੱਖ ਇਤਿਹਾਸ ਵਿਚ ਕਥਾ ਤੇ ਕਥਾ ਵਾਚਕਾਂ ਦਾ ਬਹੁਤ ਮਹੱਤਵ ਹੈ। ਸਿੱਖ ਇਤਿਹਾਸ ਵਿਚ ਸਭ ਤੋਂ ਪਹਿਲੇ ਵਿਆਖਿਆਕਾਰ ਹੋਣ ਦਾ ਸੁਭਾਗ ਭਾਈ ਗੁਰਦਾਸ ਜੀ ਨੂੰ ਜਾਂਦਾ ਹੈ। ਉਨ੍ਹਾਂ ਨੇ ਆਪਣੀਆਂ ਵਾਰਾਂ ਵਿਚ ਜਿੱਥੇ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਹੈ, ਉੱਥੇ ਗੁਰਬਾਣੀ ਦੇ ਅਰਥ ਵੀ ਕੀਤੇ ਹਨ। ਭਾਈ ਅਮਰੀਕ ਸਿੰਘ ਦਾ ਨਾਂ ਅੱਜ ਦੇ ਕਥਾਵਾਚਕਾਂ ਵਿਚ ਪ੍ਰਮੁੱਖ ਹੈ। ਉਹ ਬੜੇ ਹੀ ਵੈਰਾਗ 'ਚ ਅਤੇ ਡੂੰਘਾਈ ਵਿਚ ਜਾ ਕੇ ਕਥਾ ਕਰਦੇ ਹਨ। ਭਾਵੇਂ ਰਹਿ ਉਹ ਮੋਹਾਲੀ ਰਹੇ ਹਨ ਪਰ ਉਨ੍ਹਾਂ ਨੂੰ ਚੰਡੀਗੜ੍ਹਵਾਲੇ ਕਿਹਾ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਕਈ ਸਾਲ ਚੰਡੀਗੜ੍ਹ ਦੇ ਸੈਕਟਰ 34 ਦੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਕਥਾ ਦੀ ਡਿਊਟੀ ਸੰਭਾਲੀ ਅਤੇ 1996 ਤਕ ਇਹ ਸੇਵਾ ਕਰਦੇ ਰਹੇ।

ਆਪ ਦਾ ਜਨਮ ਪਿੰਡ ਸੌਲਖੀਆਂ (ਰੂਪਨਗਰ) ਵਿਖੇ ਹੋਇਆ। ਦਸਵੀਂ ਤਕ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਗੁਰਮਤਿ ਕਾਲਜ ਚੌਂਤਾ ਰੋਪੜ ਤੋਂ ਦੋ ਸਾਲ ਦਾ ਗੁਰਮਤਿ ਦਾ ਕੋਰਸ ਕੀਤਾ। ਇਸ ਪਿਛੋਂ ਆਪ ਨੇ 1987 ਤੋਂ ਜਲੰਧਰ ਦੇ ਪ੍ਰਮੁੱਖ ਗੁਰੂ ਘਰਾਂ ਵਿਚ ਕਥਾ ਦੀ ਸੇਵਾ ਨਿਭਾਈ ਅਤੇ 1988 ਵਿਚ ਆਪ ਨੂੰ ਆਲ ਇੰਡਿਆ ਰੇਡੀਓ ਜਲੰਧਰ ਤੋਂ ਗੁਰਬਾਣੀ ਵਿਚਾਰ ਪ੍ਰੋਗਰਾਮ ਦੌਰਾਨ ਵਾਰਤਾ ਦੇਣ ਦਾ ਮੌਕਾ ਮਿਲਿਆ। ਇਹ ਪ੍ਰੋਗਰਾਮ ਹਰ ਰੋਜ਼ ਸ਼ਾਮੀਂ 5.30 ਵਜੇ ਤੋਂ ਪ੍ਰਸਾਰਿਤ ਹੁੰਦਾ ਹੈ। ਆਪ ਕਈ ਸਾਲ ਗੁਰਬਾਣੀ ਵਿਚਾਰ ਪ੍ਰੋਗਰਾਮ ਵਿਚ ਕਥਾ ਕਰਦੇ ਰਹੇ।

1989 ਤੋਂ ਆਪ ਚੰਡੀਗੜ੍ਹ ਦੇ ਸੈਕਟਰ 22 ਦੇ ਗੁਰਦੁਆਰਾ ਸਾਹਿਬ ਵਿਖੇ ਆ ਗਏ ਜਿੱਥੇ ਕਿ ਕਥਾ ਦੀ ਸੇਵਾ ਨਿਭਾਉਂਦੇ ਰਹੇ। ਇਸ ਤੋਂ ਬਾਅਦ 1990 ਤੋਂ ਚੰਡੀਗੜ੍ਹ ਦੇ ਸੈਕਟਰ 34 ਦੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਆ ਗਏ। ਇਸੇ ਦੌਰਾਨ ਆਪ ਨੂੰ 1996 ਵਿਚ ਹੀ ਪਹਿਲੀ ਵਾਰੀ ਕੈਨੇਡਾ ਜਾਣ ਦਾ ਮੌਕਾ ਮਿਲਿਆ। ਆਪ ਨੇ ਕੁੱਝ ਮਹੀਨੇ ਕੈਨੇਡਾ ਵਿਖੇ ਧਰਮ ਪ੍ਰਚਾਰ ਕੀਤਾ ਤੇ ਇਸ ਤੋਂ ਮਗਰੋਂ ਦੁਨੀਆ ਦੇ ਹੋਰ ਕਈ ਪ੍ਰਮੁੱਖ ਦੇਸ਼ਾਂ ਦਾ ਦੌਰਾ ਕੀਤਾ। ਆਪ ਨੇ ਆਪਣੀਆਂ ਕਥਾਵਾਂ ਦੇ ਸੰਗ੍ਰਹਿ ਵੀ ਤਿਆਰ ਕੀਤੇ ਅਤੇ ਹੁਣ ਤਕ 10 ਪੁਸਤਕਾਂ ਲਿਖ ਚੁੱਕੇ ਹਨ। ਇਨ੍ਹਾਂ ਦੀਆਂ ਪੁਸਤਕਾਂ ਵਿਚ ਗਿਆਨ ਅੰਜਨ ਗੁਰ ਦੀਆ, ਸੰਸਾਰ ਤੋਂ ਨਿਰੰਕਾਰ ਤਕ, ਵਿਆਹ ਅਤੇ ਨਿਰਬਾਹ, ਜਗਤ ਗੁਰ ਸੁਆਮੀ, ਥਾਲ ਵਿਚਿ ਤਿਨਿ ਵਸਤੂ ਪਈਓ, ਖਾਲਸੇ ਦੀ ਵਿਰਾਸਤ, ਗੁਰਮੁਖ ਸੋਈ ਸਹਿਜ ਸਮਾਵੈ, ਗੁਰੂ ਪਿਆਰਿਆਂ ਰਾਹੀਂ ਗੁਰੂ ਦੀਦਾਰੇ, ਗੁਰਮਤਿ ਮੋਤੀ (ਦੋ ਭਾਗਾਂ ਵਿਚ) ਦੇ ਨਾਂ ਸ਼ਾਮਲ ਹਨ। ਇਨ੍ਹਾਂ ਦੀ ਅਗਲੀ ਪੁਸਤਕ 'ਗੁਰਮਤਿ ਮੋਤੀ' ਛਪਾਈ ਅਧੀਨ ਹੈ।

ਭਾਈ ਅਮਰੀਕ ਸਿੰਘ ਦੀ ਕਥਾ ਸ਼ੈਲੀ ਦਾ ਦਿਲਚਸਪ ਪੱਖ ਇਹ ਹੈ ਕਿ ਜਿਹੜਾ ਇਤਿਹਾਸ ਸਾਡੀਆਂ ਨਜ਼ਰਾਂ ਤੋਂ ਦੂਰ ਕੇਵਲ ਕਿਤਾਬਾਂ ਦੀਆਂ ਬੁੱਕਲਾਂ ਵਿਚ ਹੀ ਪਿਆ ਸੀ, ਉਸਦੀ ਕਥਾ ਕਰ ਕੇ ਆਪ ਨੇ ਬਹੁਤ ਹੀ ਸੌਖੇ ਤਰੀਕੇ ਨਾਲ ਸੰਗਤਾਂ ਤਕ ਪਹੁੰਚਾਇਆ। ਆਪ ਨੂੰ ਕਈ ਵਾਰੀ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਕਥਾ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦੀ ਸੋਚ ਹੈ ਕਿ ਮੇਰੇ ਮਰਨ ਤੋਂ ਪਹਿਲਾਂ-ਪਹਿਲਾਂ ਜਾਂ ਮਗਰੋਂ ਗੁਰਮਤਿ ਦਾ ਚਿਰਾਗ ਘਰ-ਘਰ ਵਿਚ ਜਗ ਜਾਵੇ।

• **ਗੁਰਪ੍ਰੀਤ ਕੌਰ**

# ਸਾਉਣ ਦੇ ਨਰਾਤੇ

**ਤਲਵਿੰਦਰ ਸ਼ਾਸਤਰੀ ਨਾਰੀਕੇ**



ਭਗਵਾਨ ਸ੍ਰੀ ਕ੍ਰਿਸ਼ਨ ਜੀ ਸ਼੍ਰੀਮਦ ਭਗਵਦ ਗੀਤਾ ਦੇ ਸੱਤਵੇਂ ਅਧਿਆਇ ਦੇ ਸ਼ਲੋਕ ਵਿਚ ਉਚਾਰਨ ਕਰਦੇ ਹਨ : ਧਰਤੀ, ਜਲ, ਅਗਨੀ, ਹਵਾ, ਆਕਾਸ਼, ਮਨ, ਬੁੱਧੀ ਤੇ ਅਹੰਕਾਰ 8 ਤਰ੍ਹਾਂ ਦੀ ਵਿਭਾਜਿਤ ਹੋਈ ਮੇਰੀ ਪ੍ਰਕਿਰਤੀ ਹੈ। ਇਹ 8 ਪ੍ਰਕਾਰ ਦੇ ਭੇਦਾਂ ਵਾਲੀ ਤਾਂ ਅਪਰਾ ਅਰਥਾਤ ਮੇਰੀ ਜੜ੍ਹ ਪ੍ਰਕਿਰਤੀ ਹੈ । ਹੇ ਮਹਾਬਾਹੋ! ਇਸ ਤੋਂ ਦੂਸਰੀ ਨੂੰ ਜਿਸ ਨੇ ਸਾਰੇ ਸੰਸਾਰ ਨੂੰ ਧਾਰਣ ਕੀਤਾ ਹੋਇਆ ਹੈ, ਮੇਰੀ ਜੀਵਰੂਪਾ ਅਰਥਾਤ ਚੇਤਨ ਪ੍ਰਕਿਰਤੀ ਸਮਝ। ਇਹ ਨੌਵਾਂ ਤੱਤ ਜੀਵ ਰੂਪੀ ਅਰਥਾਤ ਪ੍ਰਕਿਰਤੀ/ਦੁਰਗਾ ਰੂਪ ਸਮਝ।' ਮਾਂ ਦੁਰਗਾ ਸੁੱਖਾਂ ਨਾਲ ਝੋਲੀ ਭਰਨ ਵਾਲੀ, ਹਰੇਕ ਪ੍ਰਕਾਰ ਦੇ ਦੁੱਖਾਂ ਨੂੰ ਦੂਰ ਕਰਨ ਵਾਲੀ ਹੈ, ਜਿਸ ਦੀ ਜਯੋਤੀ ਨਿਰੰਕਾਰ ਹੈ, ਉਸਦਾ ਉਜਿਆਰਾ ਤਿੰਨ ਲੋਕਾਂ ਵਿਚ ਫੈਲਿਆ ਹੋਇਆ ਹੈ।ਕਿਹਾ ਗਿਐ, "ਨਮੋ ਨਮੋ ਦੁਰਗੇ ਸੁਖ ਕਰਨੀ, ਨਮੋ ਨਮੋ ਅੰਬੇ ਦੁੱਖ ਹਰਨੀ। ਨਿਰੰਕਾਰ ਹੈ ਜਯੋਤੀ ਤੁਮਾਰੀ,ਤਿਹੁੰ ਲੋਕ ਫੈਲੀ ਉਜਿਆਰੀ। ਸਾਵਣ ਮਹੀਨੇ ਦੇ ਸ਼ੁਕਲ ਪੱਖ ਦੀ ਇਸ ਸ਼ੁਭ ਸ਼ੁਰੂਆਤ ਨੂੰ ਛਿੰਨਮਸਤਿਕਾ ਮਾਤਾ ਸ੍ਰੀ ਚਿੰਤਪੁਰਨੀ ਜੀ, ਮਾਤਾ ਸ੍ਰੀ ਚਾਮੁੰਡਾ ਦੇਵੀ ਜੀ ਤੇ ਮਾਤਾ ਸ੍ਰੀ ਨੈਣਾ ਦੇਵੀ ਜੀ ਦੀ ਵਿਸ਼ੇਸ਼ ਤੌਰ 'ਤੇ ਪੂਜਾ-ਅਰਾਧਨਾ ਦੇ 9 ਦਿਨਾਂ ਨੂੰ ਮਾਤਾ ਦੇ ਨਰਾਤੇ, ਮਾਤਾ ਦਾ ਚਾਲਾ ਤੇ ਸਾਵਨ ਦਾ ਚਾਲਾ ਸ਼ਬਦਾਂ ਨਾਲ ਪੁਕਾਰਿਆ ਜਾਂਦਾ ਹੈ। ਇਹ ਸਾਵਨ ਦਾ ਚਾਲਾ ਤਿਥ ਏਕਮ ਤੋਂ ਸ਼ੁਰੂ ਹੁੰਦਾ ਹੈ ਤੇ ਅਸ਼ਟਮੀ ਤਿਥ ( ਜਿਸਨੂੰ ਦੁਰਗਾ ਅਸ਼ਟਮੀ ਨਾਂ ਨਾਲ ਵੀ ਜਾਣਿਆ ਜਾਂਦਾ ਹੈ) ਵਾਲੇ ਦਿਨ ਮਾਤਾ ਦੀ ਸ਼ਕਤੀ ਪੀਠ 'ਤੇ ਮਾਤਾ ਦੇ ਭਗਤ ਪੂਜਾ-ਅਰਚਨਾ ਕਰਕੇ ਦੇਸੀ ਘਿਉ ਦੀਆਂ ਕੜਾਹੀਆਂ ਕਰਵਾਕੇ ਵਾਪਸ ਆਪਣੇ ਘਰਾਂ ਨੂੰ ਚਾਲੇ ਪਾਉਂਦੇ ਹਨ । ਮਾਤਾ ਦੇ ਭਵਨਾਂ ਵਿਚ ਨਾ ਜਾ ਸਕਣ ਵਾਲੇ ਲੋਕ ਆਪਣੇ ਘਰਾਂ ਵਿਚ ਹੀ ਕੰਜਕਾਂ ਨੂੰ ਬੁਲਾਉਂਦੇ ਹਨ। ਉਨ੍ਹਾਂ ਦੀ ਦੁਰਗਾ ਦੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ। ਉਨ੍ਹਾਂ ਦੇ ਪੈਰ ਧੋ ਕੇ ਜਲ ਨੂੰ ਚਰਣ+ਅੰਮ੍ਰਿਤ=ਚਰਨਾਮਤ ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਸ਼ਰਧਾ ਤੇ ਪ੍ਰੇਮ ਨਾਲ ਭੋਜਨ ਖੁਆ ਕੇ ਦਾਨ-ਦਕਸ਼ਣਾ ਦਿੱਤੀ ਜਾਂਦੀ ਹੈ।

ਸਾਡੇ ਧਰਮ-ਸ਼ਾਸਤਰਾਂ ਦਾ ਇਹ ਕਥਨ ਹੈ ਕਿ "ਭਾਰਤ ਦੀ ਪਵਿੱਤਰ ਧਰਤੀ 'ਤੇ ਜਦੋਂ-ਜਦੋਂ ਵੀ ਕਿਸੇ ਯੁੱਗਪੁਰਸ਼ ਨੇ ਪਾਪੀਆਂ ਤੇ ਅਤਿਆਚਾਰੀਆਂ ਖ਼ਿਲਾਫ਼ ਆਪਣੇ ਸ਼ਸਤਰ ਉਠਾਏ, ਉਨ੍ਹਾਂ ਵਿਰੁੱਧ ਯੁੱਧ ਦਾ ਐਲਾਨ ਕੀਤਾ ਤਾਂ ਉਨ੍ਹਾਂ ਵੱਲੋਂ ਸਭ ਤੋਂ ਪਹਿਲਾਂ ਮਾਤਾ ਦੁਰਗਾ ਦੀ ਚੰਡੀ ਦੇ ਰੂਪ ਵਿਚ ਉਪਾਸ਼ਨਾ ਕੀਤੀ। ਇਸ ਮੌਕੇ ਕੀਤੇ ਹਵਨ-ਯੱਗ ਤੋਂ ਪ੍ਰਸੰਨ ਹੋ ਕੇ ਮਾਂ ਦੁਰਗਾ ਨੇ ਵੀ ਪ੍ਰਗਟ ਹੋ ਕੇ ਖੜਗ ਆਪਣੇ ਆਸ਼ੀਰਵਾਦ ਦੇ ਰੂਪ ਵਿਚ ਉਨ੍ਹਾਂ ਨੂੰ ਭੇਟ ਕੀਤੀ।'

ਮਾਤਾ ਸ਼੍ਰੀ ਨੈਣਾ ਦੇਵੀ ਸ਼ਕਤੀ ਪੀਠ ਸਮੁੰਦਰੀ ਤਲ ਤੋਂ ਲਗਪਗ 1177 ਮੀਟਰ ਦੀ ਉਚਾਈ 'ਤੇ ਜ਼ਿਲ੍ਹਾ ਬਿਲਾਸਪੁਰ (ਹਿਮਾਚਲ ਪ੍ਰਦੇਸ਼)ਵਿਖੇ ਸਥਿਤ ਹੈ।ਇਸ ਆਦਿ ਸ਼ਕਤੀ ਮਾਂ ਦੁਰਗਾ ਸ਼ਕਤੀਪੀਠ ਬਾਰੇ ਪੌਰਾਣਾਂ ਵਿਚ ਇਕ ਕਥਾ ਦਾ ਵਰਣਨ ਕੀਤਾ ਮਿਲਦਾ ਹੈ। ਇਸ ਕਥਾ ਅਨੁਸਾਰ ਜਦੋਂ ਮਾਤਾ ਸਤੀ ਦੇ ਪਿਤਾ ਪਰਵਤ ਰਾਜ ਦਕਸ਼ ਵੱਲੋਂ ਭਗਵਾਨ ਸ਼ਿਵ ਨੂੰ ਬਿਨਾਂ ਨਿਮੰਤ੍ਰਣ ਦਿੱਤਿਆਂ ਹਵਨ ਯੱਗ ਕਰਵਾਇਆ ਗਿਆ। ਉਸ ਯੱਗ ਵਿਚ ਆਪਣੇ ਪਤੀ ਭਗਵਾਨ ਸ਼ਿਵ ਦਾ ਅਪਮਾਨ ਨਾ ਸਹਿੰਦਿਆਂ ਮਾਤਾ ਸਤੀ ਨੇ ਹਵਨ-ਕੁੰਡ ਵਿਚ ਹੀ ਆਪਣੇ ਆਪ ਨੂੰ ਆਹੂਤੀ ਦੇ ਰੂਪ ਵਿਚ ਪ੍ਰਵੇਸ਼ ਕਰ ਦਿੱਤਾ ਸੀ। ਇਸ ਦੁਖਦ ਬਿਰਤਾਂਤ ਨੂੰ ਸੁਣਦਿਆਂ ਹੀ ਭਗਵਾਨ ਸ਼ਿਵ ਨੇ ਕ੍ਰੋਧਿਤ ਹੋ ਕੇ ਸਤੀ ਨੂੰ ਆਪਣੇ ਮੋਢਿਆਂ 'ਤੇ ਉਠਾ ਕੇ ਆਕਾਸ਼ ਵਿਚ ਤਾਂਡਵ-ਨਾਚ ਸ਼ੁਰੂ ਕਰ ਦਿੱਤਾ ਸੀ। ਉਸ ਮੌਕੇ ਦੇਵਤਿਆਂ ਨੇ ਮਿਲਕੇ ਭਗਵਾਨ ਵਿਸ਼ਨੂੰ ਜੀ ਨੂੰ ਸ਼ਿਵ ਜੀ ਦਾ ਕ੍ਰੋਧ ਸ਼ਾਂਤ ਕਰਨ ਦੀ ਬੇਨਤੀ ਕੀਤੀ। ਉਨਾਂ ਕਿਹਾ, ਹੇ ਪ੍ਰਭੂ, ਵਿਸ਼ਨੂੰ ਜੀ! ਜੇ ਇਸ ਮੌਕੇ ਤੁਸੀਂ ਸ਼ਿਵ ਜੀ ਦਾ ਕ੍ਰੋਧ ਸ਼ਾਂਤ ਨਾ ਕੀਤਾ ਤਾਂ ਬ੍ਰਹਿਮੰਡ ਵਿਚ ਪਰਲੋ ਆ ਸਕਦੀ ਹੈ। ਦੇਵਤਾਵਾਂ ਵੱਲੋਂ ਕੀਤੀ ਬੇਨਤੀ ਨੂੰ ਸਵੀਕਾਰ ਕਰਦਿਆਂ ਭਗਵਾਨ ਵਿਸ਼ਨੂੰ ਜੀ ਨੇ ਆਪਣੇ ਸ੍ਰੀ ਚੱਕਰ ਨਾਲ ਮਾਤਾ ਸਤੀ ਦੀ ਦੇਹੀ ਦੇ 51 ਟੁਕੜੇ ਕਰ ਦਿੱਤੇ। ਆਕਾਸ਼ ਮਾਰਗ 'ਤੇ ਚੱਲਦਿਆਂ ਮਾਤਾ ਸਤੀ ਜੀ ਦਾ ਜੋ-ਜੋ ਪਵਿੱਤਰ ਅੰਗ ਜਿੱਥੇ-ਜਿੱਥੇ ਡਿਗਿਆ,ਉੱਥੇ-ਉੱਥੇ ਹੀ ਸ਼ਕਤੀ-ਪੀਠ ਦੀ ਸਥਾਪਨਾ ਹੋਈ।

ਪੌਰਾਣਾਂ ਦਾ ਇਹ ਮੰਨਣਾ ਹੈ ਕਿ ਇਸ ਸਥਾਨ 'ਤੇ ਮਾਤਾ ਸਤੀ ਦੇ ਨੈਣ ਗਿਰੇ ਸਨ। ਇਸ ਲਈ ਇਸ ਸ਼ਕਤੀ ਪੀਠ ਨੂੰ ਮਾਤਾ ਨੈਣਾਂ ਦੇਵੀ ਸ਼ਕਤੀ ਪੀਠ ਨਾਂ ਨਾਲ ਜਾਣਿਆ ਜਾਂਦਾ ਹੈ।

ਦੂਜੀ ਕਥਾ ਮੁਤਾਬਿਕ ਇਕ ਨੈਣਾ ਨਾਂ ਦਾ ਭਗਤ ਇੱਥੇ ਆਪਣੀਆਂ ਗਊਆਂ ਚਰਾਉਣ ਲਈ ਆਉਂਦਾ ਸੀ। ਅਕਸਰ ਇਕ ਗਊ ਦੂਜੀਆਂ ਗਾਵਾਂ ਤੋਂ ਵੱਖ ਹੋ ਕੇ ਜਦੋਂ ਇਸ ਸਥਾਨ 'ਤੇ ਆਉਂਦੀ ਤਾਂ ਉਸ ਦੇ ਥਣਾਂ ਵਿੱਚੋਂ ਦੁੱਧ ਦੀਆਂ ਧਾਰਾਂ ਵਹਿ ਤੁਰਦੀਆਂ। ਨੈਣਾ ਨਾਂ ਦੇ ਭਗਤ ਨੇ ਜਦੋਂ ਇਕ ਦਿਨ ਇਹ ਦ੍ਰਿਸ਼ ਦੇਖਿਆ ਤਾਂ ਉਹ ਹੈਰਾਨ ਹੋ ਗਿਆ। ਨੈਣਾ ਮਾਂ ਦੁਰਗਾ ਦਾ ਭਗਤ ਤਾਂ ਹੈ ਹੀ ਸੀ। ਉਸ ਨੂੰ ਉਸ ਰਾਤ ਸੁਫਨੇ 'ਚ ਮਾਂ ਦੁਰਗਾ ਦੇ ਦਰਸ਼ਨ ਹੋਏ। ਮਾਂ ਦੁਰਗਾ ਨੇ ਉਚਾਰਨ ਕੀਤਾ, ਬੇਟਾ! ਇਸ ਸਥਾਨ 'ਤੇ ਮੈਂ ਪਿੰਡੀ ਰੂਪ 'ਚ ਬਿਰਾਜਮਾਨ ਹਾਂ। ਇਸ ਲਈ ਅੱਜ ਤੋਂ ਬਾਅਦ ਜੋ ਕੋਈ ਭਗਤ ਸੱਚੇ ਹਿਰਦੇ ਨਾਲ ਇੱਥੇ ਵਰਦਾਨ ਮੰਗੇਗਾ ਉਸਦੇ ਮਨ ਦੀ ਇੱਛਾ ਪੂਰਨ ਹੋਵੇਗੀ। ਉਸ ਤੋਂ ਬਾਅਦ ਮਾਂ ਦੁਰਗਾ ਨੇ ਨੈਣਾ ਨਾਂ ਦੇ ਭਗਤ ਨੂੰ ਮੁਕਤੀ-ਪ੍ਰਦਾਨ ਕਰ ਦਿੱਤੀ।

# ਪ੍ਰੇਮ ਦੀ ਸ਼ਰਣ 'ਚ

ਵਿਸ਼ਵ ਦੇ ਹਰੇਕ ਧਰਮ ਦਾ ਸੰਕਲਪ ਤੇ ਸਰੋਕਾਰ ਈਸ਼ਵਰ-ਮਿਲਨ ਹੀ ਤਾਂ ਹੈ। ਹਿੰਦੂ ਧਰਮ ਗ੍ਰੰਥ ਦੱਸਦੇ ਹਨ ਕਿ ਜਿਵੇਂ ਇਕ ਭੌਰ ਖਿੜੇ ਫੁੱਲਾਂ ਨੂੰ ਦੇਖਦੇ ਹੀ ਬਿਹਬਲ ਹੋ ਉੱਠਦਾ ਹੈ, ਇਕ ਚਾਤ੍ਰਿਕ/ਪਪੀਹਾ ਸੁਆਂਤੀ ਬੂੰਦ ਲਈ ਪੀਆ-ਪੀਆ ਦੀ ਰਟ ਲਾਉਂਦਾ ਹੋਇਆ ਥੱਕਦਾ ਨਹੀਂ, ਉਂਝ ਹੀ ਈਸ਼ਵਰ-ਮਿਲਨ ਦੀ ਤਮੰਨਾ ਵਿਚ ਲੱਖਾਂ ਪ੍ਰੇਮ ਦੀ ਸ਼ਰਨ ਵਿਚ ਗਈਆਂ ਰੂਹਾਂ ਆਪਣੀ ਸ਼ੁਧ-ਬੁਧ ਖੋਹ ਕੇ ਭਗਤੀ ਦੇ ਰਾਹਾਂ 'ਤੇ ਤੁਰੀਆਂ ਅਤੇ ਤੁਰਦੀਆਂ ਰਹਿਣਗੀਆਂ। ।

ਆਤਮਾ ਕੀ ਹੈ? ਪਰਮਾਤਮਾ ਕੀ ਹੈ? ਮੈਂ ਕੀ ਸੀ, ਮੈਂ ਕੀ ਹਾਂ ਅਤੇ ਮੈਂ ਕੀ ਹੋਵਾਂਗਾ? ਹਿੰਦੂ ਸ਼ਾਸਤਰਾਂ ਵਿਚ ਇਨ੍ਹਾਂ ਰਹੱਸਮਈ ਗੁੰਝਲਦਾਰ ਸਵਾਲਾਂ ਦਾ ਜਵਾਬ ਤਾਂ ਵਿਸਥਾਰ ਵਿਚ ਮਿਲਦਾ ਹੀ ਹੈ। ਇਸ ਤੋਂ ਇਲਾਵਾ ਸਵਾਲੀ ਤੇ ਜਗਿਆਸੂ ਦੀ ਇਸ ਉਤਸੁਕਤਾ ਨਾਲ ਲਬਾਲਬ ਰੂਹ ਨੂੰ ਸ਼ਾਂਤ ਵੀ ਕੀਤਾ ਗਿਆ ਕਿ ਆਖ਼ਿਰ ਇਕ ਆਤਮਾ ਰੂਪੀ ਨਦੀ ਕਿਵੇਂ ਸਾਗਰ ਰੂਪੀ ਪਰਮਾਤਮਾ ਨੂੰ ਪਾ ਸਕਦੀ ਹੈ।।ਆਤਮਾ ਅਤੇ ਪਰਮਾਤਮਾ ਦਾ ਕਿਵੇਂ ਮਿਲਨ ਹੋ ਸਕਦੈ? ਸ਼ਾਸਤਰਾਂ ਅਨੁਸਾਰ ਇਸ ਲਈ ਪਹਿਲੀ ਸ਼ਰਤ ਹੈਪ੍ਰੇਮ ਦੀ ਸ਼ਰਣ ਵਿਚ ਜਾ ਕੇ ਤਨ-ਮਨ ਨੂੰ ਭਗਤੀ ਰੰਗ ਵਿਚ ਰੰਗਣਾ।

ਇਹ ਪ੍ਰਕਿਰਤੀ ਖ਼ੁਦ ਇਕ ਸੰਗੀਤਮਈ ਗਤੀ ਤੇ ਲੈਅ ਹੈ। ਪ੍ਰਕਿਰਤੀ ਦੀ ਹਰ ਸ਼ੈਅ ਪ੍ਰਭੂ ਦੀ ਭਗਤੀ ਵਿਚ ਮਦਹੋਸ਼ ਹੋ ਕੇ ਝੂਮ ਰਹੀ ਹੈ। ਜੇ ਕੋਈ ਪ੍ਰਭੂ-ਪ੍ਰੇਮੀ ਸ਼ੁੱਧ ਹਿਰਦੇ ਨਾਲ ਪ੍ਰੇਮਾ ਭਗਤੀ ਨੱਚਕੇ ਕਰਦਾ ਤਾਂ ਇਸ ਵਿਚ ਕੀ ਦੋਸ਼ ਹੈ? ਇਹ ਸਭ ਕੁੱਝ ਤਾਂ ਤੁਹਾਡੀਆਂ ਭਾਵਨਾਵਾਂ 'ਤੇ ਨਿਰਭਰ ਹੈ। ਤੁਹਾਡੀਆਂ ਭਾਵਨਾਵਾਂ ਸ਼ੁੱਧ ਹਨ ਤਾਂ ਸਭ ਕੁੱਝ ਪ੍ਰਭੂ ਨਿਮਿੱਤ ਤੇ ਪ੍ਰਭੂ ਦੀ ਲੀਲ੍ਹਾ ਨਜ਼ਰ ਆਉਂਦਾ ਹੈ। ਜੇ ਤੁਹਾਡੀਆਂ ਭਾਵਨਾਵਾਂ ਵਿਚ ਖੋਟ ਹੈ ਤਾਂ ਤੁਹਾਨੂੰ ਹਰ ਪਵਿੱਤਰ ਵਸਤੂ ਵੀ ਖੋਟੀ ਨਜ਼ਰ ਆਵੇਗੀ।

ਬ੍ਰਹਿਮੰਡ ਅੰਦਰ ਕੋਈ ਟਾਵਾਂ-ਟਾਵਾਂ ਸ਼ੁੱਧ ਹਿਰਦੇ ਵਾਲਾ ਮਹਾਂਪੁਰਖ ਹੁੰਦਾ ਹੈ ਜਿਸ ਉੱਪਰ ਪਰਮੇਸ਼ਵਰ ਦੀ ਕ੍ਰਿਪਾ-ਦ੍ਰਿਸ਼ਟੀ ਹੁੰਦੀ ਹੈ। ਇਸ ਕ੍ਰਿਪਾ-ਦ੍ਰਿਸ਼ਟੀ ਦੀ ਪਵਿੱਤਰ ਅਗਨ ਦੀ ਬਦੌਲਤ ਹੀ ਉਸ ਮਹਾਂਪੁਰਸ਼ ਦੇ ਮਨ-ਚਿਤ ਅੰਦਰ ਅਧਿਆਤਮਵਾਦ ਦੀਆਂ ਅਗਰਬੱਤੀਆਂ ਧੁਖਦੀਆਂ ਹਨ। ਇਨ੍ਹਾਂ ਅਗਰਬੱਤੀਆਂ ਦੀਆਂ ਖ਼ੁਸ਼ਬੋਈਆਂ ਨਾਲ ਗਦ-ਗਦ ਹੋਈ ਆਤਮਾ ਹੀ ਪ੍ਰਭੂ ਦੀਦਾਰ ਦੀਆਂ ਪੰਜੇਬਾਂ ਦੀ ਛਣ-ਛਣ, ਚੂੜੇ ਦੀ ਝੰਮ-ਝੰਮ ਸੁਣਨ ਦੇ ਸਮਰੱਥ ਹੁੰਦੀ ਹੈ। ਅਜਿਹੇ ਮਹਾਂ ਪੁਰਖਾਂ ਦੇ ਪ੍ਰੇਮ ਬੋਲ ਸੁਣਕੇ ਸੁੱਕੇ ਖੁੰਢਾਂ ਵਿੱਚੋਂ ਵੀ ਹਰੀਆਂ ਕਚੂਰ ਟਹਿਣੀਆਂ ਫੁੱਟ ਉੱਠਦੀਆਂ ਹਨ। ਸਤਿਯੁੱਗ, ਤ੍ਰੇਤਾ ਅਤੇ ਦੁਆਪਰ ਯੁੱਗ ਦੀ ਗੱਲ ਕਰੀਏ ਤਾਂ ਇਨ੍ਹਾਂ ਯੁੱਗਾਂ ਵਿਚ ਜਦੋਂ-ਜਦੋਂ ਵੀ ਕਿਸੇ ਆਤਮਾ 'ਤੇ ਪ੍ਰਭੂ-ਪ੍ਰੇਮ ਦੀਆਂ ਭਿੰਨੀਆਂ-ਭਿੰਨੀਆਂ ਮਹਿਕਾਂ ਦੀਆਂ ਬੱਦਲੀਆਂ ਵਰ੍ਹੀਆਂ, ਕੋਈ ਰੂਹ ਪ੍ਰੇਮ ਦੀ ਸ਼ਰਨ ਵਿਚ ਗਈ, ਉਦੋਂ-ਉਦੋਂ ਹੀ ਮੀਰਾਂ ਬਾਈ, ਧਿਆਨੂੰ ਭਗਤ ਦੇ ਰੂਪ ਵਿਚ ਲੋਕ ਲੱਜ਼ਾ ਦੀ ਪਰਵਾਹ ਕੀਤਿਆਂ ਬਗ਼ੈਰ ਪੈਰਾਂ ਵਿਚ ਭਗਤੀ ਦੇ ਘੁੰਗਰੂ ਪਾ ਕੇ ਰੂਹਾਂ ਨੱਚ ਉੱਠੀਆਂ। ।ਦੁਨੀਆ ਵੱਲੋਂ ਭੇਜਿਆ ਜ਼ਹਿਰ ਵੀ ਪ੍ਰੇਮ-ਪਿਆਲਾ ਸਮਝਕੇ ਗਟ-ਗਟ ਕਰ ਕੇ ਪੀ ਲਿਆ।।ਭਗਤੀ ਦੇ ਸਾਗਰਾਂ ਵਿਚ ਡੁੱਬਕੀਆਂ ਲਾਉਂਦੀਆਂ ਰੂਹਾਂ ਭੀਲਣੀ ਬਣਕੇ ਪ੍ਰੇਮ ਰਸ ਦੇ ਮਿੱਠੇ-ਮਿੱਠੇ ਬੇਰ ਲੈ ਕੇ ਪ੍ਰਭੂ ਮਿਲਨ ਦੀਆਂ ਘੜੀਆਂ ਦੀਆਂ ਉਡੀਕਾਂ ਕਰਨ ਲੱਗੀਆਂ। ਪ੍ਰਹਿਲਾਦ ਭਗਤ ਵਾਂਗ ਰਿਸ਼ਤਿਆਂ (ਪਿਤਾ ਹਿਰਣਯਕਸ਼ਿਪ ਆਦਿ) ਦੀ ਪਰਵਾਹ ਕੀਤਿਆਂ ਬਗ਼ੈਰ ਰਾਮ-ਰਾਮ ਵਿਚ ਰਮ ਗਏ। ਪ੍ਰੇਮ ਦੀ ਸ਼ਰਨ ਵਿਚ ਪਹੁੰਚੇ ਸੂਰਦਾਸ ਵਰਗੇ ਭਗਤ ਅੱਖਾਂ ਤੋਂ ਮੁਨਾਖੇ ਹੋਣ ਦੇ ਬਾਵਜੂਦ ਜਦੋਂ ਨੈਣਾਂ ਵਿਚ ਪ੍ਰੇਮ-ਨੀਰ ਭਰ ਕੇ ਕ੍ਰਿਸ਼ਨ-ਕ੍ਰਿਸ਼ਨ ਪੁਕਾਰਦੇ ਸਨ ਤਾਂ ਭਗਵਾਨ ਦੇ ਨੈਣਾਂ 'ਚੋਂ ਵੀ ਭਗਤ ਪ੍ਰਤੀ ਪ੍ਰੇਮ ਨੀਰ ਵਹਿ ਤੁਰਦਾ ਸੀ। ਸੂਰਦਾਸ ਵਰਗੇ ਭਗਤਾਂ ਦੇ ਹਿੱਸੇ ਹੀ ਆਉਂਦਾ ਹੈ ਕ੍ਰਿਸ਼ਨਮਈ-ਕ੍ਰਿਸ਼ਨਮਈ ਹੋ ਜਾਣਾ। ਇਨ੍ਹਾਂ ਰੂਹਾਂ ਨੇ ਹੀ ਆਖਿਰ ਪ੍ਰਭੂ ਦੇ ਨਾਮ ਦੀ ਓਟ ਲੈ ਕੇ ਲੌਕਿਕ/ਦੁਨਿਆਵੀ ਸਾਰੀਆਂ ਢੇਰੀਆਂ ਢਾਹ ਦਿੱਤੀਆਂ।।

ਇਹ ਪ੍ਰਵਾਨ ਕਰਨਾ ਹੋਵੇਗਾ ਕਿ ਈਸ਼ਵਰ ਦੀ ਕ੍ਰਿਪਾ ਤੋਂ ਬਿਨਾ ਨਾ ਹੀ ਪ੍ਰੇਮ ਪਿਆਲੇ ਪੀਤੇ ਜਾਂਦੇ ਹਨ, ਨਾ ਹੀ ਵਿਹੁ ਭਰੇ ਪਿਆਲੇ ਪ੍ਰੇਮ-ਪਿਆਲੇ ਬਣਦੇ ਹਨ। ਪ੍ਰੇਮ ਦੀ ਸ਼ਰਣ ਜਾਣ ਵਾਲੀਆਂ ਭਾਗਾਂਵਾਲੀਆਂ ਰੂਹਾਂ ਹੀ ਮਰਨ ਤੋਂ ਬਾਅਦ ਵੀ ਜਿਊਂਦੀਆਂ ਹਨ। ਇਹ ਰੂਹਾਂ ਆਖਿਰ ਸਦਾ-ਸਦਾ ਲਈ ਆਪਣੇ ਈਸ਼ਵਰ ਰੂਪੀ ਸਾਗਰ ਵਿਚ ਪ੍ਰੇਮ-ਬੂੰਦਾਂ ਬਣਕੇ ਵਿਲੀਨ ਹੋ ਜਾਂਦੀਆਂ ਨੇ।।ਵਿਲੀਨ ਹੀ ਨਹੀਂ ਹੁੰਦੀਆਂ ਸਦਾ-ਸਦਾ ਲਈ ਅਮਰ ਹੋ ਜਾਂਦੀਆਂ ਹਨ। **ਮੋਬਾਈਲ** 94643-48258

# ਸਿਹਤ ਵਿਭਾਗ ਵੱਲੋਂ 252 ਮੈਡੀਕਲ ਕੈਂਪ ਸਥਾਪਿਤ, 409 ਰੈਪਿਡ ਰਿਸਪਾਂਸ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਸਰਗਰਮ

ਬਠਿੰਡਾ
-ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਅੱਜ ਕਈ ਮੰਤਰੀਆਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਆਫ਼ਤ ਪ੍ਰਬੰਧਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਜਿੱਥੇ ਮੋਹਾਲੀ ਜ਼ਿਲ੍ਹੇ ਦੇ ਇਕ ਦਰਜਨ ਦੇ ਕਰੀਬ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਉਥੇ ਹੀ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਵੀ ਡੇਰਾ ਬੱਸੀ ਇਲਾਕੇ 'ਚ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ। ਪਾਤੜਾਂ ਦੇ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਪਿਛਲੇ ਕਈ ਦਿਨਾਂ ਤੋਂ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਲੋਕਾਂ ਦੀ ਨਿੱਠ ਕੇ ਸੇਵਾ ਕਰ ਰਹੇ ਹਨ ਅਤੇ ਸੁਨਾਮ ਇਲਾਕੇ ਵਿਚ ਅੱਜ ਮੰਤਰੀ ਅਮਨ ਅਰੋੜਾ ਨੇ ਦੌਰਾ ਕੀਤਾ। ਇਸ ਤੋਂ ਇਲਾਵਾ ਬਾਕੀ ਮੰਤਰੀ ਅਤੇ ਵਿਧਾਇਕ ਵੀ ਆਪੋ ਆਪਣੇ ਇਲਾਕਿਆਂ ਵਿਚ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰ ਰਹੇ ਹਨ।ਇਸ ਦੌਰਾਨ ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਨੇ ਆਪਣੀ ਇਕ ਮਹੀਨੇ ਦੀ ਤਨਖਾਹ ਮੁੱਖ ਮੰਤਰੀ ਰਾਹਤ ਕੋਸ਼ ਫੰਡ ਨੂੰ ਦੇਣ ਦਾ ਐਲਾਨ ਕੀਤਾ ਹੈ ਤਾਂ ਜੋ ਇਸ ਨੂੰ ਹੜ੍ਹ ਪ੍ਰਭਾਵਿਤਾਂ ਦੀ ਮਦਦ ਲਈ ਵਰਤਿਆ ਜਾ ਸਕੇ। ਓਧਰ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਉੱਤੇ ਰਾਹਤ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ। 22764 ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਇਆ ਗਿਆ ਹੈ। ਕੁਝ ਇਲਾਕਿਆਂ ਵਿੱਚ ਹੜ੍ਹਾਂ ਦੀ ਸਥਿਤੀ ਸੁਧਰਨ ਤੋਂ ਬਾਅਦ ਰਾਹਤ ਕੈਂਪਾਂ ਦੀ ਗਿਣਤੀ 183 ਤੋਂ ਘਟਾ ਕੇ 161 ਕਰ ਦਿੱਤੀ ਗਈ ਹੈ।

ਇਕ ਬੁਲਾਰੇ ਨੇ ਦੱਸਿਆ ਕਿ 14 ਜੁਲਾਈ ਸਵੇਰੇ 8 ਵਜੇ ਤੱਕ 14 ਜ਼ਿਲ੍ਹਿਆਂ ਦੇ 1179 ਪਿੰਡ ਹੜ੍ਹ ਪ੍ਰਭਾਵਿਤ ਹੋਏ ਹਨ। ਇਸ ਵੇਲੇ ਜਿਹੜੇ 14 ਜ਼ਿਲ੍ਹੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਉਨ੍ਹਾਂ 'ਚ ਪਟਿਆਲਾ, ਜਲੰਧਰ, ਕਪੂਰਥਲਾ, ਪਠਾਨਕੋਟ, ਤਰਨ ਤਾਰਨ, ਫਿਰੋਜ਼ਪੁਰ, ਫਤਹਿਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਮੋਗਾ, ਲੁਧਿਆਣਾ, ਮੋਹਾਲੀ ਅਤੇ ਸੰਗਰੂਰ ਦੇ ਨਾਂ ਸ਼ਾਮਲ ਹਨ। ਲੋਕਾਂ ਦੀ ਸਿਹਤ ਨੂੰ ਮੱਦੇਨਜ਼ਰ ਰੱਖਦੇ ਹੋਏ ਸਿਹਤ ਵਿਭਾਗ ਦੀਆਂ ਟੀਮਾਂ ਨੇ ਰੈਪਿਡ ਰਿਸਪਾਂਸ ਟੀਮਾਂ ਦੀ ਗਿਣਤੀ 315 ਤੋਂ ਵਧਾ ਕੇ 409 ਕਰ ਦਿੱਤੀ ਹੈ ਜਦਕਿ ਮੈਡੀਕਲ ਕੈਂਪਾਂ ਦੀ ਗਿਣਤੀ ਵੀ 186 ਤੋਂ ਵਧਾ ਕੇ 252 ਕਰ ਦਿੱਤੀ ਗਈ ਹੈ। ਹੁਣ ਤੱਕ ਕੁੱਲ ਓਪੀਡੀ 9204 'ਤੇ ਪੁੱਜ ਚੁੱਕੀ ਹੈ। ਪਸ਼ੂ ਪਾਲਣ ਵਿਭਾਗ ਨੇ ਦੱਸਿਆ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਕੁੱਲ 1730 ਪਸ਼ੂਆਂ ਦਾ ਇਲਾਜ ਕੀਤਾ ਗਿਆ ਹੈ ਅਤੇ 7255 ਪਸ਼ੂਆਂ ਦਾ ਟੀਕਾਕਰਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜ਼ਿਆਦਾਤਰ ਜ਼ਿਲ੍ਹਿਆਂ ਨੇ ਆਪਣੀ ਐਚ.ਐਸ. ਟੀਕਾਕਰਨ ਮੁਹਿੰਮ ਪੂਰੀ ਕਰ ਲਈ ਹੈ। ਰਾਹਤ ਕਾਰਜਾਂ ਵਿੱਚ ਲੱਗੀਆਂ ਟੀਮਾਂ ਲੋੜਵੰਦ ਪਸ਼ੂਆਂ ਦਾ ਇਲਾਜ, ਫੀਡ ਸਪਲਾਈ ਅਤੇ ਚਾਰਾ ਆਦਿ ਮੁਹੱਈਆ ਕਰਵਾਉਣ ਲਈ 24 ਘੰਟੇ ਕੰਮ ਕਰ ਰਹੀਆਂ ਹਨ।ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸੁੱਕੇ ਫੂਡ ਪੈਕਟਾਂ ਦੀ ਲਗਾਤਾਰ ਵੰਡ ਕੀਤੀ ਜਾ ਰਹੀ ਹੈ। ਸਿਰਫ ਪਟਿਆਲਾ (37000) ਅਤੇ ਰੂਪਨਗਰ (18930) ਵਿਚ ਹੀ 57 ਹਜ਼ਾਰ ਤੋਂ ਜ਼ਿਆਦਾ ਸੁੱਕੇ ਫੂਡ ਪੈਕਟ ਵੰਡੇ ਜਾ ਚੁੱਕੇ ਹਨ।

# ਸਿਹਤ ਵਿਭਾਗ ਵੱਲੋਂ ਹੜ੍ਹ ਦੌਰਾਨ ਸਿਹਤ ਸੁਝਾਅ ਬਾਰੇ ਜਾਗਰੂਕਤਾ ਪ੍ਰਦਰਸ਼ਨੀ



ਮਾਨਸਾ, -ਰੋਜ਼ਾਨਾ ਸਵੇਰਾ-
ਡਾਇਰੈਕਟਰ ਸਿਹਤ ਵਿਭਾਗ ਚੰਡੀਗੜ੍ਹ ਅਤੇ ਸਿਵਲ ਸਰਜਨ ਮਾਨਸਾ ਡਾਕਟਰ ਅਸ਼ਵਨੀ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਹਤ ਵਿਭਾਗ ਖਿਆਲਾ ਕਲਾਂ ਵੱਲੋਂ ਸੀਨੀਅਰ ਮੈਡੀਕਲ ਅਫਸਰ ਡਾਕਟਰ ਹਰਦੀਪ ਸ਼ਰਮਾ ਦੀ ਅਗਵਾਈ ਵਿੱਚ ਹੜ੍ਹ ਦੌਰਾਨ ਸਿਹਤ ਸੁਝਾਅ ਦਿੰਦਿਆਂ ਪ੍ਰਦਰਸ਼ਨੀ ਲਗਾਈ ਗਈ।ਇਸ ਮੌਕੇ ਡਾਕਟਰ ਹਰਮਨਦੀਪ ਸਿੰਘ ਨੇ ਡਾਇਰੈਕਟਰ ਸਿਹਤ ਵਿਭਾਗ ਚੰਡੀਗੜ੍ਹ ਦੀ ਟੀਮ ਵੱਲੋਂ ਪ੍ਰਦਰਸ਼ਨੀ ਰਾਹੀਂ ਸਿਹਤ ਸੁਝਾਅ ,ਸਿਹਤ ਸਕੀਮਾਂ , ਮਮਤਾ ਦਿਵਸ, ਮੁਕੰਮਲ ਟੀਕਾਕਰਨ, ਖਸਰਾ ਰੁਬੈਲਾ ਦੇ ਪੂਰਨ ਖਾਤਮੇ ਅਤੇ ਰਾਸ਼ਟਰੀ ਬਾਲ ਸਵੱਸਥ ਪ੍ਰੋਗਰਾਮ ਤਹਿਤ ਸਕੂਲੀ ਬੱਚਿਆਂ ਦਾ ਮੁਫ਼ਤ ਇਲਾਜ ਆਦਿ ਜਾਗਰੂਕਤਾ ਪ੍ਰਦਰਸ਼ਨੀ ਬਹੁਤ ਵਧੀਆ ਉਪਰਾਲਾ ਹੈ। ਸੀਨੀਅਰ ਸਿਹਤ ਸੁਪਰਵਾਈਜ਼ਰ ਸਰਬਜੀਤ ਸਿੰਘ ਨੇ ? ਦੱਸਿਆ ਹੜ੍ਹਾਂ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਨੈਸ਼ਨਲ ਵੈਕਟਰ ਬੋਰਨ ਡਿਜ਼ੀਜ਼ ਮਲੇਰੀਆ, ਡੇਂਗੂ,ਦਸਤ ਲੱਗਣ ਤੋਂ ਬਚਾਅ, ਵਾਰ ਵਾਰ ਹੱਥ ਧੋਣੇ, ਜੀਵਨ ਰੱਖਿਅਕ ਘੋਲ ਆਦਿ ਬਾਰੇ ਸਿਹਤ ਟੀਮਾਂ ਘਰ ਘਰ ਲੋਕਾਂ ਨੂੰ ਜਾਗਰੂਕ ਕਰ ਰਹੀਆਂ ਹਨ। ਸਿਹਤ ਸੁਪਰਵਾਈਜ਼ਰ ਅਸ਼ਵਨੀ ਕੁਮਾਰ ਨੇ ਦੱਸਿਆ ਬੱਚਿਆਂ ਦੇ ਖਸਰਾ ਰੁਬੈਲਾ ਟੀਕਾਕਰਨ , ਹਰ ਬੁੱਧਵਾਰ ਮਮਤਾ ਦਿਵਸ ਰਾਂਹੀਂ ਜਾਂਚ ਕੈਂਪ ਲਗਾਏ ਜਾਂਦੇ ਹਨ ਜਿਸ ਨਾਲ ਬੱਚਿਆਂ ਦੀ ਮੌਤ ਦਰ ਘੱਟ ਕਰਨ ਵਿੱਚ ਮਦਦ ਮਿਲੇਗੀ।

ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਵਿਜੇ ਕੁਮਾਰ ਅਤੇ ਦਰਸ਼ਨ ਸਿੰਘ ਨੇ ਦੱਸਿਆ ਮਲੇਰੀਆ ਤੇ ਡੇਂਗੂ ਵਰਗੀਆਂ ਬੀਮਾਰੀਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸਿਹਤ ਵਿਭਾਗ ਪ੍ਰਦਰਸ਼ਨੀ ਰਾਹੀਂ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਸਿਹਤਮੰਦ ਰੱਖਣ ਦੇ ਉਪਰਾਲੇ ਜਾਰੀ ਹਨ। ਬਲਾਕ ਐਜੂਕੇਟਰ ਕੇਵਲ ਸਿੰਘ ਨੇ ਬੱਚਿਆਂ ਅਤੇ ਔਰਤਾਂ ਵਿਚ ਕੁਪੋਸ਼ਣ ਦੀ ਰੋਕਥਾਮ ਲਈ ਬੱਚਿਆਂ ਅਤੇ ਗਰਭਵਤੀ ਮਾਵਾਂ ਨੂੰ ਸਿਹਤਮੰਦ ਆਦਤਾਂ ਬਾਰੇ ਲੋਕਾਂ ਨੂੰ ਪ੍ਰਦਰਸ਼ਨੀ ਲਗਾ ਕੇ ਅਤੇ ਪੈਂਫਲੈਟ ਵੰਡ ਕੇ ਬੀਮਾਰੀਆਂ ਪ੍ਰਤੀ ਜਾਗਰੂਕ ਕੀਤਾ ਗਿਆ ।ਇਸ ਮੌਕੇ ਦੀਦਾਰ ਸਿੰਘ, ਯਾਦਵਿੰਦਰ ਸਿੰਘ, ਜਸਪਾਲ ਕੌਰ ਆਦਿ ਸਿਹਤ ਕਰਮਚਾਰੀ ਹਾਜਰ ਸਨ।

# ਬਿਜਲੀ ਸਪਲਾਈ ਬਹਾਲ ਕਰਨ ਲਈ ਪਾਵਰਕਾਮ ਦੇ ਸਾਰੇ ਸਟੋਰ ਦਫਤਰ ਸ਼ਨੀਵਰ ਅਤੇ ਐਤਵਾਰ ਨੂੰ ਖੁੱਲੇ ਰਹਿਣਗੇ : ਹਰਭਜਨ ਸਿੰਘ ਈ.ਟੀ.ਓ.

ਬਠਿੰਡਾ,
-ਰੋਜ਼ਾਨਾ ਸਵੇਰਾ-

ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਇਥੇ ਦੱਸਿਆ ਕਿ ਸੂਬੇ ਵਿਚ ਆਏ ਹੜ੍ਹਾਂ ਕਾਰਨ ਬਿਜਲੀ ਪ੍ਰਭਾਵਿਤ ਇਲਾਕਿਆਂ ਨੂੰ ਨਿਰਵਿਘਨ ਬਿਜਲੀ ਸਪਲਾਈ ਜਲਦੀ ਤੋਂ ਜਲਦੀ ਬਹਾਲ ਕਰਨ ਦੇ ਮੰਤਵ ਲਈ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਆਪਣੇ ਸਾਰੇ ਸਟੋਰ ਦਫਤਰਾਂ ਨੂੰ ਇਸ ਸ਼ਨੀਵਾਰ ਅਤੇ ਐਤਵਾਰ ਨੂੰ ਖੁੱਲੇ ਰੱਖਣ ਦਾ ਫੈਸਲਾ ਕੀਤਾ ਹੈ । ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ, ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਇਹ ਫੈਸਲਾ ਬਿਜਲੀ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਮਹੱਈਆਂ ਕਰਾਉਣ ਲਈ ਸਟੋਰਾਂ ਵਿਚੋਂ ਲੋੜ ਪੈਣ ਤੇ ਬਿਜਲੀ ਦਾ ਸਮਾਨ ਜਿਵੇਂ ਟਰਾਂਸਫਾਰਮਰ, ਪੋਲਜ਼ ਅਤੇ ਕੇਬਲਜ਼ ਆਦਿ ਮੁਹੱਈਆਂ ਕਰਵਾਉਣ ਲਈ ਕੀਤਾ ਗਿਆ ਹੈ। ਬਿਜਲੀ ਮੰਤਰੀ ਨੇ ਅੱਗੇ ਦੱਸਿਆ ਪਾਵਰਕਾਮ ਅਧੀਨ ਰਾਜਪੁਰਾ, ਪਾਤੜਾਂ, ਰੋਪੜ, ਖੰਨਾਂ ਅਤੇ ਕਪੂਰਥਲਾ ਵਿਖੇ ਸਟੋਰਾਂ ਦੀ ਮੋਨੀਟਰਇੰਗ ਅਤੇ ਸਪਲਾਈ ਯਕੀਨੀ ਬਣਾਉਣ ਲਈ ਸੀਨੀਅਰ ਐਕਸੀਅਨ ਪੱਧਰ ਦੇ ਅਫਸਰਾਂ ਦੀ ਡਿਊਟੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਇੱਕ ਨਿਗਰਾਨ ਇੰਜੀਨੀਅਰ ਦੀ ਡਿਊਟੀ ਮੁਹਾਲੀ, ਰੋਪੜ ਅਤੇ ਖੰਨਾਂ ਆਊਟਲੈਟ ਸਟੋਰਾਂ ਵਿਚ ਆਉਣ ਵਾਲੇ ਅਤੇ ਜਾਣ ਵਾਲੇ ਸਮਾਨ ਦੀ ਵੰਡ ਦਫਤਰਾਂ ਅਤੇ ਸਟੋਰਜ਼ ਦਫਤਰਾਂ ਨਾਲ ਤਾਲਮੇਲ ਬਣਾ ਕੇ ਸਮਾਨ ਦੀ ਸਪਲਾਈ ਨੂੰ ਬਹਾਲ ਕਰਨ ਲਈ ਲਗਾਈ ਗਈ ਹੈ। ਬਿਜਲੀ ਮੰਤਰੀ ਨੇ ਦੱਸਿਆ ਹੈ ਕਿ ਜਿਵੇਂ ਹੀ ਪਾਣੀ ਦਾ ਪੱਧਰ ਘੱਟ ਹੁੰਦਾ ਹੈ, ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਬਿਜਲੀ ਸਪਲਾਈ ਤੁਰੰਤ ਬਹਾਲ ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਐਮ.ਈ. ਮੀਟਰਿੰਗ ਲੈਬਸ ਵੇਰਕਾ, ਬਟਾਲਾ, ਗੁਰਦਾਸਪੁਰ, ਜਲੰਧਰ, ਹੁਸਿ ?ਆਰਪੁਰ, ਗੁਰਾਇਆ, ਮੰਡੀ ਗੋਬਿੰਦਗੜ੍ਹ, ਲੁਧਿਆਣਾ, ਸੰਗਰੂਰ, ਪਟਿਆਲਾ, ਰੋਪੜ, ਮੋਗਾ, ਬਠਿੰਡਾ ਅਤੇ ਮੁਕਤਸਰ ਵੀ ਇਸ ਸ਼ਨੀਵਾਰ ਅਤੇ ਐਤਵਾਰ ਨੂੰ ਖੁੱਲੀਆਂ ਰਹਿਣਗੀਆਂ।ਬਿਜਲੀ ਮੰਤਰੀ ਨੇ ਪੰਜਾਬ ਦੇ ਬਿਜਲੀ ਖਪਤਕਾਰਾਂ ਨੂੰ ਵਿਸ਼ਵਾਸ਼ ਦਵਾਇਆ ਹੈ ਕਿ ਹੜ੍ਹਾਂ ਵਾਲੇ ਜਿਨ੍ਹਾਂ ਇਲਾਕਿਆਂ ਵਿੱਚ ਬਿਜਲੀ ਸਪਲਾਈ ਪ੍ਰਭਾਵਿਤ ਹੋਈ ਹੈ, ਨੂੰ ਤੁਰੰਤ ਬਹਾਲ ਕਰਨ ਲਈ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਲੋਂ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

# ਡੇਂਗੂ ਤੋਂ ਬਚਾਅ ਲਈ ਬਰਸਾਤ ਦੇ ਖੜੇ ਪਾਣੀ ਤੇ ਸਪਰੇ ਕਰਵਾਈ

ਮਾਨਸਾ,
-ਰੋਜ਼ਾਨਾ ਸਵੇਰਾ-



ਮਾਨਸਾ ਜ਼ਿਲ੍ਹੇ ਵਿੱਚ ਸਿਹਤ ਵਿਭਾਗ ਵੱਲੋਂ ਡਾਕਟਰ ਅਸ਼ਵਨੀ ਕੁਮਾਰ ਸਿਵਲ ਸਰਜਨ ਮਾਨਸਾ ਦੀ ਰਹਿਨੁਮਾਈ ਹੇਠ ਡੇਂਗੂ ਅਤੇ ਹੋਰ ਮੌਸਮੀ ਬਿਮਾਰੀਆਂ ਦੀ ਰੋਕਥਾਮ ਲਈ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਸ ਤਹਿਤ ਡਾਕਟਰ ਹਰਦੀਪ ਸ਼ਰਮਾ ਐਸ ਐਮ ਓ ਬਲਾਕ ਖਿਆਲਾ ਕਲਾਂ ਅਧੀਨ ਆਉਂਦੇ ਪਿੰਡਾਂ ਵਿੱਚ ਬਰਸਾਤ ਦੇ ਖੜ੍ਹੇ ਪਾਣੀ ਤੇ ਲਾਰਵੇ ਦੇ ਖਾਤਮੇ ਲਈ ਸਪਰੇ ਕਰਵਾਈ ਗਈ ਅਤੇ ਕੂਲਰ, ਟੈਂਕੀਆਂ ਆਦਿ ਚੈੱਕ ਕੀਤੇ ਗਏ।

ਪਿੰਡ ਅਕਲੀਆ ਵਿਖੇ ਜਾਣਕਾਰੀ ਦਿੰਦਿਆਂ ਸਿਹਤ ਸੁਪਰਵਾਈਜ਼ਰ ਜਗਦੀਸ਼ ਸਿੰਘ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਵਿੱਚ ਖੜੇ ਪਾਣੀ ਤੇ ਮੱਛਰ ਦਾ ਲਾਰਵਾ ਪਲਦਾ ਹੈ ਜਿਸ ਨਾਲ ਡੇਂਗੂ ਫੈਲਣ ਦਾ ਖ਼ਦਸ਼ਾ ਵੱਧ ਜਾਂਦਾ ਹੈ। ਸਿਹਤ ਕਰਮਚਾਰੀ ਅਜਿਹੀਆਂ ਥਾਵਾਂ ਦੀ ਪਹਿਚਾਣ ਕਰ ਕੇ ਉਥੇ ਲਾਰਵੀਸਾਈਡ ਦੀ ਸਪਰੇਅ ਕਰਵਾ ਰਹੇ ਹਨ ਅਤੇ ਘਰਾਂ ਵਿੱਚ ਸਰਵੇ ਕਰਕੇ ਕੂਲਰ, ਫਰਿਜ ਅਤੇ ਟੈਂਕੀਆਂ ਚੈੱਕ ਕਰ ਰਹੇ ਹਨ।

# ਵਿਸ਼ਵ ਆਬਾਦੀ ਦਿਵਸ ਮੌਕੇ ਪਰਿਵਾਰ ਨਿਯੋਜਨ ਬਾਰੇ ਕੀਤਾ ਜਾਗਰੂਕ



ਮਾਨਸਾ,
-ਰੋਜ਼ਾਨਾ ਸਵੇਰਾ-

ਸਿਹਤ ਵਿਭਾਗ ਵੱਲੋਂ ਪਰਿਵਾਰ ਨਿਯੋਜਨ ਸਬੰਧੀ ਵਿਸ਼ੇਸ਼ ਪੰਦਰਵਾੜੇ ਤਹਿਤ ਸਿਵਲ ਸਰਜਨ ਡਾ. ਅਸਵਨੀ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਤੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਹਰਦੀਪ ਸ਼ਰਮਾ ਦੀ ਅਗਵਾਈ ਹੇਠ ਪਿੰਡ ਲੱਲੂਆਣਾ ਵਿਖੇ 'ਵਿਸ਼ਵ ਆਬਾਦੀ ਦਿਵਸ' ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਸਮੂਹ ਸਿਖਿਆ ਤੇ ਸੂਚਨਾ ਅਫਸਰ ਵਿਜੈ ਕੁਮਾਰ ਨੇ ਦੱਸਿਆ ਕਿ ਭਾਰਤ ਆਬਾਦੀ ਦੇ ਹਿਸਾਬ ਨਾਲ ਦੁਨੀਆ ਵਿੱਚ ਪਹਿਲੇ ਨੰਬਰ 'ਤੇ ਹੈ। ਆਬਾਦੀ 'ਚ ਜ਼ਿਆਦਾ ਵਾਧਾ ਗਰੀਬੀ, ਭੁੱਖਮਰੀ, ਅਨਪੜਤਾ, ਬੇਰੁਜਗਾਰੀ ਵਰਗੀਆਂ ਸਮੱਸਿਆਵਾਂ ਪੈਦਾ ਕਰਦਾ ਹੈ।

ਇਸ ਸਮੇਂ ਚੀਨ ਦੀ ਆਬਾਦੀ 1.425 ਬਿਲੀਅਨ ਨੂੰ ਪਛਾੜ ਕੇ ਭਾਰਤ ਪਹਿਲੇ ਨੰਬਰ 'ਤੇ 1.428 ਬਿਲੀਅਨ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਆਬਾਦੀ ਦਿਵਸ ਨੂੰ ਮਨਾਉਣ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਵਧ ਰਹੀ ਅਬਾਦੀ ਦੇ ਮਾੜੇ ਪ੍ਰਭਾਵਾ ਬਾਰੇ ਜਾਣੂ ਕਰਵਾਉਣਾ ਹੈ। ਵਿਭਾਗ ਵੱਲੋਂ ਇਸ ਦੇ ਲਈ ਇਕ ਵਿਸ਼ੇਸ਼ ਜਾਗਰੂਕਤਾ ਪੰਦਰਵਾੜਾ 11 ਤੋਂ 24 ਜੁਲਾਈ ਤੱਕ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 11 ਤੋਂ 24 ਜੁਲਾਈ ਤੱਕ ਔਰਤ ਨਲਬੰਦੀ ਤੇ ਪੁਰਸ਼ ਨਸਬੰਦੀ ਦੇ ਆਪ੍ਰੇਸ਼ਨ ਕੀਤੇ ਜਾਣਗੇ। ਉਨ੍ਹਾਂ 'ਛੋਟਾ ਪਰਿਵਾਰ, ਸੁਖੀ ਪਰਿਵਾਰ' ਬਾਰੇ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਕਿ ਯੋਗ ਜੋੜਿਆਂ ਨੂੰ ਵਿਆਹ ਤੋਂ 2 ਸਾਲ ਬਾਅਦ ਤੱਕ ਪਹਿਲਾਂ ਬੱਚਾ ਤੇ 2 ਬੱਚਿਆਂ ਵਿਚਕਾਰ ਤਿੰਨ ਸਾਲ ਦਾ ਫਰਕ ਰੱਖਣ ਬਾਰੇ ਸਿਹਤ ਕਰਮਚਾਰੀਆਂ, ਆਸ਼ਾ ਵੱਲੋਂ ਘਰ-ਘਰ ਜਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ। ਉਪ ਸਮੂਹ ਸਿੱਖਿਆ ਤੇ ਸੂਚਨਾ ਅਫਸਰ, ਦਰਸ਼ਨ ਸਿੰਘ ਨੇ ਦੱਸਿਆ ਕਿ ਇਸ ਵਾਰ ਇਹ ਪੰਦਰਵਾੜਾ ਆਜਾਦੀ ਦੇ ਅੰਮ੍ਰਿਤ ਮਹੋਤਸਵ 'ਚ 'ਅਸੀ ਲਈਏ ਇਹ ਸੰਕਲਪ, ਪਰਿਵਾਰ ਨਿਯੋਜਨ ਨੂੰ ਬਣਾਵਾਂਗੇ ਖੁਸ਼ੀਆਂ ਦਾ ਵਿਕਲਪ' ਥੀਮ ਅਧੀਨ ਪਿੰਡ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ 27 ਜੂਨ ਤੋਂ 10 ਜੁਲਾਈ ਤੱਕ ਲੋਕਾਂ ਨੂੰ ਪਰਿਵਾਰ ਨਿਯੋਜਨ ਲਈ ਸਥਾਈ ਤੇ ਅਸਥਾਈ ਨਿਯੋਜਨ ਦੇ ਤਰੀਕਿਆਂ ਬਾਰੇ ਜਾਗਰੂਕ ਕੀਤਾ ਗਿਆ।

# ਦਿੱਲੀ ਵਿਖੇ 28 ਦੇ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਨੂੰ ਲੈ ਕੇ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀ ਮੀਟਿੰਗ

ਮਲੋਟ, 14 ਜੁਲਾਈ
-ਰੋਜ਼ਾਨਾ ਸਵੇਰਾ ਬਿਊਰੋ-



ਆਂਗਣਵਾੜੀ ਇੰਪਲਾਈਜ ਫੈਡਰੇਸ਼ਨ ਆਫ਼ ਇੰਡੀਆ ਵੱਲੋਂ 28 ਜੁਲਾਈ ਨੂੰ ਜੰਤਰ ਮੰਤਰ ਦਿੱਲੀ ਵਿਖੇ ਕੀਤੇ ਜਾ ਰਹੇ ਦੇਸ਼ ਪੱਧਰੀ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਨੂੰ ਲੈ ਕੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨਾਲ ਸਬੰਧਿਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਅੱਜ ਮਲੋਟ ਵਿਖੇ ਬਲਾਕ ਪ੍ਰਧਾਨ ਕਿਰਨਜੀਤ ਕੌਰ ਭੰਗਚੜੀ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ।ਜਿਸ ਦੌਰਾਨ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਵਿਸ਼ੇਸ਼ ਤੌਰ ਤੇ ਪਹੁੰਚੇ । ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੇ ਇਸ ਮੌਕੇ ਬੋਲਦਿਆਂ ਵਰਕਰਾਂ ਤੇ ਹੈਲਪਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਦਿੱਲੀ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਵਿਚ ਵਰਕਰਾਂ ਤੇ ਹੈਲਪਰਾਂ ਵੱਡੀ ਗਿਣਤੀ ਵਿਚ ਪੁੱਜਣ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਜਾਂਦਾ ਉਨ੍ਹਾਂ ਚਿਰ ਕੇਂਦਰੀ ਕਾਨੂੰਨ ਮੁਤਾਬਿਕ ਘੱਟੋ ਘੱਟ ਉਜਰਤਾ ਅਨੁਸਾਰ ਆਂਗਣਵਾੜੀ ਵਰਕਰਾਂ ਨੂੰ 28258 ਰੁਪਏ ਤੇ ਆਂਗਣਵਾੜੀ ਹੈਲਪਰਾਂ ਨੂੰ 25560 ਰੁਪਏ ਮਾਣ ਭੱਤਾ ਹਰ ਮਹੀਨੇ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਅਤੇ ਹੈਲਪਰਾਂ ਨੂੰ ਚੌਥੇ ਦਰਜੇ ਦਾ ਗਰੇਡ ਦਿੱਤਾ ਜਾਵੇ । ਇਸ ਤੋਂ ਇਲਾਵਾ ਮਿੰਨੀ ਆਂਗਣਵਾੜੀ ਵਰਕਰਾਂ ਨੂੰ ਪੂਰੀ ਵਰਕਰ ਦਾ ਦਰਜਾ ਦੇ ਕੇ ਪੂਰੀ ਤਨਖਾਹ ਦਿੱਤੀ ਜਾਵੇ। ਆਂਗਣਵਾੜੀ ਸੈਂਟਰਾਂ ਵਿਚ ਗਰਮੀਂ ਤੇ ਸਰਦੀ ਦੀਆਂ ਛੁੱਟੀਆਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਬਰਾਬਰ ਦਿੱਤੀਆਂ ਜਾਣ। ਲਾਭਪਾਤਰੀਆਂ ਨੂੰ ਦਿੱਤਾ ਜਾਣ ਵਾਲਾ ਰਾਸ਼ਨ ਮਹਿੰਗਾਈ ਸੂਚਿਕ ਅੰਕ ਨਾਲ ਜੋੜ ਕੇ ਸਾਲ ਵਿਚ 300 ਦਿਨ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਦਿੱਤਾ ਜਾਵੇ। ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਪੈਨਸ਼ਨ, ਗਰੈਚੁਟੀ ਤੇ ਸਿਹਤ ਸਹੂਲਤਾਂ ਦਿੱਤੀਆਂ ਜਾਣ। ਆਂਗਣਵਾੜੀ ਸੈਂਟਰਾਂ ਦੀਆਂ ਇਮਾਰਤਾਂ ਅਧੁਨਿਕ ਸਹੂਲਤਾਂ ਵਾਲੀਆਂ ਬਣਾਈਆਂ ਜਾਣ। ਉਹਨਾਂ ਦੱਸਿਆ ਕਿ ਦੇਸ਼ ਭਰ ਦੀਆਂ ਕਰੀਬ 28 ਲੱਖ ਤੇ ਪੰਜਾਬ ਵਿਚ 54 ਹਜ਼ਾਰ ਤੋਂ ਵੱਧ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਕੰਮ ਕਰ ਰਹੀਆਂ ਹਨ। ਪਰ ਸਮੇਂ ਦੀਆਂ ਸਰਕਾਰਾਂ ਨੇ ਇਹਨਾਂ ਨਾਲ ਹਮੇਸ਼ਾ ਹੀ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ ਤੇ ਅੱਖੋਂ ਪਰੋਖੇ ਕੀਤਾ ਗਿਆ ਹੈ। ਜਿਸ ਕਰਕੇ ਜਥੇਬੰਦੀ ਨੂੰ ਸਰਕਾਰਾਂ ਦੇ ਖਿਲਾਫ ਤਕੜੇ ਸੰਘਰਸ਼ ਕਰਨੇ ਪਏ ਹਨ ਅਤੇ ਥਾਣਿਆਂ, ਜੇਲ੍ਹਾਂ 'ਚ ਜਾਣਾ ਪਿਆ ਹੈ। ਵਰਕਰਾਂ ਤੇ ਹੈਲਪਰਾਂ ਦੀ ਗੱਲ ਸੁਣਨ ਤੋਂ ਬਾਅਦ ਹਰਗੋਬਿੰਦ ਕੌਰ ਨੇ ਕਿਹਾ ਕਿ ਇਸ ਸਬੰਧੀ ਸੀ ਡੀ ਪੀ ਓ ਮਲੋਟ ਨਾਲ ਗੱਲਬਾਤ ਕੀਤੀ ਜਾਵੇਗੀ ਤੇ ਇਨ੍ਹਾਂ ਮਸਲਿਆਂ ਦਾ ਹੱਲ ਕਰਵਾਇਆ ਜਾਵੇਗਾ। ਇਸ ਮੌਕੇ ਬਲਾਕ ਪ੍ਰਧਾਨ ਕਿਰਨਜੀਤ ਕੌਰ ਭੰਗਚੜੀ ਆਦਿ ਆਗੂ ਮੌਜੂਦ ਸਨ।

# ਮਾਂ ਚਿੰਤਪੁਰਨੀ ਜੀ ਦੇ ਸਾਵਨ ਮੇਲਿਆਂ ਮੌਕੇ ਸਲਾਨਾਂ ਭੰਡਾਰਾਂ ਲਗਾਉਣ ਸਬੰਧੀ ਹੋਈ ਮੀਟਿੰਗ



ਭੁਲੱਥ,
-ਰੋਜ਼ਾਨਾ ਸਵੇਰਾ-

ਮਾਤਾ ਚਿੰਤਪੂਰਨੀ ਜੀ ਦੇ ਸਾਵਨ ਮੇਲੇ ਜੋ ਹਰ ਸਾਲ ਦੇਵ ਭੂਮੀ ਹਿਮਾਚਲ ਵਿਖੇ ਲੱਗਦੇ ਹਨ ਅਤੇ ਲੱਖਾਂ ਦੀ ਤਦਾਦ ਵਿੱਚ ਸ਼ਰਧਾਲੂ ਨਤਮਸਤਕ ਹੋਣ ਜਾਂਦੇ ਹਨ, ਇਸ ਸਾਲ ਸਾਵਨ ਮੇਲੇ 17 ਅਗਸਤ ਤੋਂ 24 ਅਗਸਤ ਤੱਕ ਹਨ। ਮਾਤਾ ਦੇ ਦਰ ਜਾਣ ਵਾਲੇ ਸ਼ਰਧਾਲੂ ਲਈ ਜਿੱਥੇ ਵੱਖ-ਵੱਖ ਸ਼ਹਿਰਾਂ ਵੱਲੋਂ ਭੰਡਾਰੇ ਲਗਾਏ ਜਾਂਦੇ ਹਨ ਉੱਥੇ ਕਸਬਾ ਭੁਲੱਥ ਤੇ ਪਿੰਡ ਖੱਸਣ ਵੱਲੋਂ ਸਾਂਝੇ ਤੋਰ ਤੇ ਸਲਾਨਾਂ ਭੰਡਾਰਾ ਲਗਾਇਆ ਜਾਂਦਾ ਹੈ। ਜਿਸ ਸਬੰਧੀ ਅੱਜ ਜੈ ਮਾਤਾ ਚਿੰਤਪੂਰਨੀ ਲੰਗਰ ਕਮੇਟੀ ਖੱਸਣ-ਭੁਲੱਥ ਦੀ ਮੀਟਿੰਗ ਆਗੂ ਮਾ. ਕੰਵਲਜੀਤ ਮੰਨਣ ਤੇ ਬਨਾਰਸੀ ਦਾਸ ਖੁੱਲਰ ਦੀ ਅਗਵਾਈ ਹੇਠ ਹੋਈ। ਮਾ. ਮੰਨਣ ਨੇ ਕਿਹਾ ਇਸ ਵਾਰ 33ਵਾਂ ਸਲਾਨਾਂ ਭੰਡਾਰਾਂ ਹਿਮਾਚਲ ਵਿਖੇ ਖੱਸਣ-ਭੁਲੱਥ ਦੇ ਪਹਿਲਾਂ ਮਿੱਥੇ ਹੋਏ ਸਥਾਨ ਤੇ ਸਮਾਜ ਸੇਵੀ ਤੇ ਮਾਤਾ ਰਾਣੀ ਚਰਨ ਸੇਵਕ ਅਸ਼ੋਕ ਕੁਮਾਰ (ਯੂ.ਐਸ.ਏ.) ਤੇ ਵਿਪਨ ਕੁਮਾਰ (ਯੂ.ਐਸ.ਏ.) ਦੀ ਸਰਪ੍ਰਸਤੀ ਨਾਲ ਲਗਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਜਾਗਰਣ 22 ਅਗਸਤ ਨੂੰ ਕਰਵਾਇਆ ਜਾਵੇਗਾ ਅਤੇ ਜਾਗਰਣ ਵਿੱਚ ਨਾਮੀ ਭਗਤ ਹਾਜਰੀਆਂ ਭਰਣਗੇ। ਮੀਟਿੰਗ ਸੰਬੋਧਨ ਕਰਦੇ ਬਨਾਰਸੀ ਦਾਸ ਖੁੱਲਰ ਨੇ ਕਿਹਾ ਸਾਰੇ ਸੇਵਕਾਂ ਦਾ ਜੱਥਾਂ 16 ਅਗਸਤ ਨੂੰ ਇੱਥੋ ਰਵਾਨਾਂ ਹੋਵੇਗਾ ਅਤੇ ਉੱਥੇ ਰਹਿਣ-ਸਹਿਣ ਹਮੇਸ਼ਾ ਦੀ ਤਰ੍ਹਾਂ ਢੁੱਕਵੇ ਪ੍ਰਬੰਧ ਹੋਣਗੇ।

ਉਨ੍ਹਾਂ ਕਿਹਾ ਕਿ ਸੱਤ ਦਿਨਾਂ ਭੰਡਾਰੇ ਵਿੱਚ ਜਿੱਥੇ ਸਵੇਰ-ਦੁਪਹਿਰ ਤੇ ਸ਼ਾਮ ਦਾ ਭੋਜਨ ਬਣੇਗਾ ਉੱਥੇ ਅਨੇਕਾਂ ਪ੍ਰਕਾਰ ਦੇ ਹੋਰ ਲੰਗਰ ਸੰਗਤਾਂ ਨੂੰ ਛਕਾਏ ਜਾਣਗੇ। ਬਨਾਰਸੀ ਦਾਸ ਖੁੱਲਰ ਨੇ ਕਿਹਾ ਸਾਡੇ ਇਲਾਕੇ ਦੇ ਸਹਿਯੋਗ ਨਾਲ ਭੰਡਾਰਾਂ ਲਗਾਇਆ ਜਾਦਾ ਹੈ ਅਤੇ ਸਾਰੇ ਸੇਵਕ ਬੜੀ ਸ਼ਰਧਾਂ ਨਾਲ ਸੱਤ ਦਿਨ ਉੱਥੇ ਰਹਿ ਬਿਨਾ ਕਿਸੇ ਲਾਲਚ ਸੇਵਾ ਕਰਦੇ ਹਨ ਜੋ ਸਲਾਘਾ ਯੋਗ ਹੈ। ਮੀਟਿੰਗ ਸੰਬੋਧਨ ਦੌਰਾਨ ਕੌਂਸਲਰ ਲਕਸ਼ ਕੁਮਾਰ ਚੋਧਰੀ ਨੇ ਕਿਹਾ ਮਾਤਾ ਚਿੰਤਪੂਰਨੀ ਲੰਗਰ ਕਮੇਟੀ ਖੱਸਣ-ਭੁਲੱਥ ਦੇ ਸਾਰੇ ਆਗੂਆਂ ਦਾ ਵੱਡਾ ਸਤਿਕਾਰ ਤੇ ਉੱਧਮ ਹੈ ਜੋ ਇਹ ਉਪਰਾਲਾ ਕਰਦੇ ਹਨ ਅਤੇ ਸ਼ਰਧਾਲੂਆਂ ਲਈ ਪਖੁੱਤਾ ਪ੍ਰਬੰਧ ਕਰਕੇ ਉਨ੍ਹਾਂ ਦੀ ਅਸੀਸਾਂ ਲੈਂਦੇ ਹਨ ਅਤੇ ਖਾਸ ਤਾਰੀਫ ਨੌਜਵਾਨਾਂ ਦੀ ਟੀਮ ਜੇ.ਐਮ.ਡੀ. ਸੇਵਾਦਾਰ ਦੀ ਜੋ ਤਨਦੇਹੀ ਨਾਲ ਸੇਵਾ ਕਰਦੇ ਅਤੇ ਸਾਰੇ ਕੰਮ ਹੱਥੀ ਬੜੇ ਉਤਸ਼ਾਹ ਨਾਲ ਕਰਦੇ ਹਨ।

# ਫ਼ਤਹਿ ਗਰੁੱਪ ਆਫ਼ ਇੰਸਟੀਚਿਊਸ਼ਨ 'ਚ ਜ਼ਿਲ੍ਹਾ ਪੱਧਰੀ ਯੁਵਾ ਉਤਸਵ ਪ੍ਰੋਗਰਾਮ ਕਰਵਾਇਆ

ਰਾਮਪੁਰਾ ਫੂਲ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-



ਇਲਾਕੇ ਦੀ ਪ੍ਰਸਿੱਧ ਸਿੱਖਿਆ ਸੰਸਥਾ ਫ਼ਤਿਹ ਗਰੁੱਪ ਆਫ ਇੰਸਟੀਚਿਊਸਨਜ਼ ਰਾਮਪੁਰਾ ਫੂਲ ਵਿਖੇ ਜ਼ਿਲ੍ਹਾ ਪੱਧਰੀ ਯੁਵਾ ਉਤਸਵ ਪ੍ਰੋਗਰਾਮ ਨਹਿਰੂ ਯੁਵਾ ਕੇਂਦਰ ਬਠਿੰਡਾ ਵੱਲੋਂ ਸਾਨੋ ਸ਼ੌਕਤ ਨਾਲ ਮਨਾਇਆ ਗਿਆ। ਜਿਸ 'ਚ ਹਲਕੇ ਦੇ ਐਮਐਲਏ ਸੁਖਬੀਰ ਸਿੰਘ ਮਾਈਸਰਖਾਨਾ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਮੈਂਬਰ ਪਾਰਲੀਮੈਂਟ ਤੇ ਸਾਬਕਾ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਤੇ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਵਿਸੇਸ ਮਹਿਮਾਨ ਤੌਰ 'ਤੇ ਪੁੱਜੇ ਤੇ ਉਨ੍ਹਾਂ ਵੱਲੋਂ ਵੱਖ-ਵੱਖ ਵਿਭਾਗਾਂ ਵੱਲੋਂ ਲਗਾਈਆਂ ਗਈਆਂ ਕਲਾ ਪ੍ਰਦਰਸ਼ਨੀਆਂ ਤੇ ਆਪੋ-ਆਪਣੇ ਵਿਭਾਗ ਦੇ ਕਾਰਜਾਂ ਨੂੰ ਦਰਸਾਉਂਦੀਆਂ ਹੋਈਆਂ ਸਟਾਲਾਂ ਦਾ ਦੌਰਾ ਕਰਕੇ ਜਾਇਜ਼ਾ ਵੀ ਲਿਆ। ਇਸ ਮੌਕੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਨੇ ਕਿਹਾ ਕਿ ਹਰ ਤਰ੍ਹਾਂ ਦੀਆਂ ਸਾਹਿਤ ਕਲਾਵਾਂ ਸਾਡੀ ਜ਼ਿੰਦਗੀ ਦਾ ਇੱਕ ਅਨਿੱਖੜਵਾਂ ਹਿੱਸਾ ਹਨ ਤੇ ਮਾਨਸਿਕਤਾ ਦੀ ਮਜ਼ਬੂਤੀ ਲਈ ਸਾਹਿਤਕ ਕਲਾਵਾਂ ਵਡਮੁੱਲਾ ਯੋਗਦਾਨ ਪਾਉਂਦੀਆਂ ਹਨ। ਇਸ ਦੌਰਾਨ ਨਹਿਰੂ ਯੁਵਾ ਕੇਂਦਰ ਦੇ ਜ਼ਿਲ੍ਹਾ ਯੂਥ ਅਫ਼ਸਰ ਹਰਸ਼ਰਨ ਸਿੰਘ ਨੇ "ਆਜ਼ਾਦੀ ਕਾ ਅੰਮ੍ਰਿਤ ਮਹਾਂਉਤਸਵ" ਦੇ ਮੱਦੇਨਜ਼ਰ ਕਰਵਾਏ ਗਏ ਯੁਵਾ ਉਤਸਵ ਪ੍ਰੋਗਰਾਮ ਸਬੰਧੀ ਜਾਣਕਾਰੀ ਸਾਂਝੀ ਕੀਤੀ। ਇਸ ਦੌਰਾਨ ਨਹਿਰੂ ਯੁਵਾ ਕੇਂਦਰ ਬਠਿੰਡਾ ਦੀ ਵਲੰਟੀਅਰ ਤੇ ਨੈਸ਼ਨਲ ਯੂਥ ਪਾਰਲੀਮੈਂਟ ਵਿਜੇਤਾ ਅਮਨਪ੍ਰੀਤ ਕੌਰ ਵੱਲੋਂ ਰਾਸ਼ਟਰੀ ਨਿਰਮਾਣ ਤੇ ਦੇਸ਼ ਭਗਤੀ 'ਚ ਨੌਜਵਾਨਾਂ ਦੇ ਯੋਗਦਾਨ ਸਬੰਧੀ ਚਾਨਣਾ ਪਾਇਆ। ਇਸ ਸਮਾਗਮ ਦੌਰਾਨ ਵਿਦਿਆਰਥੀਆਂ ਦੇ ਕਵਿਤਾ, ਭਾਸ਼ਣ, ਫੋਟੋਗ੍ਰਾਫ਼ੀ, ਪੇਂਟਿੰਗ ਤੋਂ ਇਲਾਵਾ ਗਿੱਧਾ, ਭੰਗੜਾ ਤੇ ਸੰਮੀ ਦੇ ਵੀ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਸੂਫ਼ੀ ਗਾਇਕ ਰਮਜਾਨ ਅਲੀ ਵੱਲੋਂ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਗਏ। ਇਸ ਮੌਕੇ ਡੀ.ਐਸ.ਪੀ. ਰਾਮਪੁਰਾ ਬਲਜੀਤ ਸਿੰਘ, ਸੀਨੀਅਰ ਆਪ ਆਗੂ ਰਣਜੀਤ ਸਿੰਘ ਮਾਈਸਰਖਾਨਾ ਇੰਸਟੀਚਿਊਸ਼ਨ ਦੇ ਪ੍ਰਿੰਸੀਪਲ ਡਾ.ਅਮਰਜੀਤ ਸਿੰਘ ਸਿੱਧੂ, ਸਰਵਨ ਸਿੰਘ ਚੱਠਾ ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ, ਜਸਵਿੰਦਰ ਸਿੰਘ ਡਾ ਰਜਿੰਦਰ ਤ੍ਰਿਪਾਠੀ ਸਮੂਹ ਸਟਾਫ਼, ਵਿਦਿਆਰਥੀਆਂ, ਪ੍ਰੋਗਰਾਮ ਦੇ ਲੇਖਾ ਸਹਾਇਕ ਅਨਮੋਲ, ਹਰਿੰਦਰ ਹਿੰਦਾ, ਜਸਵੰਤ ਭਾਈਰੂਪਾ, ਹਰਮਨ ਢਿਪਾਲੀ, ਮਨਿੰਦਰ ਸਿੰਘ ਹੈਡਮਾਸਟਰ, ਗੁਰਵਿੰਦਰ ਸਿੰਘ ਸਿੱਧੂ, ਸੁਰਿੰਦਰ ਖੋਖਰ, ਮਾਸਟਰ ਜਗਸੀਰ ਢੱਡੇ ਤੇ ਨਹਿਰੂ ਯੁਵਾ ਕੇਂਦਰ ਦੇ ਸਮੂਹ ਵਲੰਟੀਅਰਾਂ ਤੋਂ ਇਲਾਵਾ ਇਸ ਖੇਤਰ ਦੇ ਭਾਰੀ ਗਿਣਤੀ ਵਿੱਚ ਨੌਜਵਾਨਾਂ ਵੱਲੋਂ ਸ਼ਿਰਕਤ ਕੀਤੀ ਗਈ।

# ਬੇਸਹਾਰਾ ਬਜ਼ੁਰਗਾਂ ਲਈ ਚਲਾਇਆ ਜਾ ਰਿਹੈ ਆਸਰਾ ਬਿਰਧ ਆਸ਼ਰਮ

ਬਠਿੰਡਾ, --ਰੋਜ਼ਾਨਾ ਸਵੇਰਾ- ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਆਮ ਲੋਕਾਂ ਤੇ ਬਜ਼ੁਰਗਾਂ ਦੀ ਭਲਾਈ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਖ-ਵੱਖ ਵਿਭਾਗ ਦੁਆਰਾ ਆਮ ਲੋਕਾਂ ਨੂੰ ਉਨ੍ਹਾਂ ਦੇ ਦਰਾਂ ਨੇੜੇ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਵੱਧ ਤੇ ਯਤਨਸ਼ੀਲ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ। ਇਸ ਸਬੰਧੀ ਡੀ.ਸੀ. ਸ਼ੌਕਤ ਅਹਿਮਦ ਪਰੇ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਸਹਿਯੋਗ ਸਦਕਾ ਤੇ ਮਾਲਵਾ ਐਜੂਕੇਸ਼ਨਲ ਐਂਡ ਅਵੇਅਰਨੈਸ ਫਾਉਂਡੇਸ਼ਨ ਵਲੋਂ ਜ਼ਿਲ੍ਹੇ ਅਧੀਨ ਪੈਂਦੀ ਸਬ-ਡਵੀਜ਼ਨ ਮੌੜ ਵਿਖੇ ਬੇਸਹਾਰਾ ਬਜ਼ੁਰਗਾਂ ਲਈ ਆਸਰਾ ਬਿਰਧ ਆਸ਼ਰਮ ਚਲਾਇਆ ਜਾ ਰਿਹਾ ਹੈ, ਜੋ ਕਿ ਆਧੁਨਿਕ ਸੁੱਖ ਸਹੂਲਤਾਂ ਨਾਲ ਪੂਰੀ ਤਰ੍ਹਾਂ ਲੈਸ ਹੈ। ਇਸ ਦੌਰਾਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜਸਬੀਰ ਕੌਰ ਨੇ ਦੱਸਿਆ ਕਿ ਬੇਸਹਾਰਾ ਬਜ਼ੁਰਗਾਂ ਲਈ ਬਣਾਇਆ ਇਹ ਬਿਰਧ ਆਸ਼ਰਮ ਪੂਰੀ ਤਰ੍ਹਾਂ ਵਾਤਾਅਨੁਕੂਲ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਆਸ਼ਰਮ 'ਚ ਬਜ਼ੁਰਗਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ



ਮੈਡੀਕਲ ਸੇਵਾਵਾਂ ਵੀ ਪ੍ਰਦਾਨ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਇੱਥੇ ਬਜ਼ੁਰਗਾਂ ਦੇ ਬਾਹਰ ਬੈਠਣ ਲਈ ਸ਼ਾਨਦਾਰ ਬਗੀਚਾ ਵੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਇੱਥੇ ਸ਼ੈਡ ਬਿਜਲੀ, ਜਨਰੇਟਰ, ਇਂਨਵਰਟਰ ਤੇ ਸੋਲਰ ਸਿਸਟਮ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ ਦਫ਼ਤਰ ਦੇ ਨੁਮਾਇੰਦੇ ਗੁਲਸ਼ਨ ਮਹਿਤਾ ਤੇ ਸੰਸਥਾ ਦੇ ਮੁਖੀ ਡਾ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਹਰ ਬਜ਼ੁਰਗ ਲਈ ਬੈਡ ਦੇ ਨਾਲ ਅਲਮਾਰੀ ਤੋਂ ਇਲਾਵਾ ਡਾਈਨਿੰਗ ਹਾਲ, ਮਾਈਕਰੋਵੇਵ, ਫਰਿੱਜ, ਡੀਪ-ਫਰਿੱਜ, ਆਰਓ ਵਾਲੀ ਆਧੁਨਿਕ ਰਸੋਈ, ਸ਼ਾਨਦਾਰ ਬਾਥਰੂਮ, ਸਟੈਡਿੰਗ ਸੀਟਾਂ ਵਾਲੇ ਪਖਾਨੇ ਆਦਿ ਉਪਲੱਬਧ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਐਲਈਡੀ, ਡਿਸ਼, ਲਾਇਬ੍ਰੇਰੀ ਤੇ ਅਖ਼ਬਾਰਾਂ ਆਦਿ ਦਾ ਵਿਸ਼ੇਸ਼ ਪ੍ਰਬੰਧ ਹੈ।

# ਭਗਤਾ ਭਾਈ ਕਾ ਹਸਪਤਾਲ ਵਿਖੇ ਲੱਗੇਗਾ ਪਰਿਵਾਰ ਨਿਯੋਜਨ ਅਪ੍ਰੇਸ਼ਨ ਕੈਂਪ

ਭਗਤਾ ਭਾਈ ਕਾ,
- ਰੋਜ਼ਾਨਾ ਬਿਊਰੋ-

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਸੂਬੇ ਭਰ ਵਿੱਚ ਚੱਲ ਰਹੇ ਪਰਿਵਾਰ ਨਿਯੋਜਨ ਸਬੰਧੀ ਮਹੀਨੇ ਨੂੰ ਮੁੱਖ ਰੱਖਦੇ ਹੋਏ ਸਿਵਲ ਸਰਜਨ ਡਾਕਟਰ ਤੇਜਵੰਤ ਸਿੰਘ ਢਿੱਲੋਂ ਅਤੇ ਸੀਨੀਅਰ ਮੈਡੀਕਲ



ਅਫ਼ਸਰ ਡਾਕਟਰ ਸੀਮਾ ਗੁਪਤਾ ਦੀ ਯੋਗ ਅਗਵਾਈ ਹੇਠ ਸਿਹਤ ਬਲਾਕ ਭਗਤਾ ਵਿਖੇ ਲੋਕਾਂ ਵਿੱਚ ਵੱਡੇ ਪੱਧਰ ਉਪਰ ਪ੍ਰਚਾਰ ਕੀਤਾ ਜਾ ਰਿਹਾ ਹੈ । ਇਸੇ ਲੜੀ ਅਧੀਨ ਪਿੰਡ ਬੁਰਜ਼ ਲੱਧਾ ਸਿੰਘ ਵਾਲਾ ਵਿਖੇ ਹੈਲਥ ਐਂਡ ਵੈਲਨੈਸ ਸੈਂਟਰ ਵਿਖੇ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਕੈਂਪ ਲਗਾਇਆ ਗਿਆ । ਇਸ ਮੌਕੇ ਐਸ.ਆਈ.ਹਰਜਿੰਦਰ ਸਿੰਘ ਵੱਲੋਂ ਤੀਬਰ ਦਸਤ ਰੋਕੂ ਪੰਦਰਵਾੜੇ ਸਬੰਧੀ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਹੱਥਾਂ ਦੀ ਸਾਫ਼ ਸਫ਼ਾਈ ਸਬੰਧੀ ਸਿਖਲਾਈ ਦਿੱਤੀ । ਉਹਨਾਂ ਘਰ ਵਿੱਚ ਓ.ਆਰ.ਐਸ.ਬਣਾਉਣ ਦਾ ਤਰੀਕਾ ਅਤੇ ਇਸ ਦੀ ਵਰਤੋਂ ਦਾ ਢੰਗ ਵੀ ਦੱਸਿਆ । ਬਲਾਕ ਅਕਸੈਟਨਸ਼ਨ ਐਜੂਕੇਟਰ ਮਾਲਵਿੰਦਰ ਸਿੰਘ ਤਿਊਣਾ ਨੇ ਕਿਹਾ ਕਿ 27 ਜੂਨ ਤੋਂ 10 ਜੁਲਾਈ ਤੱਕ ਦੋਪਤੀ ਸੰਪਰਕ ਪੰਦਰਵਾੜਾ ਚੱਲ ਰਿਹਾ ਹੈ । ਜਿਸ ਵਿੱਚ ਸਿਹਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਪਰਿਵਾਰ ਨਿਯੋਜਨ ਦੇ ਤਰੀਕਿਆਂ ਸਬੰਧੀ ਲੋਕਾਂ ਨੂੰ ਦੱਸਿਆ ਜਾ ਰਿਹਾ ਹੈ । ਉਹਨਾਂ ਕਿਹਾ ਕਿ ਸਰਕਾਰੀ ਹਸਪਤਾਲ ਭਗਤਾ ਭਾਈਕਾ ਵਿਖੇ 10 ਜੁਲਾਈ ਦਿਨ ਸੋਮਵਾਰ ਨੂੰ ਨਸਬੰਦੀ ਅਤੇ ਨਲਬੰਦੀ ਦੇ ਮੁੱਫ਼ਤ ਉਪਰੇਸ਼ਨ ਕੀਤੇ ਜਾਣਗੇ ।

# ਹੜ੍ਹ ਪ੍ਰਭਾਵਿਤ ਖੇਤਰਾਂ 'ਚ ਸਿਹਤ ਸਬੰਧੀ ਮੁਸ਼ਕਿਲਾਂ ਨਾਲ ਨਜਿੱਠਣ ਲਈ 24 ਘੰਟੇ ਰੈਪਿਡ ਰਿਸਪਾਂਸ ਮੈਡੀਕਲ ਟੀਮਾਂ ਦਾ ਗਠਨ : ਡਾ. ਅਸ਼ਵਨੀ ਕੁਮਾਰ

ਮਾਨਸਾ,
-ਰੋਜ਼ਾਨਾ ਸਵੇਰਾ-

ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਪੰਜਾਬ ਡਾ.ਬਲਵੀਰ ਸਿੰਘ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਡਾ. ਆਦਰਸ਼ਪਾਲ ਕੌਰ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਪੰਜਾਬ ਚੰਡੀਗਡ ? ਨੇ ਹੜ੍ਹ ਆਉਣ ਦੀ ਸਥਿਤੀ ਵਿੱਚ ਮੈਡੀਕਲ ਪ੍ਰਬੰਧਨ ਦਾ ਜਾਇਜ਼ਾ ਲੈਣ ਲਈ ਮਾਨਸਾ ਪਹੁੰਚੇ ਇਸ ਦੌਰਾਨ ਉਨ੍ਹਾਂ ਨੇ ਸਿਵਲ ਹਸਪਤਾਲ ਮਾਨਸਾ ਅਤੇ ਆਮ ਆਦਮੀ ਕਲੀਨਿਕ ਕੁਲਰੀਆਂ ਜੋ ਕੀ ਚਾਂਦਪੁਰਾ ਬੰਨ ਦੇ ਨਜ਼ਦੀਕ ਹੈ ਦਾ ਦੌਰਾ ਕੀਤਾ। ਉਨ੍ਹਾਂ ਨੇ ਸਿਹਤ ਵਿਭਾਗ ਦੁਆਰਾ ਕੀਤੇ ਪ੍ਰਬੰਧਾਂ ਦੀ ਸਮੀਖਿਆ ਕੀਤੀ ਅਤੇ ਇਸ ਤੇ ਸੰਤੁਸ਼ਟੀ ਪ੍ਰਗਟਾਈ। ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਿਹਤ ਵਿਭਾਗ ਮਾਨਸਾ ਵਲੋਂ ਜ਼ਿਲੇ ਦੇ ਸੰਭਾਵਿਤ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋੜਵੰਦ ਲੋਕਾਂ ਨੂੰ ਲੋੜੀਂਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਨ ਲਈ ਟੀਮਾਂ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ ਹਨ ਤਾਂ ਕਿ ਇਸ ਮੁਸ਼ਕਿਲ ਘੜੀ ਦੌਰਾਨ ਲੋਕਾਂ ਨੂੰ ਆਪਣੀ ਸਿਹਤ ਨੂੰ ਲੈ ਕੇ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ । ਸਿਹਤ ਵਿਭਾਗ ਮਾਨਸਾ ਵਲੋਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਸਿਹਤ ਸਬੰਧੀ ਮੁਸ਼ਕਿਲਾਂ ਨਾਲ ਨਜਿੱਠਣ ਲਈ 24 ਘੰਟੇ ਰੈਪਿਡ ਰਿਸਪਾਂਸ ਮੈਡੀਕਲ ਟੀਮਾਂ ਅਤੇ ਵਿਸ਼ੇਸ ਮੈਡੀਕਲ ਟੀਮਾਂ ਦਾ ਗਠਨ ਕੀਤਾ ਗਿਆ ਹੈ। ਹੜ੍ਹਾਂ ਦੀ ਸਥਿਤੀ 'ਚ ਜਿੱਥੇ ਕਈ ਬਿਮਾਰੀਆਂ ਫੈਲਣ ਦਾ ਡਰ ਸਤਾ ਰਿਹਾ ਹੈ ਉੱਥੇ ਹੀ ਦੂਜੇ ਪਾਸੇ ਸਿਹਤ ਵਿਭਾਗ ਵੀ ਪੂਰੀ ਤਰ੍ਹਾਂ ਚੌਕਸ ਹੋ ਕੇ ਮੌਕੇ 'ਤੇ ਡਿਊਟੀ ਦਿੰਦਾ ਨਜ਼ਰ ਆ ਰਿਹਾ ਹੈ । ਹੜ੍ਹ ਪ੍ਰਭਾਵਿਤ ਮਰੀਜ਼ਾਂ ਦੇ ਇਲਾਜ ਲਈ ਸਰਕਾਰ ਵੱਲੋਂ ਵੱਡੀ ਮਾਤਰਾ ▾ਚ ਦਵਾਈਆਂ ਦਾ ਪ੍ਰਬੰਧ ਕੀਤਾ ਗਿਆ ਹੈ। ਸਿਹਤ ਡਾਇਰੈਕਟਰ ਨੇ ਸਿਹਤ ਸੰਸਥਾਵਾ ਦੇ ਮੁੱਖੀਆ ਨੂੰ ਕਿਹਾ ਕਿ ਬਰਸਾਤ ਦੇ ਮੱਦੇਨਜ਼ਰ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਲੋਕਾਂ ਨੂੰ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਦਸਤ, ਉਲਟੀਆਂ, ਹੈਜ਼ਾ ਆਦਿ ਤੋਂ ਬਚਾਅ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਲੋਕਾਂ ਨੂੰ ਸਾਫ਼ ਪੀਣ ਵਾਲੇ ਪਾਣੀ ਦੀ ਵਰਤੋਂ ਲਈ ਜਾਗਰੂਕ ਕੀਤਾ ਜਾਵੇ ਅਤੇ ਜਿਥੋਂ ਤੱਕ ਹੋ ਸਕੇ ਪਾਣੀ ਉਬਾਲ ਕੇ ਪੀਣ ਲਈ ਅਤੇ ਕਲੋਰੀਨ ਦੀਆਂ ਗੋਲੀਆਂ ਦੀ ਵਰਤੋ ਕਰਕੇ ਪੀਣ ਲਈ ਪ੍ਰੇਰਿਤ ਕੀਤਾ ਜਾਵੇ। ਕਲੋਰੀਨ ਦੀਆਂ ਗੋਲੀਆਂ ਨੇੜੇ ਦੀ ਸਿਹਤ ਸੰਸ਼ਥਾਵਾਂ ਤੋ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ?। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਇਲਾਕੇ 'ਚ ਫਸੇ ਲੋਕਾਂ ਦੀ ਮਦਦ ਲਈ ਜਿਲ੍ਹਾ ਅਤੇ ਬਲਾਕ ਪੱਧਰ ਤੇ ਵਿਸ਼ੇਸ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ.ਅਸਵਨੀ ਕੁਮਾਰ ਸਿਵਲ ਸਰਜਨ ਮਾਨਸਾ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਸਿਹਤ ਸੇਵਾਵਾਂ ਸਬੰਧੀ ਕੋਈ ਜ਼ਰੂਰਤ ਪੈਂਦੀ ਦੀ ਹੈ, ਤਾਂ ਉਹ ਮਾਨਸਾ ਵਿਖੇ ਕੰਟਰੋਲ ਰੂਮ ਦੇ ਨੰਬਰ 01652-227056 ਤੇ , ਬਲਾਕ ਬੁਢਲਾਡਾ ਦੇ ਕੰਟਰੋਲ ਰੂਮ ਨੰਬਰ 7710119398 ਸਰਦੂਲਗੜ ਦੇ ਕੰਟਰੋਲ ਰੂਮ ਨੰਬਰ 01659-250074 ਤੇ ਸੰਪਰਕ ਕਰਕੇ, ਸਿਹਤ ਸੇਵਾਵਾਂ ਦਾ ਲਾਭ ਲੈ ਸਕਦਾ ਹੈ।

ਇਸ ਮੌਕੇ ਉਨਾਂ ਨੇ ਕਿਹਾ ਕਿ ਜ਼ਿਲੇ ਦੇ ਪਿੰਡਾਂ 'ਚ ਹੜ੍ਹਾਂ ਦੀ ਸਥਿਤੀ ਨੂੰ ਦੇ ਕਾਬੂ ਕਰਨ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਜੁਟਿਆ ਹੋਇਆ ਹੈ। ਪ੍ਰਭਾਵਿਤ ਲੋਕਾਂ ਦੇ ਇਲਾਜ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਰਾਹਤ ਕੈਂਪਾਂ ਚ ਲੋਕਾਂ ਦੇ ਇਲਾਜ ' ਲਈ ਵਿਆਪਕ ਮੈਡੀਕਲ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਲੋਕਾਂ ਨੂੰ ਉਨ੍ਹਾਂ ਦੇ ਨਿਵਾਸ ਸਥਾਨ ਦੇ ਨੇੜੇ ਮੈਡੀਕਲ ਸਹੂਲਤਾਂ ਉਪਲਬਧ ਹੋਣਗੀਆਂ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਘਬਰਾਉਣ ਦੀ ਲੋੜ ਨਹੀਂ ਹੈ, ਸਿਹਤ ਵਿਭਾਗ ਪੂਰੀ ਤਰ੍ਹਾਂ ਹਰਕਤ 'ਚ ਹੈ ਅਤੇ ਲੋਕਾਂ ਦੀ ਸਿਹਤ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ।ਡਾਕਟਰ ਅਰਸ਼ਦੀਪ ਸਿੰਘ ਜਿਲਾ ਨੋਡਲ ਅਫ਼ਸਰ ਨੇ ਲੋਕਾਂ ਨੂੰ ਵਿਸ਼ੇਸ ਤੌਰ ਤੇ ਅਪੀਲ ਕਰਦਿਆਂ ਕਿਹਾ ਕਿ ਜੋ ਮਰੀਜ਼ ਕਿਸੇ ਗਭੀਰ ਬਿਮਾਰੀ ਨਾਲ ਪੀੜਤ ਹਨ ਜਿਵੇਂ ਬੀ.ਪੀ.ਸੂਗਰ,ਦਿਲ ਅਤੇ ਗੁਰਦੇ ਦੀ ਬਿਮਾਰੀ ਆਦਿ ਦੇ ਹਨ।

# ਸਿਰਦਰਦ ਨਾ ਬਣ ਜਾਵੇ ਅੱਡੀ ਦਾ ਦਰਦ



ਅੱਡੀਆਂ ਸਾਡੇ ਸਰੀਰ ਦਾ ਮਹੱਤਵਪੂਰਨ ਅੰਗ ਹੁੰਦੀਆਂ ਹਨ ਜੋ ਸਾਰੇ ਸਰੀਰ ਦਾ ਭਾਰ ਆਪਣੇ ਉੱਪਰ ਲੈ ਕੇ ਚਲਦੀਆਂ ਹਨ। ਲਗਾਤਾਰ ਦਰਦ 'ਚ ਰਹਿਣ ਵਾਲੀਆਂ ਅੱਡੀਆਂ ਨਾਲ ਸਾਡੇ ਪੂਰੇ ਸਰੀਰਿਕ ਤੇ ਮਾਨਸਿਕ ਅਵਸਥਾ 'ਤੇ ਜ਼ਿਆਦਾ ਪ੍ਰਭਾਵ ਪੈਂਦਾ ਹੈ। ਇਸ ਲਈ ਦਰਦ ਨਾਲ ਪੀੜਿਤ ਰਹਿਣ ਵਾਲੀਆਂ ਅੱਡੀਆਂ ਨੂੰ ਇਲਾਜ ਤੇ ਦੇਖਭਾਲ ਦੀ ਲੋੜ ਪੈਂਦੀ ਹੈ।

## ਪਲਾਂਟਰ ਫੇਸੀਟਿਸ

ਜਦੋਂ ਅੱਡੀ ਦਾ ਦਰਦ ਪਲਾਂਟਰ ਫੇਸੀਟਿਸ ਕਰ ਕੇ ਹੁੰਦਾ ਹੈ ਤਾਂ ਲਾਪਰਵਾਹੀ ਨਾਲ ਉਹ ਵੱਡੀ ਸਮੱਸਿਆ ਬਣ ਜਾਂਦਾ ਹੈ। ਦਰਅਸਲ, ਪਲਾਂਟਰ ਫੇਸੀਟਿਸ ਪੈਰਾਂ ਦੇ ਥੱਲੇ ਹੋਣ ਵਾਲੀ ਇਕ ਦਰਦਨਾਕ ਸੋਜ ਹੈ। ਇਸਦਾ ਦਰਦ ਸਭ ਤੋਂ ਜ਼ਿਆਦਾ ਹੁੰਦਾ ਹੈ, ਜਦੋਂ ਤੁਸੀਂ ਸਵੇਰੇ ਪਹਿਲਾਂ ਪੈਰ ਜ਼ਮੀਨ 'ਤੇ ਰੱਖਦੇ ਹੋ ਜਾਂ ਲਗਾਤਾਰ ਕੁਝ ਦੇਰ ਬੈਠੇ ਜਾਂ ਲੰਮੇ ਪਏ ਰਹਿਣ ਤੋਂ ਬਾਅਦ ਖੜ੍ਹੇ ਹੁੰਦੇ ਹੋ। ਉਂਝ ਹੀ ਇਹ ਦਰਦ ਚਲਣ 'ਤੇ ਕੁਝ ਹੀ ਮਿੰਟਾਂ ਬਾਅਦ ਘੱਟ ਹੋ ਜਾਂਦਾ ਹੈ ਪਰ ਜ਼ਿਆਦਾ ਦੇਰ ਤਕ ਚੱਲਣ ਜਾਂ ਖੜ੍ਹੇ ਹੋਣ ਨਾਲ ਇਹ ਦਰਦ ਫੇਰ ਆ ਜਾਂਦਾ ਹੈ। ਸਕਦਾ ਹੈ ਪਰ ਮਧੂਮੇਹ ਨਾਲ ਪੀੜਿਤ ਲੋਕਾਂ, ਮੋਟੇ ਲੋਕਾਂ, ਗਰਭਵਤੀ ਔਰਤਾਂ, ਬਾਲੀਵੁੱਡ ਤੇ ਟੈਨਿਸ ਖਿਡਾਰੀਆਂ ਆਦਿ 'ਚ ਇਸ ਦਰਦ ਦਾ ਸ਼ੱਕ ਜ਼ਿਆਦਾ ਹੁੰਦਾ ਹੈ। ਜੇ ਇਸ ਤੋਂ ਬਾਅਦ ਵੀ ਅੱਡੀਆਂ ਦਾ ਦਰਦ ਲਗਾਤਾਰ ਬਣਿਆ ਰਹਿੰਦਾ ਹੈ ਤਾਂ ਇਸ ਲਈ ਮਾਹਿਰਾਂ ਦੀ ਸਲਾਹ ਲੈਣੀ ਚਾਹੀਦੀ ਹੈ। ਦਰਦ 'ਚ ਅਚਾਨਕ ਹੀ ਵਾਧਾ ਹੋਣਾ ਅਤੇ ਖੇਡ ਆਦਿ ਗਤੀਵਿਧੀਆਂ 'ਚ ਪਰੇਸ਼ਾਨੀ ਹੋਣਾ, ਪੈਦਲ ਚੱਲਣ ਨਾਲ ਵੀ ਅੱਡੀਆਂ 'ਚ ਦਰਦ ਰਹਿਣਾ, ਚਿੰਤਾ ਦੀ ਗੱਲ ਹੈ ਅੱਡੀ ਤੋਂ ਗੋਡਿਆਂ ਤਕ ਜਾਣ ਵਾਲੀ ਲੱਤ ਦੀਆਂ ਖਿੱਚੀਆਂ ਹੋਈਆਂ ਮਾਸਪੇਸ਼ੀਆਂ ਵੀ ਅੱਡੀ ਦੇ ਦਰਦ ਦਾ ਕਾਰਨ ਹੋ ਸਕਦੀਆਂ ਹਨ।

ਮੋਟਾਪਾ ਤੇ ਜ਼ਿਆਦਾ ਭਾਰ ਵਾਲੇ ਵਿਅਕਤੀ ਜਾਂ ਗਰਭਵਤੀ ਔਰਤਾਂ 'ਚ ਵੀ ਅੱਡੀਆਂ 'ਤੇ ਜ਼ਿਆਦਾ ਦਬਾਅ ਪੈਣ ਦਾ ਜੋਖ਼ਿਮ ਹੁੰਦਾ ਹੈ। ਲਗਾਤਾਰ ਦਬਾਅ ਦੇ ਚਲਦੇ ਉਨ੍ਹਾਂ 'ਚ ਫੈਕਚਰ ਦੇ ਹੋਣ ਦੇ ਕਰ ਕੇ ਵੀ ਲਗਾਤਾਰ ਦਰਦ ਰਹਿਣ ਲਗਦਾ ਹੈ। ਉੱਥੇ ਹੀ ਕੁਝ ਗ਼ਲਤ ਗਤੀਵਿਧੀਆਂ ਜਾਂ ਯੋਗ ਆਦਿ ਨਾਲ ਵੀ ਪ੍ਰਭਾਵ ਹੋ ਸਕਦਾ ਹੈ। ਤੀਸਰਾ ਮੁੱਖ ਕਾਰਨ ਕਾਲਸੇਨਿਅਲ ਐਡੋਫਿਸਾਈਟਿਸ ਹੈ ਜੋ ਕਿ ਇਕ ਅਜਿਹੀ ਪ੍ਰਸਥਿਤੀ ਹੈ ਜਿਹੜੀ ਕਿ ਲੜਕਿਆਂ ਨੂੰ 6 ਤੋਂ 10 ਸਾਲ ਦੀ ਉਮਰ 'ਚ ਪ੍ਰਭਾਵਿਤ ਕਰਦੀ ਹੈ।

### ਕੀ ਹੈ ਇਲਾਜ?

- ਹੀਲ ਵਾਲੀਆਂ ਚੱਪਲਾਂ ਨਹੀਂ ਪਹਿਨਣੀਆਂ ਚਾਹੀਦੀਆਂ। ਇਕ ਮੱਧ ਉਚੀ ਅੱਡੀ ਦੇ ਜੁੱਤੇ ਜਾਂ ਸੈਂਡਲ ਪਹਿਨੋ।
- ਟੁੱਟੀ, ਸਖ਼ਤ ਅਤੇ ਘਿਸੀਆਂ ਹੋਈਆਂ ਚੱਪਲਾਂ ਨਾ ਪਹਿਨੋ।

ਸਾਧਾਰਨ ਤੌਰ 'ਤੇ ਜੋ ਲੜਕੇ ਮੋਟਾਪੇ ਦਾ ਸ਼ਿਕਾਰ ਹੁੰਦੇ ਹਨ ਜਾਂ ਬਹੁਤ ਜ਼ਿਆਦਾ ਪਤਲੇ ਹੁੰਦੇ ਹਨ ਉਨ੍ਹਾਂ 'ਚ ਇਸ ਤਰ੍ਹਾਂ ਦੀ ਮੁਸ਼ਕਿਲ ਹੋ ਜਾਂਦੀ ਹੈ। ਵੱਖ-ਵੱਖ ਪ੍ਰਕਾਰ ਦੀ ਸਟ੍ਰੈਚਿੰਗ ਐਕਸਰਸਾਇਜ਼ ਅਤੇ ਆਰਾਮਦਾਇਕ ਜੁੱਤੀਆਂ ਪਹਿਨਣ ਇਸ ਨੂੰ ਘੱਟ ਕੀਤਾ ਜਾ ਸਕਦਾ ਹੈ। ਪਲਾਂਟਰ ਫੇਸੀਆ 'ਚ ਉਪਯੁਕਤ ਐਥਲੇਟਿਕ ਜੁੱਤੇ ਮਰੀਜ਼ਾਂ ਲਈ ਜ਼ਰੂਰੀ ਹੈ। ਇਸ ਤੋਂ ਇਲਾਵਾ ਜੇ ਤੁਸੀਂ ਕਿਸੇ ਵਿਸ਼ੇਸ਼ ਹਾਲਤ 'ਚ ਦਰਦ ਤੋਂ ਪਰੇਸ਼ਾਨ ਹੋ ਤਾਂ ਉਸ ਚੀਜ਼ ਨੂੰ ਵਾਰ-ਵਾਰ ਨਾ ਕਰੋ, ਜਿਸ ਨਾਲ ਦਰਦ ਹੁੰਦਾ ਹੈ। ਉੱਥੇ ਇਸਦੇ ਨਾਲ ਹੀ ਉਪਯੁਕਤ ਐਥਲੈਟਿਕਸ ਜੁੱਤੇ ਪਹਿਨਣਾ ਜ਼ਰੂਰੀ ਹੈ।

### ਕਾਰਨ

- ਇਸਦਾ ਸਭ ਤੋਂ ਵੱਡਾ ਕਾਰਨ ਹੈ- ਮੋਟਾਪਾ
- ਹੋਰ ਕਾਰਨ ਹਨ - ਗਠੀਆ ਅਤੇ ਮਧੂਮੇਹ। ਇਹ ਬਜ਼ੁਰਗ ਮਰੀਜ਼ਾਂ 'ਚ ਆਮ ਹੈ।
- ਘਿਸੇ ਹੋਏ, ਗ਼ਲਤ ਜੁੱਤੇ, ਖ਼ਰਾਬ ਫੀਟਿੰਗ ਜਾਂ ਖ਼ਰਾਬ ਗੁਣਵੱਤਾ ਦੇ ਜੁੱਤੇ ਸਮੱਸਿਆ ਵਧਾ ਸਕਦੇ ਹਨ।
- ਲੰਬੇ ਸਮੇਂ ਤਕ ਚੱਲਣ ਵਾਲੇ ਜਾਂ ਖੜ੍ਹੇ ਹੋਣ ਨਾਲ ਵੀ ਇਹ ਦਰਦ ਹੋ ਸਕਦਾ ਹੈ।
- ਜ਼ਿਆਦਾ ਆਰਾਮ ਵੀ ਇਸ ਦਰਦ ਦਾ ਕਾਰਨ ਹੋ ਸਕਦਾ ਹੈ। ਇਸ ਲਈ ਇਨ੍ਹਾਂ ਗੱਲਾਂ ਦਾ ਧਿਆਨ ਰੱਖੋ।

# ਜੰਕ ਫੂਡ ਸਹੀ ਜਾਂ ਗ਼ਲਤ

ਖਾਣ ਪੀਣ ਨਾਲ ਆਦਤਾਂ 'ਚ ਤਬਦੀਲੀ ਆਉਂਦੀ ਰਹਿੰਦੀ ਹੈ। ਲੋਕ ਸੁਆਦ ਲਈ ਆਪਣੀ ਸਿਹਤ ਨੂੰ ਵੀ ਦਾਅ 'ਤੇ ਲਗਾ ਦਿੰਦੇ ਹਾਂ। ਪਹਿਲਾਂ ਬੱਚਿਆਂ ਦੇ ਟਿਫਿਨ 'ਚ ਆਲੂ-ਗੋਭੀ ਦੇ ਪਰੌਂਠੇ ਮਿਲਦੇ ਸੀ ਪਰ ਅੱਜ-ਕੱਲ੍ਹ ਘਰ ਦਾ ਖਾਣਾ ਆਊਟ ਆਫ਼ ਫੈਸ਼ਨ ਜਿਹਾ ਬਣਦਾ ਜਾ ਰਿਹਾ ਹੈ। ਕੈਨਟੀਨ ਤੋਂ ਮਿਲਣ ਵਾਲੇ ਸਮੋਸੇ, ਮੈਗੀ, ਬਰੈਡ ਪਕੌੜੇ ਖਾਣਾ ਜ਼ਿਆਦਾ ਪਸੰਦ ਕਰਦੇ ਹਨ। ਇਸ ਤਰ੍ਹਾਂ ਦੇ ਖਾਣ ਪੀਣ ਨਾਲ ਉਨ੍ਹਾਂ 'ਤੇ ਤਣਾਅ, ਕਬਜ਼, ਐਸਿਡੀਟੀ ਵਰਗੀ ਬਿਮਾਰੀਆਂ ਵੀ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜੇ ਘਰ ਦਾ ਖਾਣਾ ਖਾਧਾ ਜਾਵੇ ਤਾਂ 70 ਫ਼ੀਸਦੀ ਲੋਕਾਂ ਦੀਆਂ ਬਿਮਾਰੀਆਂ ਆਪਣੇ ਆਪ ਹੀ ਖ਼ਤਮ ਹੋ ਜਾਣ। ਜੋ ਨੌਜਵਾਨ ਘਰ ਤੋਂ ਬਾਹਰ ਰਹਿ ਕੇ ਪੜ੍ਹਾਈ ਜਾਂ ਨੌਕਰੀ ਕਰਦੇ ਹਨ ਉਹ ਜ਼ਿਆਦਾ ਜੰਕ ਫ਼ੂਡ ਖਾਂਦੇ ਹਨ ਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖਾਣ ਪੀਣ ਦੀਆਂ ਬਦਲ ਦੀਆਂ ਆਦਤਾਂ ਅੱਜ ਦੇ ਨੌਜਵਾਨਾਂ ਲਈ ਬਹੁਤ ਹੀ ਹਾਨੀਕਾਰਕ ਹੈ। ਠੀਕ ਰਹਿਣ ਲਈ ਜ਼ਰੂਰੀ ਹੈ ਪੌਸ਼ਟਿਕ ਭੋਜਨ ਨੂੰ ਖਾਧਾ ਜਾਵੇ ਤੇ ਜੰਕ ਫ਼ੂਡ ਨੂੰ ਬਾਏ ਬੋਲ ਦਿੱਤਾ ਜਾਵੇ ਕਿਉਂਕਿ ਜੇ ਸਾਡੀ ਸਿਹਤ ਠੀਕ ਹੈ ਤਾਂ ਹੀ ਅਸੀਂ ਆਪਣੇ ਜੀਵਨ ਨੂੰ ਵਧੀਆ ਤਰੀਕੇ ਨਾਲ ਬਤੀਤ ਕਰ ਸਕਦੇ ਹਾਂ।





# ਜ਼ੀਰੇ ਦਾ ਕਮਾਲ

ਜ਼ੀਰਾ ਸਿਹਤ ਲਈ ਬਹੁਤ ਹੀ ਲਾਭਦਾਇਕ ਹੈ। ਇਹ ਖਾਣੇ 'ਚ ਇਸਤੇਮਾਲ ਹੋਣ ਵਾਲਾ ਪਦਾਰਥ ਹੈ ਇਸ ਨੂੰ ਜੇ ਅਸੀਂ ਸਹੀਂ ਤਰੀਕੇ ਨਾਲ ਜਾਣ ਲਈਏ ਤਾਂ ਕਦੀ ਵੀ ਬਿਮਾਰ ਨਾ ਹੋਈਏ। ਜ਼ੀਰਾ ਕਿਸ ਤਰ੍ਹਾਂ ਸਾਡੇ ਸਰੀਰ ਨੂੰ ਫ਼ਾਇਦਾ ਦਿੰਦਾ ਹੈ। ਵਿਟਾਮਿਨ ਏ ਈ ਨਾ ਭਰਪੂਰ ਵਿਟਾਮਿਨ ਈ ਪਾਇਆ ਜਾਂਦਾ ਹੈ ਜੋ ਸਿਹਤ ਲਈ ਬਹੁਤ ਹੀ ਲਾਭਦਾਇਕ ਹੈ ਇਸ 'ਚ ਕੁਝ ਇਸ ਤਰ੍ਹਾਂ ਦੇ ਤੱਤ ਹਨ ਜੋ ਸਿਹਤ ਨੂੰ ਚੁਸਤ ਬਣਾਉਂਦੇ ਹਨ। ਜੇ ਕਿਸੇ ਦੇ ਮੂੰਹ 'ਤੇ ਕਿਸੇ ਵੀ ਤਰ੍ਹਾਂ ਦੇ ਦਾਗ, ਪਿੰਪਲ ਜਾਂ ਥਬੇ ਜਾਂ ਇੰਫ਼ੈਕਸ਼ਨ ਹੋ ਗਈ ਹੋਵੇ ਤਾਂ ਥੋੜ੍ਹਾ ਜਿਹਾ ਜ਼ੀਰਾ ਪੀਸ ਕੇ ਕਿਸੇ ਵੀ ਫ਼ੇਸ ਪੈਕ 'ਚ ਮਿਲਾ ਕੇ ਆਪਣੇ ਮੂੰਹ 'ਤੇ ਲਗਾਉਣ ਨਾਲ ਅਰਾਮ ਮਿਲਦਾ ਹੈ। ਇਸ 'ਚ ਵਿਟਮਿਨ ਈ ਹੋਣ ਕਰਕੇ ਚਿਹਰੇ ਸਬੰਧੀ ਕੋਈ ਵੀ ਸਮੱਸਿਆ ਹੈ ਤਾਂ ਇਸ ਦੀ ਵਰਤੋਂ ਜ਼ਰੂਰ ਕਰੋ।

### ਘਟਦਾ ਹੈ ਭਾਰ

ਜ਼ੀਰੇ ਨਾਲ ਘਟ ਦਾ ਹੈ ਵਜਨ। ਇਸ 'ਚ ਪੌਸ਼ਕ ਤੱਤ ਤੇ ਐਂਟੀ ਆਕਸੀਡੈਂਟਸ ਮੇਟਾਬਾਲੀਜ਼ਮ ਨੂੰ ਵਧਾਉਂਦਾ ਹੈ ਜੋ ਪੇਟ ਦੀ ਚਰਬੀ ਨੂੰ ਘਟਾਉਂਦਾ ਹੈ। ਇਹ ਚਰਬੀ ਵਿਅਕਤੀ ਨੂੰ ਮੋਟਾ ਕਰਦੀ ਹੈ। ਮੋਟਾਪੇ ਨੂੰ ਦੂਰ ਕਰਨ ਲਈ ਜ਼ੀਰਾ ਇਸਤੇਮਾਲ ਕਰਨਾ ਚਾਹੀਦਾ ਹੈ।

- 3 ਗ੍ਰਾਮ ਜ਼ੀਰੇ ਨੂੰ ਪਾਣੀ 'ਚ ਮਿਲਾਓ ਇਸ 'ਚ ਕੁਝ-ਕੁ ਬੂੰਦਾਂ ਸ਼ਹਿਦ ਦੀਆਂ ਪਾਓ ਤੇ ਇਸ ਨੂੰ ਪੀਉ ਇਸ ਨਾਲ ਵੀ ਕਈ ਤਰ੍ਹਾਂ ਦੇ ਲਾਭ ਮਿਲਣਗੇ।
- ਸਬਜ਼ੀਆਂ ਦੇ ਸੂਪ 'ਚ ਇਕ ਚਮਚ ਜ਼ੀਰਾ ਪਾਉ।
- ਬਰਾਊਨ ਚਾਵਲਾਂ 'ਚ ਵੀ ਜ਼ੀਰਾ ਪਾ ਸਕਦੇ ਹਾਂ।
- ਇਹ ਸਿਰਫ਼ ਸੁਆਦ ਹੀ ਨਹੀਂ ਦਿੰਦਾ ਬਲਕਿ ਵਜਨ ਵੀ ਘਟ ਕਰਦਾ ਹੈ।
- 5 ਗ੍ਰਾਮ ਤਾਜ਼ੇ ਦਹੀ 'ਚ ਇਕ ਚਮਚ ਜ਼ੀਰਾ ਪਾਊਡਰ ਪਾ ਕੇ ਜੇ ਅਸੀਂ ਰੋਜ਼ ਖਾਂਦੇ ਹਾਂ ਤਾਂ ਇਹ ਵੀ ਵਜਨ ਨੂੰ ਘਟ ਕਰਨ 'ਚ ਬਹੁਤ ਮਦਦ ਕਰਦਾ ਹੈ।

### ਪੈਰਾਂ ਦੀ ਪਰੇਸ਼ਾਨੀ

ਜੇ ਪੈਰਾਂ 'ਚ ਕੰਬਣੀ ਜਾਂ ਦਰਦ ਮਹਿਸੂਸ ਹੋ ਰਹੀ ਹੈ ਤਾਂ ਇਸ ਨੂੰ ਅਣਗੌਲਿਆ ਨਾ ਕਰੋ। ਤੁਸੀਂ ਉਨ੍ਹਾਂ ਲੋਕਾਂ ਨੂੰ ਜ਼ਰੂਰ ਦੇਖਿਆ ਹੋਵੇਗਾ ਜੋ ਸੌਣ ਸਮੇਂ ਆਪਣੇ ਪੈਰਾਂ 'ਚ ਕੰਬਣੀ, ਖਿਚਾ ਜਾਂ ਦਰਦ ਦੀ ਸ਼ਿਕਾਇਤ ਕਰਦੇ ਹਨ। ਡਾਕਟਰ ਦੀ ਸਲਾਹ ਦੇ ਬਿਨਾਂ ਹੀ ਉਹ ਕੈਲਸ਼ੀਅਮ ਦੀ ਵਰਤੋਂ ਕਰਨ ਲਗ ਜਾਂਦੇ ਹਨ ।



# ਬਰਾਊਨ ਚਾਵਲ ਖਾਣ ਦੇ ਫ਼ਾਇਦੇ

ਜੇ ਬਰਾਊਨ ਚਾਵਲਾਂ ਦੀ ਸਫ਼ੈਦ ਚਾਵਲਾਂ ਨਾਲ ਤੁਲਨਾ ਕਰੀਏ ਤਾਂ ਇਹ ਬਹੁਤ ਪੌਸ਼ਟਿਕ ਹੁੰਦੇ ਹਨ। ਮੈਗਨੀਜ਼ ਤੇ ਫਾਸਫੋਰਸ, ਸਿਲੇਨੀਅਮ, ਤਾਂਬਾ ਤੇ ਨਿਆਸਿਨ ਕਾਫ਼ੀ ਮਾਤਰਾ 'ਚ ਪਾਇਆ ਜਾਂਦਾ ਹੈ। ਇਸ 'ਚ ਫ਼ਰਕ ਸਿਰਫ਼ ਇਹ ਹੀ ਹੁੰਦਾ ਹੈ ਕਿ ਸਫ਼ੈਦ ਚਾਵਲ ਨੂੰ ਬਣਾਉਣ ਸਮੇਂ ਮੁੱਖ ਪੌਸ਼ਕ ਪਦਾਰਥ ਨਿਕਲ ਜਾਂਦੇ ਹਨ। ਸਫ਼ੈਦ ਚਾਵਲ ਦਾ ਸੁਆਦ ਵਧੀਆ ਹੁੰਦਾ ਹੈ। ਜੇ ਸਿਹਤ ਦੀ ਗੱਲ ਕਰੀਏ ਤਾਂ ਬਰਾਊਨ ਚਾਵਲ ਦੇ 5 ਇਸ ਤਰ੍ਹਾਂ ਦੇ ਬਿਹਤਰੀਨ ਫ਼ਾਇਦੇ ਹਨ ਜਿਸ ਨੂੰ ਜਾਣਨ ਤੋਂ ਬਾਅਦ ਤੁਸੀ ਇਨ੍ਹਾਂ ਨੂੰ ਜ਼ਰੂਰ ਖਾਉਗੇ। ਬਰਾਊਨ ਚਾਵਲ ਭਾਰ ਘਟ ਕਰਨ 'ਚ ਕਾਫ਼ੀ ਮਦਦ ਕਰਦੇ ਹਨ। ਇਨ੍ਹਾਂ 'ਚ ਫ਼ਾਈਬਰ ਉੱਚ ਮਾਤਰਾ 'ਚ ਹੁੰਦੀ ਹੈ ਜੋ ਤੁਹਾਡੀ ਮਟਾਬਾਲਿਜ਼ਮ ਨੂੰ ਤੇਜ਼ ਦਿੰਦੀ ਹੈ। ਇਸ ਦੇ ਮੁਕਾਬਲੇ ਸਫ਼ੈਦ ਚਾਵਲਾਂ ਨੂੰ ਜ਼ਿਆਦਾ ਮਾਤਰਾ 'ਚ ਖਾਣ ਨਾਲ ਪੇਟ ਵਧਦਾ ਹੈ। ਬਰਾਊਨ ਚਾਵਲ ਖਾਣ ਨਾਲ ਪੇਟ ਘੱਟਦਾ ਹੈ ਜਿਸ ਕਰ ਕੇ ਵਜ਼ਨ ਘਟਾਉਣਾ ਆਸਾਨ ਹੋ ਜਾਂਦਾ ਹੈ।

### ਚਮਚ ਨਾਲ ਖਾਣਾ ਖਾਣ ਨਾਲ ਨਹੀਂ ਮਿਲਦਾ ਲਾਭ

*ਭਾਰਤੀ ਸਮਾਜ 'ਚ ਆਮ ਤੌਰ 'ਤੇ ਹੱਥ ਨਾਲ ਹੀ ਖਾਣਾ ਖਾਂਦੇ ਸੀ। ਹੁਣ ਸਮੇਂ ਦੇ ਨਾਲ-ਨਾਲ ਖਾਣਾ ਖਾਣ ਦਾ ਤਰੀਕਾ ਵੀ ਬਦਲ ਗਿਆ ਹੈ। ਹੁਣ ਲੋਕ ਹੱਥਾਂ ਤੋਂ ਜ਼ਿਆਦਾ ਚਮਚ ਨਾਲ ਭੋਜਨ ਕਰਨਾ ਪਸੰਦ ਕਰਦੇ ਹਨ ਪਰ ਸਾਫ਼ ਸੁਥਰੇ ਹੱਥਾਂ ਨਾਲ ਭੋਜਨ ਕਰਨਾ ਜ਼ਿਆਦਾ ਫ਼ਾਇਦੇਮੰਦ ਹੁੰਦਾ ਹੈ। ਇਸ ਫ਼ਾਇਦੇ ਨੂੰ ਬਹੁਤ ਘੱਟ ਲੋਕ ਜਾਣਦੇ ਹਨ।*

### ਡਾਇਬਟੀਜ਼ ਤੋਂ ਬਚਾਅ

ਬਰਾਊਨ ਚਾਵਲਾਂ 'ਚ ਸਫ਼ੈਦ ਚਾਵਲ ਦੀ ਤੁਲਨਾ 'ਚ ਘੱਟ ਗਲਾਈਸਮਿਕ ਇੰਡਕਟਸ ਹੁੰਦਾ ਹੈ ਇਸ ਨਾਲ ਬਲੱਡ ਸ਼ੂਗਰ ਲੈਵਲ ਵੱਧ ਨਹੀਂ ਸਕਦਾ। ਵਿਗਿਆਨੀਆਂ ਦੁਆਰਾ ਕੀਤੀ ਗਈ ਖੋਜ ਤੋਂ ਪਤਾ ਚੱਲਿਆ ਹੈ ਕਿ ਰੋਜ਼ਾਨਾ ਬਰਾਊਨ ਚਾਵਲ ਖਾਣ ਨਾਲ ਡਾਇਬਟੀਜ਼ ਦਾ ਖ਼ਤਰਾ 20 ਫ਼ੀਸਦੀ ਤਕ ਘੱਟ ਹੋ ਸਕਦਾ ਹੈ।

### ਕੋਲੈਸਟ੍ਰਾਲ ਘੱਟ ਕਰਦਾ ਹੈ

*ਅੱਜ-ਕੱਲ੍ਹ ਕੋਲੈਸਟ੍ਰਾਲ, ਨੌਜਵਾਨਾਂ ਨੂੰ ਵੀ ਪ੍ਰਭਾਵਿਤ ਕਰਨ ਲੱਗਾ ਹੈ। ਦਿਲ ਤੇ ਸਿਹਤ ਠੀਕ ਰੱਖਣ ਲਈ ਜ਼ਰੂਰੀ ਹੈ ਕਿ ਆਪਣਾ ਕਲੈਸਟ੍ਰਾਲ ਘਟਾਓ ਜੋ ਤੁਹਾਡੇ ਸਰੀਰ ਨੂੰ ਅਨੇਕਾਂ ਬਿਮਾਰੀਆਂ ਲਗਾ ਦਿੰਦਾ ਹੈ। ਬਰਾਊਨ ਚਾਵਲਾਂ 'ਚ ਅਨਸਚ੍ਰੂਟਡ ਤੇਲ ਹੁੰਦਾ ਹੈ ਜੋ ਤੁਹਾਡੇ ਕੋਲੈਸਟ੍ਰਾਲ ਨੂੰ ਘਟ ਕਰਨ 'ਚ ਮਦਦ ਕਰਦਾ ਹੈ। ਇਸ ਨਾਲ ਭਾਰ ਵੀ ਘਟਦਾ ਹੈ। ਇਸ ਕਰਕੇ ਇਸ ਦੀ ਵਰਤੋ ਜ਼ਰੂਰ ਕਰਨਾ ਚਾਹੀਦਾ ਹੈ।*

# ਰੈੱਟ ਸਿੰਡਰੋਮ ਦੀ ਦਸਤਕ

ਡਾ. ਰਿਪੁਦਮਨ ਸਿੰਘ



ਭਾਵੇਂ ਇਹ ਰੋਗ ਸੰਸਾਰ ਵਿਚ ਬਹੁਤ ਹੀ ਘੱਟ ਮਿਕਦਾਰ ਅੰਦਰ ਵੇਖਣ ਨੂੰ ਮਿਲਦਾ ਹੈ ਪਰ ਫਿਰ ਵੀ ਇਸ ਦੀ ਦਸਤਕ ਭਾਰਤ ਵਿਚ ਮਹਿਸੂਸ ਕੀਤੀ ਗਈ ਹੈ। ਰੋਗ ਤਾਂ ਰੋਗ ਹੀ ਹੈ ਜਿਸ ਦੀ ਪਛਾਣ ਹੋਈ ਹੈ ਅਤੇ ਪਿਛਲੇ ਪੰਜ ਸਾਲ ਵਿਚ ਭਾਰਤ ਦੇ ਏਮਸ ਵਿਚ ਇਲਾਜ ਦੌਰਾਨ 150 ਬੱਚਿਆਂ ਵਿਚ ਰੈੱਟ ਸਿੰਡਰੋਮ ਪਾਇਆ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਨਾਰਮਲ ਦਿਸਣ ਵਾਲੇ ਬੱਚਿਆਂ ਵਿਚ ਇਹ ਰੋਗ ਵੇਖਿਆ ਗਿਆ। ਇਸ ਰੋਗ ਵਿਚ ਬੱਚੇ ਨਾਰਮਲ ਐਕਟੀਵਿਟੀ ਕਰਦੇ ਹਨ ਜਿਸ ਨੂੰ ਮਾਪੇ ਨਜ਼ਰ-ਅੰਦਾਜ਼ ਕਰ ਦਿੰਦੇ ਹਨ। ਬੱਚਾ ਜੇ ਹਰ ਵਕਤ ਤਾਲੀ ਵਜਾਉਂਦਾ ਰਹੇ, ਸਰੀਰ ਨੂੰ ਹਿਲਾਉਂਦਾ ਰਹੇ, ਹੱਥ ਜ਼ਮੀਨ ਉੱਤੇ ਮਾਰਦਾ ਰਹੇ, ਹੱਥ ਧੋਂਦਾ ਰਹੇ ਜਾਂ ਟੈਪਿੰਗ ਕਰੇ ਤਾਂ ਇਹ ਲੱਛਣ ਰੈੱਟ ਸਿੰਡਰੋਮ ਦੇ ਹੋ ਸੱਕਦੇ ਹਨ।

ਪ੍ਰੈਗਨੈਂਸੀ ਦੌਰਾਨ ਅਬਨਾਰਮਲ ਕਰੋਮੋਜ਼ੋਮ ਮਿਲਣ ਤੋਂ ਇਸ ਸਿੰਡਰੋਮ ਦੀ ਰੋਗ ਦਾ ਖ਼ਤਰਾ ਰਹਿੰਦਾ ਹੈ। ਇਸ ਰੋਗ ਪ੍ਰਤੀ ਜਾਗਰੂਕ ਕਰਨ ਲਈ ਨੈਸ਼ਨਲ ਰੈੱਟ ਸਿੰਡਰੋਮ ਅਵੇਅਰਨੈੱਸ ਮੀਟ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਦੇਸ਼ ਵਿਦੇਸ਼ ਦੇ ਡਾਕਟਰਾਂ ਨੇ ਹਿੱਸਾ ਲਿਆ। ਅਕਤੂਬਰ ਨੂੰ ਰੈੱਟ ਸਿੰਡਰੋਮ ਜਾਗਰੂਕ ਮਹੀਨੇ ਦੇ ਰੂਪ ਵਿਚ ਮਨਾਇਆ ਜਾਂਦਾ ਹੈ।

ਐਕਸ ਕਰੋਮੋਜ਼ੋਮ ਕਾਰਨ ਲੜਕੀਆਂ ਵਿਚ ਰੈੱਟ ਸਿੰਡਰੋਮ ਦਾ ਰੋਗ ਜ਼ਿਆਦਾ ਵੇਖਿਆ ਜਾਂਦਾ ਹੈ। ਜੇ ਪ੍ਰੈਗਨੈਂਸੀ ਵਿਚ ਮੁੰਡਿਆਂ ਨੂੰ ਅਬਨਾਰਮਲ ਕਰੋਮੋਜ਼ੋਮ ਮਿਲਦੇ ਹਨ ਤਾਂ ਉਹ ਜਨਮ ਸਮੇਂ ਹੀ ਮਰ ਜਾਂਦੇ ਹਨ। ਲੜਕੀਆਂ ਨੂੰ ਮਾਂ ਦੀ ਕੁੱਖ ਵਿਚ ਇਹ ਸਿੰਡਰੋਮ ਮਿਲਦਾ ਹੈ ਜਿਸ ਦੇ ਲੱਛਣ ਜਨਮ ਦੇ 6 ਤੋਂ 18 ਮਹੀਨੇ ਵਿਚ ਵਿਖਾਈ ਦੇਣ ਲੱਗਦੇ ਹਨ। ਰੋਗ ਦੀ ਪਛਾਣ ਨਾ ਹੋਣ ਉੱਤੇ ਦੋ ਤੋਂ ਤਿੰਨ ਸਾਲ ਦੀ ਉਮਰ ਵਿਚ ਮਾਨਸਿਕ ਅਤੇ ਸਰੀਰਕ ਵਿਕਾਸ ਉੱਤੇ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ ਪਰ ਅਜੇ ਵੀ ਰੈੱਟ ਸਿੰਡਰੋਮ ਦੀ ਪਛਾਣ ਚੰਗੀ ਤਰ੍ਹਾਂ ਨਹੀਂ ਹੋ ਸਕੀ ਕਿਉਂ ਜੋ ਬਹੁਤੇ ਇਸ ਰੋਗ ਤੋਂ ਅਨਜਾਣ ਹਨ। ਇਕ ਅਨੁਮਾਨ ਅਨੁਸਾਰ 70 ਤੋਂ 80 ਫ਼ੀਸਦੀ ਮਾਮਲਿਆਂ ਦੀ ਪਛਾਣ ਨਹੀਂ ਹੋ ਸਕੀ। ਹਾਂ, ਦੋ ਸਾਲ ਪਹਿਲਾਂ ਇੰਡੀਅਨ ਰੈੱਟ ਸਿੰਡਰੋਮ ਫਾਊਂਡੇਸ਼ਨ ਬਣਾਇਆ ਗਿਆ ਹੈ।

ਸੱਚ ਤਾਂ ਇਹੋ ਹੈ ਕਿ ਨਾਰਮਲ ਲੱਛਣ ਹੋਣ ਕਾਰਨ ਜ਼ਿਆਦਾਤਰ ਬੱਚਿਆਂ ਵਿਚ ਇਸ ਰੋਗ ਦੀ ਪਛਾਣ ਨਹੀਂ ਹੁੰਦੀ। ਮਾਪੇ ਇਸ ਵੱਲ ਧਿਆਨ ਨਹੀਂ ਦਿੰਦੇ। ਇਸ ਰੋਗ ਵਿਚ ਐਕਸ ਕਰੋਮੋਜ਼ੋਮ ਨੂੰ ਵਜ੍ਹਾ ਮੰਨਿਆ ਜਾਂਦਾ ਹੈ। ਜੇ ਡੀਐੱਨਏ ਵਿਚ ਨਿਊਕਲਯੋਟਾਇਡ ਜ਼ਿਆਦਾ ਘੱਟ ਹੋਣ ਜਾਂ ਬਦਲ ਜਾਣ ਤਾਂ ਇਹ ਜੈਨੇਟਿਕ ਰੇਟ ਸਿੰਡਰੋਮ ਦੀ ਵਜ੍ਹਾ ਕਰਕੇ ਹੁੰਦਾ ਹੈ। ਨਿਊਕਲਯੋਟਾਇਡ ਦੇ ਮਿਊਟੇਸ਼ਨ ਦੀ ਗੜਬੜੀ ਹੋਣ ਉੱਤੇ ਏਮਈਸੀਪੀਟੂ ਜੀਨ ਦੀ ਕਮੀ ਹੋ ਜਾਂਦੀ ਹੈ। ਇਹ ਜੀਨ ਬਰੇਨ ਨੂੰ ਐਕਟਿਵ ਰੱਖਣ ਲਈ ਜ਼ਰੂਰੀ ਪ੍ਰੋਟੀਨ ਬਣਾਉਂਦਾ ਹੈ। ਏਮਈਸੀਪੀਟੂ ਜੀਨ ਐਕਸ ਜੀਨ ਵਿਚ ਹੁੰਦਾ ਹੈ। ਲੜਕੀਆਂ ਵਿਚ ਐਕਸ ਜੀਨ ਹੁੰਦਾ ਹੈ ਇਸ ਲਈ ਰੇਟ ਸਿੰਡਰੋਮ ਦੀ ਸ਼ਿਕਾਰ ਲੜਕੀਆਂ ਵਿਚ ਦੂਜਾ ਐਕਸ ਹੈਲਦੀ ਨਹੀਂ ਹੁੰਦਾ ਹੈ। ਅੱਜ ਇਹ ਵੀ ਸੱਚਾਈ ਸਾਹਮਣੇ ਆ ਰਹੀ ਹੈ ਕਿ ਬਹੁਤਿਆਂ ਕਰਕੇ ਮੁੰਡਿਆਂ ਦਾ ਗਰਭ ਵਿਚ ਮੌਤ ਹੋ ਜਾਣਾ ਕੋਈ ਟੂਣਾ ਟੰਮਕਿਆਂ ਦਾ ਅਸਰ ਨਹੀਂ ਸਗੋਂ ਮੁੰਡਿਆਂ ਵਿਚ ਵਾਈ ਐਕਸ ਹੁੰਦਾ ਹੈ ਇਸ ਲਈ ਇਕ ਐਕਸ ਖ਼ਰਾਬ ਹੋਣ 'ਤੇ ਅਜਿਹਾ ਬੱਚਾ ਜਨਮ ਹੀ ਨਹੀਂ ਲੈ ਪਾਉਂਦਾ।

ਅਸਲ ਵਿਚ 1966 ਅੰਦਰ ਐਡਰਿਆਸ ਰੇਟ ਨਾਂ ਦੇ ਡਾਕਟਰ ਨੇ ਇਸ ਰੋਗ ਦੀ ਖੋਜ ਕੀਤੀ ਸੀ ਇਸ ਵਜ੍ਹਾ ਕਰਕੇ ਇਸ ਦਾ ਨਾਂ ਰੇਟ ਸਿੰਡਰੋਮ ਰੱਖਿਆ ਗਿਆ ਹੈ। ਡੀਐੱਨਏ ਜਾਂਚ ਤੋਂ ਇਸ ਰੋਗ ਦਾ ਪਤਾ ਚੱਲ ਜਾਂਦਾ ਹੈ। ਰੋਗ ਦੀ ਪਛਾਣ ਪਿੱਛੋਂ ਦਵਾਈ ਦਿੱਤੀ ਜਾਂਦੀ ਹੈ ਫਿਜੀਓਥੈਰੇਪੀ ਅਤੇ ਆਕਿਊਪੇਸ਼ਨ ਥੈਰੇਪੀ ਜ਼ਰੀਏ ਇਲਾਜ ਕੀਤਾ ਜਾਂਦਾ ਹੈ। ਧਿਆਨ ਦੇਣ ਦੀ ਲੋੜ ਹੈ ਕਿ ਇਸ ਰੋਗ ਦਾ ਸਟੀਕ ਇਲਾਜ ਅਜੇ ਵੀ ਉਪਲੱਬਧ ਨਹੀਂ ਹੈ। ਵਿਗਿਆਨੀ ਸਮਾਜ ਦੀ ਦਸ਼ਾ ਸੁਧਾਰਨ ਲਈ ਪ੍ਰਯਤਨਸ਼ੀਲ ਹਨ।

ਮੋਬਾਈਲ : 9815200134

# ਗ਼ਲਤ ਆਦਤਾਂ ਅੱਖਾਂ ਨੂੰ ਪਹੁੰਚਾ ਰਹੀਆਂ ਨੇ ਨੁਕਸਾਨ



ਅੱਖਾਂ ਸਰੀਰ ਦਾ ਅਨਮੋਲ ਹਿੱਸਾ ਹੈ। ਇਸ ਨਾਲ ਅਸੀਂ ਦੁਨੀਆ ਦਾ ਹਰ ਇਕ ਰੰਗ ਦੇਖ ਸਕਦੇ ਹਾਂ ਇਸ ਦੇ ਬਾਰੇ ਅਸੀ ਕਲਪਨਾ ਵੀ ਨਹੀਂ ਕਰ ਸਕਦੇ ਪਰ ਕਈ ਵਾਰ ਗ਼ਲਤੀ ਨਾਲ ਮਿੱਟੀ ਜਾਂ ਮੱਛਰ ਚੱਲਾ ਜਾਵੇ ਤਾਂ ਸੱਮਸਿਆ ਆ ਜਾਂਦੀ ਹੈ। ਸਾਡੀਆਂ ਕੁਝ-ਕੁ ਗ਼ਲਤੀਆਂ ਅੱਖਾਂ ਦਾ ਨੁਕਸਾਨ ਕਰ ਦਿੰਦੀਆਂ ਹਨ। ਆਓ ਜਾਣੀਏ ਅੱਖਾਂ ਨੂੰ ਕਿਸ ਤਰ੍ਹਾਂ ਦੀਆਂ ਚੀਜ਼ਾਂ ਨੁਕਸਾਨ ਪਹੁੰਚਾ ਸਕਦੀਆਂ ਹਨ।

### ਲੈਨਜ਼ ਲਗਾਉਣਾ

ਅੱਜ-ਕੱਲ੍ਹ ਲੋਕ ਫ਼ੈਸ਼ਨ ਦੇ ਤੌਰ 'ਤੇ ਵੀ ਲੈਨਜ਼ ਲੱਗਾ ਲੈਂਦੇ ਹਨ। ਹਰੀ, ਨੀਲੀ ਤੇ ਇਸ ਤੋਂ ਬਿਨਾ ਆਊਟਫਿਟ ਦੇ ਨਾਲ ਮੈਚਿੰਗ(ਨਾਲ ਮਿਲਦੇ) ਲੈਨਜ਼ ਲਗਾਉਣਾ ਆਮ ਜਿਹੀ ਗੱਲ ਹੋ ਗਈ ਹੈ। ਕਈ ਲੋਕ ਅੱਖਾਂ ਦੀ ਰੌਸ਼ਨੀ ਘੱਟ ਹੋਣ ਦੇ ਕਾਰਨ ਐਨਕਾਂ ਤੋਂ ਬਚਣ ਲਈ ਕਾਂਟੈਕਟ ਲੈਨਜ਼ ਲਗਾਉਂਦੇ ਹਨ। ਲੈਨਜ਼ ਲਗਾਉਣ ਲਈ ਸਾਫ਼- ਸਫ਼ਾਈ ਦਾ ਬਹੁਤ ਧਿਆਨ ਰੱਖਣਾ ਪੈਂਦਾ ਹੈ। ਥੋੜ੍ਹੀ ਜਿਹੀ ਵੀ ਗ਼ੰਦਗੀ ਹੋਣ ਨਾਲ ਅੱਖਾਂ 'ਚ ਇੰਫੈਕਸ਼ਨ ਹੋਣ ਦਾ ਡਰ ਰਹਿੰਦਾ ਹੈ। ਇਸ ਦਾ ਇਸਤੇਮਾਲ ਕਰ ਰਹੇ ਹੈ ਤਾਂ ਇਸ ਗੱਲ ਦਾ ਧਿਆਨ ਰੱਖੋ ਕਿ ਸਾਰਾ ਦਿਨ ਲੈਨਜ਼ ਨਾ ਲੱਗਾ ਕੇ ਰੱਖੋ। ਸੌਣ ਸਮੇਂ ਤੇ ਨਹਾਉਣ ਸਮੇਂ ਇਸ ਨੂੰ ਉਤਾਰ ਦੇਣਾ ਚਾਹੀਦਾ ਹੈ। ਗ਼ਲਤ ਆਈਡ੍ਰੋਪ ਕਈ ਵਾਰ ਅੱਖਾਂ 'ਚ ਖਾਰਿਸ਼ ਜਾਂ ਜਲਨ ਹੋਣ 'ਤੇ ਘਰ ਪਿਆ ਆਈਡ੍ਰੋਪ ਜਾਂ ਡਾਕਟਰ ਦੀ ਸਲਾਹ ਤੋਂ ਬਿਨਾ ਹੀ ਅਸੀਂ ਅੱਖਾਂ 'ਚ ਪਾ ਲੈਂਦੇ ਹਾਂ। ਆਈਡ੍ਰੋਪ ਅੱਖਾਂ 'ਚ ਪਾਉਣ ਤੋਂ ਪਹਿਲਾਂ ਚੰਗੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

### ਗੰਦੇ ਹੱਥਾਂ ਦਾ ਇਸਤੇਮਾਲ ਨਾ ਕਰੋ

*ਅੱਖਾਂ 'ਚ ਖਾਰਿਸ਼ ਹੋਣ ਨਾਲ ਇਨ੍ਹਾਂ ਨੂੰ ਗੰਦੇ ਹੱਥਾਂ ਨਾਲ ਮਲਣਾ ਹਾਨੀਕਾਰਕ ਹੋ ਸਕਦਾ ਹੈ। ਇਸ ਨਾਲ ਅੱਖਾਂ 'ਚ ਖਾਰਿਸ਼ ਤੇ ਲਾਲੀ ਆ ਸਕਦੀ ਹੈ।*

# ਫ਼ਾਇਦੇ ਮਸਾਲਿਆਂ ਦੇ

### ਹਿੰਗ

**ਕਈ** ਵਾਰ ਪੇਟ ਦਾ ਦਰਦ ਸਾਨੂੰ ਪ੍ਰੇਸ਼ਾਨ ਕਰਦਾ ਹੈ ਪਰ ਇਹ ਦਰਦ ਹਿੰਗ ਨੂੰ ਤੜਕਣ ਨਾਲ ਖਾਣੇ ਦਾ ਸੁਆਦ ਲਾਜਵਾਬ ਹੋ ਜਾਂਦਾ ਹੈ ਇਕ ਚਮਚ ਦੇਸੀ ਘਿਉ 'ਚ ਥੋੜ੍ਹੀ ਜਿਹੀ ਹਿੰਗ ਮਿਲਾ ਦੇ ਖਾਣ ਨਾਲ ਦਰਦ ਤੋਂ ਛੁਟਕਾਰਾ ਪਾ ਸਕਦੇ ਹਾਂ। ਇਸ ਤੋਂ ਬਿਨਾਂ ਕਾਲਾ ਨਮਕ, ਪੁਦੀਨੇ ਦਾ ਰਸ, ਨਿੰਬੂ ਦਾ ਰਸ, ਅਦਰਕ ਦਾ ਰਸ ਪੀਣ ਨਾਲ ਵੀ ਦਰਦ ਤੋਂ ਰਾਹਤ ਮਿਲਦੀ ਹੈ।

### ਦੰਦ ਦਾ ਦਰਦ

ਲੋਕ ਦੰਦਾਂ ਦੇ ਦਰਦ ਲਈ ਕਈ ਓਹੜ-ਪੋਹੜ ਕਰਦੇ ਹਨ। ਇਸ ਤੋਂ ਬਿਨਾ ਦੰਦ 'ਚ ਦਰਦ ਹੋਣ ਨਾਲ ਨਮਕ, ਕਾਲੀ ਮਿਰਚ ਤੇ ਪਾਣੀ ਦਾ ਪੇਸਟ ਬਣਾ ਕੇ ਦੰਦਾਂ 'ਤੇ ਲਗਾਉ। ਕੱਚਾ ਪਿਆਜ ਖਾਣ ਨਾਲ ਵੀ ਦੰਦਾਂ ਦਾ ਦਰਦ ਠੀਕ ਹੋ ਜਾਂਦਾ ਹੈ।

### ਦਵਾਈਆਂ ਤੋਂ ਜ਼ਿਆਦਾ ਵਰਤਿਆ ਜਾਂਦਾ ਹੈ ਮਸਾਲਾ

ਰਸੋਈ 'ਚ ਇਸਤੇਮਾਲ ਕੀਤਾ ਜਾਂਦਾ ਹੈ ਮਸਾਲਾ। ਖ਼ੁਸ਼ਬੂ ਦੇ ਨਾਲ-ਨਾਲ ਸੁਆਦ ਹੋਰ ਵੀ ਜ਼ਿਆਦਾ ਦਿੰਦਾ ਹੈ। ਮਸਾਲੇ ਤੋਂ ਬਿਨਾਂ ਖਾਣੇ ਨੂੰ ਅਧੂਰਾ ਮੰਨਿਆ ਜਾਂਦਾ ਹੈ ਪਰ ਤੁਸੀ ਜਾਣਦੇ ਹੋ ਕਿ ਇਹ ਸਿਰਫ਼ ਸੁਆਦ ਹੀ ਨਹੀਂ ਸਿਹਤ ਦੇ ਲਈ ਵੀ ਬਹੁਤ ਲਾਭਦਾਇਕ ਹੈ। ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਮਸਾਲਾ ਫ਼ਾਇਦੇਮੰਦ ਹੈ। ਵੱਖੋਂ -ਵੱਖਰੇ ਮਸਾਲੇ ਬਹੁਤ ਸਾਰੀਆਂ ਦਵਾਈਆਂ 'ਚ ਵਰਤੇ ਜਾਂਦੇ ਹਨ ਪਰ ਇਨ੍ਹਾਂ ਨੂੰ ਮਾਹਰ ਦੀ ਸਲਾਹ ਤੋਂ ਬਿਨਾਂ ਕਦੇ ਨਾ ਵਰਤੋਂ।

# ਔਰਤਾਂ ਲਈ ਫ਼ਾਇਦੇਮੰਦ ਹੈ ਇਹ ਯੋਗ ਆਸਣ

ਯੋਗ ਆਸਣ ਦਾ ਸਿੱਧਾ ਤਾਲੁਕ ਸਾਡੇ ਸਰੀਰ ਅਤੇ ਸਿਹਤ ਨਾਲ ਹੁੰਦਾ ਹੈ। ਇਸ ਲਈ ਇਹ ਬਹੁਤ ਲਾਭਦਾਇਕ ਹੈ। ਇਸ ਨਾਲ ਅੱਜ-ਕੱਲ੍ਹ ਦੇ ਲਾਈਫ਼ਸਟਾਈਲ ਕਾਰਨ ਹੋਣ ਵਾਲੀਆਂ ਕਈ ਬਿਮਾਰੀਆਂ ਕੰਟਰੋਲ ਹੋ ਸਕਦੀਆਂ ਹਨ। ਸਿਰਫ਼ ਇਹ ਹੀ ਨਹੀਂ, ਔਰਤਾਂ ਵੀ ਇਸ ਦਾ ਫ਼ਾਇਦਾ ਲੈ ਸਕਦੀਆਂ ਹਨ। ਇਸ ਨਾਲ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ। ਇਸ ਨੂੰ ਕਰਨ ਤੋਂ ਯੋਗ ਮਾਹਿਰਾਂ ਦੀ ਸਲਾਹ ਜ਼ਰੂਰ ਲੈ ਲਓ...

### ਮਾਰਜਆਸਣ

- ਇਸ ਆਸਣ ਨੂੰ ਅਭਿਆਸ ਨਾਲ ਆਪਣੀ ਗਰਦਨ, ਮੋਢੇ ਅਤੇ ਪਿੱਠ 'ਚ ਜ਼ਿਆਦਾ ਲਚਕੀਲਾਪਨ ਆਉਂਦਾ ਹੈ।
- ਜ਼ਮੀਨ 'ਤੇ ਮੈਟ ਵਿਛਾ ਲਓ ਅਤੇ ਇਸ 'ਤੇ ਆਪਣੇ ਗੋਡੇ ਟਿਕਾ ਲਓ। ਅੱਗੇ ਤੋਂ ਝੁੱਕੋ ਅਤੇ ਆਪਣੇ ਹੱਥਾਂ ਨੂੰ ਵੀ ਜ਼ਮੀਨ 'ਤੇ ਰੱਖੋ। ਬਿਲਕੁਲ ਅਜਿਹੇ ਹੀ ਜਿਵੇਂ ਹੀ ਕੋਈ ਬੱਚਾ ਕ੍ਰਾਲ ਕਰਨਾ ਸ਼ੁਰੂ ਕਰਦਾ ਹੈ। ਇਸ ਸਥਿਤੀ 'ਚ ਆਪਣੀਆਂ ਬਾਹਾਂ ਨੂੰ ਸਿੱਧਾ ਰੱਖੋ।
- ਗਹਿਰਾ ਸਾਹ ਲਓ, ਆਪਣੀ ਪਿੱਠ ਨੂੰ ਅੰਦਰ ਲਿਜਾਓ ਅਤੇ ਉੱਪਰ ਦੇਖੋ। ਇਸ ਮੁਦਰਾ 'ਚ ਤਿੰਨ ਸੈਕਿੰਡ ਤਕ ਰਹੋ।
- ਹੁਣ ਵਾਪਸ ਉਸੇ ਸਥਿਤੀ 'ਚ ਆ ਜਾਓ, ਜਿੱਥੋਂ ਸ਼ੁਰੂਆਤ ਕੀਤੀ ਸੀ।
- ਇਹ ਪਹਿਲਾ ਰਾਊਂਡ ਸੀ। ਅਜਿਹੇ ਤੁਸੀਂ 10 ਰਾਊਂਡ ਕਰੋ।

### ਭੁਜੰਗਆਸਣ

- ਪੇਟ ਭਾਰ ਲੰਮੇ ਪਓ। ਤੁਹਾਡੇ ਪੈਰਾਂ ਦੀਆਂ ਤਲੀਆਂ 'ਚ ਗੈਪ ਹੋਵੇ ਪਰ ਪੈਰਾਂ ਦੇ ਅੰਗੂਠੇ ਜੋੜ ਲਓ। ਆਪਣੇ ਮੱਥੇ ਨੂੰ ਜ਼ਮੀਨ 'ਤੇ ਲੱਗਣ ਦਿਓ ਅਤੇ ਆਪਣੇ ਹੱਥਾਂ ਨੂੰ ਜ਼ਮੀਨ 'ਤੇ ਫਲੈਟ ਕਰ ਲਓ।
- ਇਸ ਆਸਣ ਦੇ ਅਭਿਆਸ ਨਾਲ ਤੁਹਾਡੇ ਪੇਟ ਦੀ ਚਰਬੀ ਘੱਟ ਹੁੰਦੀ ਹੈ, ਪਿੱਠ ਮਜ਼ਬੂਤ ਬਣਦੀ ਹੈ, ਕਈ ਰੋਗਾਂ ਨੂੰ ਆਰਾਮ ਮਿਲਦਾ ਹੈ ਅਤੇ ਕਬਜ਼ ਦੀ ਸਮੱਸਿਆ ਤੋਂ ਵੀ ਛੁਟਕਾਰਾ ਮਿਲਦਾ ਹੈ।
- ਸਾਹ ਲਓ, ਆਪਣੀ ਛਾਤੀ ਤੋਂ ਅੱਗੇ ਵੱਲ ਸਲਾਈਡ ਕਰੋ, ਉੱਪਰ ਦੇਖੋ। ਆਪਣੀ ਛਾਤੀ ਅਤੇ ਮੋਢਿਆਂ ਨੂੰ ਵੀ ਚੁੱਕੋ।
- ਤੁਹਾਡੀਆਂ ਕੋਹਣੀਆਂ ਥੋੜ੍ਹੀਆਂ ਮੁੜੀਆਂ ਹੋਈਆਂ ਹੋਣ ਪਰ ਸਰੀਰ ਅਤੇ ਕੋਹਣੀਆਂ 'ਚ ਜ਼ਿਆਦਾ ਅੰਤਰ ਨਾ ਹੋਵੇ।
- ਇਸ ਸਥਿਤੀ 'ਚ ਰਹਿਣ ਲਈ ਆਪਣੇ ਹੱਥਾਂ ਦਾ ਸਹਾਰਾ ਲਓ।
- ਸਾਹ ਛੱਡੋ ਅਤੇ ਉਸ ਸਥਿਤੀ 'ਚ ਆਓ, ਜਿੱਥੋਂ ਸ਼ੁਰੂਆਤ ਕੀਤੀ ਸੀ।

### ਕੁੰਭਾਸਣ

- ਇਸ ਸਥਿਤੀ ਦੇ ਅਭਿਆਸ ਨਾਲ ਤੁਸੀਂ ਬਾਂਹ, ਮੋਢੇ ਅਤੇ ਪਿੱਠ ਨੂੰ ਮਜ਼ਬੂਤੀ ਮਿਲੇਗੀ।
- ਪੇਟ ਭਾਰ ਲੇਟ ਜਾਓ। ਆਪਣੇ ਹੱਥ ਵੀ ਜ਼ਮੀਨ 'ਤੇ ਰੱਖੋ ਅਤੇ ਪੈਰਾਂ ਦੇ ਅੰਗੂਠੇ ਅੰਦਰ ਵੱਲ ਰੱਖੋ ਤੇ ਪੈਰਾਂ ਦੀਆਂ ਅੱਡੀਆਂ ਜੁੜੀਆਂ ਹੋਈਆਂ ਚਾਹੀਦੀਆਂ ਹਨ।
- ਇਸ ਸਥਿਤੀ 'ਚ ਆਪਣੀ ਛਾਤੀ ਚੁੱਕੋ ਅਤੇ ਫਿਰ ਪੇਟ।
- ਇਸ ਤੋਂ ਬਾਅਦ ਇਸ ਸਥਿਤੀ 'ਚ ਕਮਰ (ਲੱਕ) ਉਠਾਓ ਅਤੇ ਹੱਥਾਂ ਸਹਾਰੇ ਖੜ੍ਹੇ ਰਹੋ। ਹੌਲੀ ਹੌਲੀ ਸਾਹ ਲਓ ਅਤੇ 30-60 ਸੈਕਿੰਡ ਤਕ ਇਸ ਸਥਿਤੀ 'ਚ ਰਹੋ।
- ਫਿਰ ਉਸ ਸਥਿਤੀ 'ਚ ਆ ਜਾਓ, ਜਿੱਥੋਂ ਸ਼ੁਰੂਆਤ ਕੀਤੀ ਸੀ।

### ਸ਼ਸ਼ਾਂਆਸਣ

- ਇਸ ਆਸਣ ਦੇ ਅਭਿਆਸ ਨਾਲ ਰੀੜ ਦੀ ਹੱਡੀ ਮਜ਼ਬੂਤ ਹੁੰਦੀ ਹੈ, ਪਿੱਠ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ।
- ਆਪਣੇ ਮੋਢਿਆਂ ਦੇ ਭਾਰ, ਪੈਰ ਦੀਆਂ ਅੱਡੀਆਂ 'ਤੇ ਬੈਠ ਜਾਓ ਅਤੇ ਗੋਡੇ ਜੋੜ ਲਓ।
- ਤੁਹਾਡਾ ਸਿਰ ਅਤੇ ਪਿੱਠ ਸਿੱਧੀ ਹੋਣੀ ਚਾਹੀਦੀ ਹੈ।
- ਸਾਹ ਲਓ, ਆਪਣੇ ਹੱਥ ਸਿਰ ਉੱਪਰ ਲੈ ਜਾਓ ਅਤੇ ਸਿੱਧੇ ਰੱਖੋ। ਹੱਥ ਸਾਹਮਣੇ ਵੱਲ ਰੱਖੋ।
- ਸਾਹ ਛੱਡੋ ਅਤੇ ਹੌਲੀ-ਹੌਲੀ ਅੱਗੇ ਪਾਸੇ ਝੁਕਣਾ ਸ਼ੁਰੂ ਕਰ ਦਿਓ ਪਰ ਬਾਹਾਂ ਮੋੜੋ ਨਾ ਅਤੇ ਹੱਥ ਸਿੱਧੇ ਰਹਿਣ ਦਿਓ।
- ਹੁਣ ਤੁਹਾਡਾ ਮੱਥਾ ਜ਼ਮੀਨ ਨੂੰ ਛੂਵੇਗਾ ਅਤੇ ਹੱਥ ਜ਼ਮੀਨ 'ਤੇ ਫਲੈਟ ਰਹਿਣਗੇ ਪਰ ਹੱਥ ਸਿੱਧੇ ਰੱਖੋ।
- ਹੌਲੀ-ਹੌਲੀ ਸਾਹ ਲੈਂਦੇ ਰਹੋ ਅਤੇ 10 ਸੈਕਿੰਡ ਤਕ ਇਸ ਸਥਿਤੀ 'ਚ ਰਹੋ।
- ਹੁਣ ਸਾਹ ਲੈਂਦੇ ਹੋਏ ਉਸ ਸਥਿਤੀ 'ਚ ਆਓ, ਜਿੱਥੋਂ ਸ਼ੁਰੂਆਤ ਕੀਤੀ ਸੀ।
- ਇਸ ਤਰ੍ਹਾਂ ਲਗਾਤਾਰ ਅਭਿਆਸ ਕਰੋ।



# ਟੀਬੀ ਰੋਗ ਦੇ ਲੱਛਣ ਆਯੁਰਵੈਦਿਕ ਤੇ ਇਲੈਕਟ੍ਰੋਹੋਮਿਓਪੈਥੀ 'ਚ ਇਲਾਜ

ਡਾ. ਅਮਰੀਕ ਸਿੰਘ ਕੰਡਾ

ਟੀਬੀ ਰੋਗ ਸੰਕਾਰਮਿਕ ਰੋਗ ਹੈ। ਤਪਦਿਕ ਦੇ ਮੂਲ ਲੱਛਣਾਂ 'ਚ ਖ਼ਾਂਸੀ ਦਾ ਤਿੰਨ ਹਫ਼ਤੇ ਤੋਂ ਜ਼ਿਆਦਾ ਰਹਿਣਾ, ਥੁੱਕ ਦਾ ਰੰਗ ਬਦਲ ਜਾਣਾ, ਥੁੱਕ 'ਚ ਖ਼ੂਨ ਆਉਣਾ, ਬੁਖ਼ਾਰ, ਥਕਾਨ, ਸੀਨੇ 'ਚ ਦਰਦ, ਭੁੱਖ ਘੱਟ ਲੱਗਣਾ ਸਾਹ ਲੈਣ ਵੇਲੇ ਖੰਘਣ ਵੇਲੇ ਦਰਦ ਹੋਣਾ। ਟੀਬੀ ਕੋਈ ਹੈਰੀਡਿਟੀ ਰੋਗ ਨਹੀਂ ਹੈ। ਇਹ ਕਿਸੇ ਨੂੰ ਵੀ ਹੋ ਸਕਦਾ ਹੈ। ਜਦੋਂ ਕੋਈ ਤੰਦਰੁਸਤ ਆਦਮੀ ਤਪਦਿਕ ਵਾਲੇ ਆਦਮੀ ਕੋਲ ਜਾਂਦਾ ਹੈ। ਉਸਦੇ ਖੰਘਣ ਨਾਲ ਜੀਵਾਣੂ ਹਵਾ 'ਚ ਫੈਲ ਜਾਂਦੇ ਹਨ। ਤੰਦਰੁਸਤ ਵਿਅਕਤੀ ਸਾਹ ਦੁਆਰਾ ਜੀਵਾਣੂ ਅੰਦਰ ਚਲੇ ਜਾਂਦੇ ਹਨ। ਇਸ ਤੋਂ ਇਲਾਵਾ ਜਿਹੜੇ ਲੋਕ ਜ਼ਿਆਦਾ ਮਾਤਰਾ 'ਚ ਸ਼ਰਾਬ, ਸਿਗਰਟ ਦਾ ਸੇਵਨ ਕਰਦੇ ਹਨ ਉਨ੍ਹਾਂ ਨੂੰ ਇਸ ਰੋਗ ਦੇ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਰੋਗ ਤੋਂ ਬਚਣ ਲਈ ਸਾਫ਼-ਸਫ਼ਾਈ ਰੱਖੋ ਤੇ ਹਾਈਜੀਨਕ ਚੀਜ਼ਾਂ ਖਾਉ। ਜੇ ਕਿਸੇ ਨੂੰ ਇਹ ਰੋਗ ਹੋ ਗਿਆ ਹੈ ਤਾਂ ਤਰੁੰਤ ਆਪਣਾ ਥੁੱਕ ਦੀ ਜਾਂਚ ਕਰਵਾਓ। ਡਬਲਯੂ ਐੱਚ.ਓ ਦੁਆਰਾ ਡਾਟਸ ਡਰਿਕਟਲੀ ਆਬਸਰਵਡ ਟਰੀਟਮੈਂਟ ਦੇ ਅੰਤਰਗਰਤ ਆਪਣਾ ਇਲਾਜ ਕਰਵਾ ਕੇ ਪੂਰੀ ਤਰ੍ਹਾਂ ਠੀਕ ਹੋਣ ਦੀ ਪਹਿਲ ਕਰੋ। ਲੇਕਿਨ ਇਕ ਗੱਲ ਦਾ ਖ਼ਾਸ ਧਿਆਨ ਰੱਖਣਾ ਜ਼ਰੂਰੀ ਹੈ ਕਿ ਟੀਬੀ ਦਾ ਇਲਾਜ ਅੱਧਾ ਕਰ ਕੇ ਨਹੀਂ ਛੱਡਣਾ ਚਾਹੀਦਾ।

### ਟੀਬੀ ਦੇ ਲੱਛਣ

ਲੱਛਣਾਂ ਦੀ ਗੱਲ ਕਰੀਏ ਤਾਂ ਥਕਾਵਟ ਇਸਦਾ ਮੁੱਖ ਕਾਰਨ ਹੈ। ਖ਼ਾਂਸੀ ਲੱਗੀ ਰਹਿੰਦੀ ਹੈ। ਬਿਮਾਰੀ ਜ਼ਿਆਦਾ ਵੱਧਣ ਨਾਲ ਖ਼ਾਂਸੀ ਨਾਲ ਬਲਗਮ 'ਚ ਖ਼ੂਨ ਦੇ ਰੇਸ਼ੇ ਵੀ ਆਉਂਦੇ ਹਨ। ਸਾਹ ਛੋਟਾ ਹੋਣਾ ਇਸਦੇ ਲੱਛਣ ਹਨ। ਬੁਖ਼ਾਰ ਬਣਿਆ ਰਹਿੰਦਾ ਹੈ ਜਾਂ ਵਾਰ-ਵਾਰ ਹੁੰਦਾ ਹੈ। ਭਾਰ ਘੱਟ ਹੋਣ ਲਗਦਾ ਹੈ। ਰਾਤ ਨੂੰ ਜ਼ਿਆਦਾ ਪਸੀਨਾ ਆਉਂਦਾ ਹੈ। ਛਾਤੀ ਗੁਰਦੇ ਤੇ ਪਿੱਠ ਦਰਦ ਹੁੰਦਾ ਰਹਿੰਦਾ ਹੈ ।

### ਆਯੁਰਵੈਦਿਕ ਘਰੇਲੂ ਇਲਾਜ

ਸ਼ਹਿਦ 200 ਗ੍ਰਾਮ, ਮਿਸ਼ਰੀ 200 ਗ੍ਰਾਮ, ਗਾਂ ਦਾ ਘਿਉ 100 ਗ੍ਰਾਮ ਲੈ ਕੇ ਤਿੰਨਾਂ ਨੂੰ ਮਿਲਾਉ। ਛੇ-ਛੇ ਗ੍ਰਾਮ ਕਈ ਦਿਨ 'ਚ ਦਸ ਵਾਰ ਚਟਾਉ। ਗਾਂ ਜਾਂ ਬੱਕਰੀ ਦਾ ਦੁੱਧ ਪਿਲਾਉ। ਤਪਦਿਕ ਦਾ ਰੋਗ ਮਾਤਰ ਇਕ ਹਫ਼ਤੇ 'ਚ ਜੜ੍ਹ ਤੋਂ ਖ਼ਤਮ ਹੋ ਜਾਵੇਗਾ ।

- ਪਿੱਪਲ ਦੇ ਪਚਾਂਗ ਦੀ ਰਾਖ਼ 10 ਗ੍ਰਾਮ ਤੋਂ 10 ਗ੍ਰਾਮ ਤਕ ਬੱਕਰੀ ਦੇ ਗ਼ਰਮ ਦੁੱਧ ਚ ਮਿਲਾ ਕੇ ਹਰ ਰੋਜ਼ ਸੇਵਨ ਕਰਨ ਨਾਲ ਇਹ ਰੋਗ ਜੜ੍ਹ ਤੋਂ ਖ਼ਤਮ ਹੋ ਜਾਵੇਗਾ। ਇਸ 'ਚ ਜ਼ਰੂਰਤ ਅਨੁਸਾਰ ਮਿਸ਼ਰੀ ਜਾਂ ਸ਼ਹਿਦ ਮਿਲਾਓ।
- ਪੱਥਰ ਦੇ ਕੋਇਲੇ ਦੀ ਰਾਖ਼ ਜਿਹੜੀ ਕਿ ਇਕ ਦਮ ਸਫ਼ੈਦ ਹੋਵੇ ਅੱਧਾ ਗ੍ਰਾਮ ਮੱਖਣ ਮਲਾਈ ਜਾਂ ਦੁੱਧ ਨਾਲ ਸ਼ਾਮ ਨੂੰ ਖਾਓ। ਇਸ ਨਾਲ ਆਰਾਮ ਮਿਲੇਗਾ। ਟੀਬੀ ਦੇ ਜਿੰਨ੍ਹਾਂ ਮਰੀਜ਼ਾਂ ਦੇ ਫੇਫੜਿਆਂ 'ਚ ਖ਼ੂਨ ਆਉਂਦਾ ਹੈ ਉਨ੍ਹਾਂ ਲਈ ਇਹ ਨੁਸਖਾ ਬਹੁਤ ਲਾਭਕਾਰੀ ਹੈ ।
- ਲ਼ਸਣ ਦਾ ਐਲੀਸਿਨ ਤੱਤਵ ਟੀਬੀ ਦੇ ਜੀਵਾਣੂਆਂ ਨੂੰ ਰੋਕਦਾ ਹੈ। ਇਕ ਕੱਪ ਦੁੱਧ 'ਚ ਚਾਰ ਕੱਪ ਪਾਣੀ ਮਿਲਾ ਕੇ ਲਸਣ ਦੀਆਂ ਪੰਜ ਤੋਂ ਦਸ ਕਲੀਆਂ ਪੀਸ ਕੇ ਇਸ 'ਚ ਉਬਾਲੋ। ਜਦੋਂ ਚੌਥਾ ਹਿੱਸਾ ਰਹਿ ਜਾਵੇ ਇਸਨੂੰ ਅੱਗ ਤੋਂ ਉਤਾਰ ਲਓ ਤੇ ਠੰਢਾ ਹੋਣ 'ਤੇ ਪੀ ਲਓ। ਇਸ ਤਰ੍ਹਾਂ ਦਿਨ 'ਚ ਤਿੰਨ ਵਾਰ ਕਰਨਾ ਹੈ। ਦੂਜਾ ਤਰੀਕਾ ਇਹ ਹੈ ਕਿ ਇਕ ਗਲਾਸ ਗਰਮ ਦੁੱਧ 'ਚ ਲਸਣ ਦੀਆਂ ਦੱਸ ਬੂੰਦਾਂ ਪਾ ਕੇ ਰਾਤ ਨੂੰ ਸੌਣ ਵੇਲੇ ਪੀਓ।
- ਕੇਲਾ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੈ। ਪੱਕਾ ਕੇਲਾ ਅੱਧਾ ਕੱਪ ਦਹੀਂ ਤੇ ਇਕ ਕੱਪ ਨਾਰੀਅਲ ਪਾਣੀ 'ਚ ਮੈਸ਼ ਕਰ ਕੇ ਇਕ ਚਮਚ ਸ਼ਹਿਦ ਮਿਲਾਉ ਦਿਨ 'ਚ ਦੋ ਵਾਰ ਦਿਓ।
- ਸੰਤਰਾ ਫੇਫੜਿਆਂ ਲਈ ਬਹੁਤ ਹੀ ਲਾਭਕਾਰੀ ਹੈ। ਇਹ ਇਮਇਊਨ ਸਿਸਟਮ ਨੂੰ ਤਾਕਤ ਦਿੰਦਾ ਹੈ ਅਤੇ ਜ਼ੁਕਾਮ ਨੂੰ ਬੜੀ ਆਸਾਨੀ ਨਾਲ ਬਾਹਰ ਕੱਢਦਾ ਹੈ। ਇਕ ਗਲਾਸ ਸੰਤਰੇ ਦੇ ਜੂਸ 'ਚ ਚੁਟਕੀ ਸੇਂਧਾ ਨਮਕ ਤੇ ਇਕ ਵੱਡਾ ਚਮਚ ਸ਼ਹਿਦ ਦਾ ਚੰਗੀ ਤਰ੍ਹਾਂ ਮਿਲਾਓ ਸਵੇਰੇ ਸ਼ਾਮ ਪੀਓ ਤੁਹਾਨੂੰ ਲਾਭ ਮਿਲੇਗਾ।
- ਕਹਿੰਦੇ ਨੇ ਆਂਵਲਾ ਆਪਣੇ ਆਪ 'ਚ ਗੁਣਾਂ ਦੀ ਖ਼ਾਨ ਹੈ। ਚਾਰ ਪੰਜ ਆਂਵਲਿਆਂ ਦਾ ਜੂਸ ਕੱਢ ਕੇ ਸਵੇਰੇ ਖ਼ਾਲੀ ਪੇਟ ਲੈਣ ਨਾਲ ਟੀਬੀ ਤਪਦਿਕ ਰੋਗ ਜੜ੍ਹੋਂ ਖ਼ਤਮ ਹੁੰਦੇ ਹਨ। ਇਸ 'ਚ ਗਾਜ਼ਰ ਚੁਕੰਦਰ ਵੀ ਪਾ ਸਕਦੇ ਹੋ।
- ਕਾਲੀ ਮਿਰਚ, ਗਲੋਅਸਤ, ਛੋਟੀ ਇਲਾਇਚੀ ਦੇ ਦਾਣੇ, ਅਸਲੀ ਵੰਸਲੋਚਨ ਆਦਿ ਨੂੰ ਬਾਰੀਕ ਕੁੱਟ ਕੇ ਕੱਪੜਛਾਣ ਕਰ ਕੇ ਸਵੇਰੇ ਦੁਪਿਹਰੇ ਸ਼ਾਮ ਇਕ ਰੱਤੀ ਮੱਖਣੀ ਜਾਂ ਮਲਾਈ 'ਚ ਰੱਖ ਕੇ ਦੇਣ ਨਾਲ ਟੀਬੀ ਦੀ ਬਿਮਾਰੀ ਜੜ੍ਹੋਂ ਖ਼ਤਮ ਹੋ ਜਾਵੇਗੀ।
- ਵਿਟਾਮਿਨ-ਸੀ ਟੀਬੀ ਨੂੰ ਖ਼ਤਮ ਕਰਦਾ ਹੈ ਆਪਣੇ ਭੋਜਨ ਆਂਵਲਾ, ਨਿੰਬੂ, ਸੰਤਰਾ, ਕੀਨੂੰ ਆਦਿ ਨੂੰ ਸ਼ਾਮਿਲ ਕਰੋ ।
- ਅੱਧਾ ਕੱਪ ਪਿਆਜ਼ ਦੇ ਰਸ ਵਿਚ ਚੁਟਕੀ ਹਿੰਗ ਪਾ ਕੇ ਸਵੇਰੇ ਸ਼ਾਮ ਖ਼ਾਲੀ ਪੇਟ ਲਗਾਤਾਰ ਇਕ ਹਫ਼ਤਾ ਲਓ ।



ਇਲੈਕਟਰੋਹੋਮਿਓਪੈਥੀ ਦੀ ਖ਼ਾਸੀਅਤ ਹੈ ਕਿ ਇਸ 'ਚ ਨਾ ਕੋਈ ਕੈਮੀਕਲ ਹੈ ਨਾ ਕਾਰਬਨ ਹੈ ਨਾ ਕਿਸੇ ਕਿਸਮ ਦਾ ਕੋਈ ਨਸ਼ਾ ਜਾਂ ਅਲਕੋਹਲ ਹੈ। ਇਹ ਪਹਾੜਾਂ ਦੀਆਂ ਕੁਦਰਤੀ ਜੜੀਆਂ ਬੂਟੀਆਂ ਦਾ ਅਰਕ ਹੁੰਦਾ ਹੈ। ਇਲੈਕਟਰੋਹੋਮਿਓਪੈਥੀ ਦੁਆਰਾ ਹਮੇਸ਼ਾਂ ਲਈ ਪੱਕਾ ਇਲਾਜ ਕਰਨ ਦਾ ਨੁਸਖਾ ਨੋਟ ਕਰ ਲਓ। ਪੀ.ਵੰਨ, ਬਲਿਊ ਇਲੈੱਕਟਰਸਿਟੀ ਖਾਣੇ ਤੋਂ ਪਹਿਲਾਂ ਅਤੇ ਐੱਫ਼.ਵੰਨ, ਸੀ ਸਤਾਰਾਂ, ਗਰੀਨ ਇਲੈਕਟਰਸਿਟੀ ਖਾਣੇ ਤੋਂ ਬਾਅਦ ਅਤੇ ਆਰ. ਥ੍ਰੀ ਡਰਾਪਸ ਜਾਂ ਗੋਲੀ ਸਵੇਰੇ ਸ਼ਾਮ ਲੈ ਸਕਦੇ ਹੋ। ਇਹ ਅੰਮ੍ਰਿਤ ਰੂਪੀ ਦਵਾਈ ਪੀਓ ਤੇ ਖਾਓ। ਇਸ ਨੂੰ ਲਗਾਤਾਰ ਤਿੰਨ ਤੋਂ ਚਾਰ ਮਹੀਨੇ ਖਾਓ ਨਾਲ ਉਪਰ ਦਿੱਤੇ ਪਰਹੇਜ ਰੱਖੋ।

# ਭਾਰਤੀਆਂ ਵਲੋਂ 53 ਮਿਲੀਅਨ ਡਾਲਰ ਦੀ ਧੋਖਾਧੜੀ

ਨਿਊ ਯੌਰਕ: ਅਮਰੀਕਾ ’ਚ ਧੋਖਾਧੜੀ ਦੇ ਇੱਕ ਮਾਮਲੇ ’ਚ 14 ਲੋਕਾਂ ’ਤੇ ਦੋਸ਼ ਲਗਾਏ ਹਨ ਜਿਨ੍ਹਾਂ ’ਚ ਜ਼ਿਆਦਾਤਰ ਭਾਰਤੀ ਮੂਲ ਦੇ ਹਨ। ਜਾਣਕਾਰੀ ਮੁਤਾਬਿਕ ਉਨ੍ਹਾਂ ਨੂੰ ਕੋਵਿਡ ਦੇ ਵਿੱਤੀ ਪ੍ਰੋਗਰਾਮ ’ਚ ਧੋਖਾਧੜੀ ਕਰਨ ਅਤੇ ਕਈ ਵਿੱਤੀ ਸੰਸਥਾਵਾਂ ’ਤੇ 53 ਮਿਲੀਅਨ ਡਾਲਰ ਤੋਂ ਵੱਧ ਦੇ ਕਰਜ਼ ਰਾਸ਼ੀ ਦੀ ਦੁਰਵਰਤੋਂ ਕਰਨ ਲਈ ਚਾਰਜ ਕੀਤਾ ਗਿਆ ਹੈ।




**ਪੇਚੈਕ ਪ੍ਰੋਟੈਕਸ਼ਨ ਪ੍ਰੋਗਰਾਮ ਜ਼ਰੀਏ ਕੀਤੀ ਧੋਖਾਧੜੀ**

ਟੈਕਸਸ ਦੇ ਉੱਤਰੀ ਜ਼ਿਲ੍ਹੇ ਲਈ ਅਮਰੀਕੀ ਅਟਰਨੀ ਨੇ ਐਲਾਨ ਕੀਤਾ ਕਿ ਪ੍ਰਤੀਵਾਦੀਆਂ ਨੂੰ ਪਿਛਲੇ ਹਫ਼ਤੇ ਟੈਕਸਸ, ਕੈਲੇਫ਼ੋਰਨੀਆ ਅਤੇ ਓਕਲਾਹੋਮਾ ’ਚ ਮਹਾਂਮਾਰੀ ਪ੍ਰਤੀਕਿਰਿਆ ਜਵਾਬਦੇਹੀ ਕਮੇਟੀ (PAC) ਫ਼ਰਾਡ ਟਾਸਕ ਫ਼ੋਰਸ ਦੁਆਰਾ ਜਾਂਚ ਕੀਤੇ ਗਏ ਸਭ ਤੋਂ ਵੱਡੇ ਮਾਮਲਿਆਂ ’ਚੋਂ ਇੱਕ ’ਚ ਗ੍ਰਿਫ਼ਤਾਰ ਕੀਤਾ ਗਿਆ।

ਅਟਰਨੀ ਲੀਗਾ ਸਿਮੰਟਨ ਨੇ ਕਿਹਾ, “ਇਨ੍ਹਾਂ ਪ੍ਰਤੀਵਾਦੀਆਂ ਨੇ ਕਥਿਤ ਤੌਰ ’ਤੇ ਪੇਚੈਕ ਪ੍ਰੋਟੈਕਸ਼ਨ ਪ੍ਰੋਗਰਾਮ ਤੋਂ ਲੱਖਾਂ ਡਾਲਰਾਂ ਦੀ ਚੋਰੀ ਕਰਨ ਦੀ ਸਾਜ਼ਿਸ਼ ਰਚੀ - ਜੋ ਫ਼ੰਡ ਜਾਇਜ਼ ਕਾਰੋਬਾਰਾਂ ਨੂੰ ਉਨ੍ਹਾਂ ਦੇ ਬਿੱਲਾਂ ਦਾ ਭੁਗਤਾਨ ਕਰਨ ਅਤੇ ਆਪਣੇ ਕਰਮਚਾਰੀਆਂ ਨੂੰ ਬਚਾਏ ਰੱਖਣ ’ਚ ਮਦਦ ਕਰ ਸਕਦੇ ਸਨ।”ਜ਼ਿਕਰਯੋਗ ਹੈ ਕਿ ਪੇਚੈਕ ਪ੍ਰੋਟੈਕਸ਼ਨ ਪ੍ਰੋਗਰਾਮ ਨੇ ਛੋਟੇ ਕਾਰੋਬਾਰਾਂ ਨੂੰ ਪੇਰੋਲ, ਕਿਰਾਏ ਅਤੇ ਹੋਰ ਕੁੱਝ ਖ਼ਾਸ ਕਾਰੋਬਾਰੀ ਖ਼ਰਚਿਆਂ ਨੂੰ ਪੂਰਾ ਕਰਨ ਲਈ ਮੁਆਫ਼ੀਯੋਗ ਕਰਜ਼ੇ ਪ੍ਰਦਾਨ ਕੀਤੇ ਸਨ; ਪ੍ਰੋਗਰਾਮ ਮਈ 2021 ’ਚ ਸਮਾਪਤ ਹੋਇਆ ਸੀ।

28 ਜੂਨ ਨੂੰ ਖੋਲ੍ਹੇ ਗਏ ਦੋਸ਼ਾਂ ਦੀ ਇੱਕ ਲੜੀ ਦੇ ਅਨੁਸਾਰ ਕਈ ਚਾਰਜ ਕੀਤੇ ਗਏ ਪ੍ਰਤੀਵਾਦੀਆਂ ਨੇ ਕਥਿਤ ਤੌਰ ’ਤੇ ਸਬੰਧਤ ਰੀਸਾਈਕਲਿੰਗ ਕੰਪਨੀਆਂ ਦੇ ਇੱਕ ਸਮੂਹ ਨੂੰ ਸੰਚਾਲਿਤ ਕੀਤਾ। ਉਨ੍ਹਾਂ ਨੇ ਕਥਿਤ ਤੌਰ ’ਤੇ ਘੱਟੋ-ਘੱਟ 29 ਪੇਚੈਕ ਪ੍ਰੋਟੈਕਸ਼ਨ ਪ੍ਰੋਗਰਾਮ (PPP) ਲੋਨ ਅਰਜ਼ੀਆਂ ਜਮ੍ਹਾਂ ਕੀਤੀਆਂ ਸਨ ਜਿਨ੍ਹਾਂ ਨੇ ਵਪਾਰਕ ਆਮਦਨ ਨੂੰ ਝੂਠੇ ਰੂਪ ’ਚ ਦਰਸਾਉਣ ਲਈ ਪੇਰੋਲ ਖ਼ਰਚਿਆਂ, ਡਾਕਟਰੀ ਬੈਂਕ ਸਟੇਟਮੈਂਟਾਂ ਅਤੇ ਅੰਦਰੂਨੀ ਮਾਲੀਆ ਸੇਵਾ ਟੈਕਸ ਫ਼ਾਰਮਾਂ ’ਚ ਧੋਖਾਧੜੀ ਕੀਤੀ। ਫ਼ਿਰ ਉਨ੍ਹਾਂ ਨੇ ਪੇਰੋਲ ਖ਼ਰਚਿਆਂ ਦਾ ਝੂਠਾ ਪੇਪਰ ਬਣਾਉਣ ਲਈ PPP ਲੋਨ ਫ਼ੰਡਾਂ ਨੂੰ ਬੈਂਕ ਖਾਤਿਆਂ ਦੀ ਇੱਕ ਲੜੀ ਰਾਹੀਂ ਟਰਾਂਸਫ਼ਰ ਕੀਤਾ। ਘੱਟੋ-ਘੱਟ ਦੋ ਪ੍ਰਤੀਵਾਦੀਆਂ ਨੇ ਆਪਣੀਆਂ ਕਥਿਤ ਰੀਸਾਈਕਲਿੰਗ ਕੰਪਨੀਆਂ ਦੀ ਤਰਫ਼ੋਂ ਵਿੱਤੀ ਸੰਸਥਾਵਾਂ ਨੂੰ ਧੋਖੇ ਨਾਲ, ਕੁੱਲ ਮਿਲਾ ਕੇ ਵਪਾਰਕ ਕਰਜ਼ੇ ਦੀ ਕਮਾਈ ’ਚ ਲੱਖਾਂ ਡਾਲਰ ਪ੍ਰਾਪਤ ਕਰਨ ਲਈ ਝੂਠੀਆਂ ਅਰਜ਼ੀਆਂ ਦਾਖਲ ਕੀਤੀਆਂ ਅਤੇ ਇੱਕ ਪ੍ਰਤੀਵਾਦੀ ਸਨਸਾਈਨ ਰੀਸਾਈਕਲਿੰਗ ਲਈ ਚੀਫ਼ ਬਿਜ਼ਨਸ ਡਿਵੈਲਪਮੈਂਟ ਅਫ਼ਸਰ ਭਾਵੇਸ਼ ਉਰਫ਼ ਬੌਬੀ ਪਟੇਲ ਨੇ ਫ਼ੈਡਰਲ ਡਿਪੌਜ਼ਿਟ ਇੰਸ਼ੋਰੈਂਸ਼ ਕਮਿਸ਼ਨ ਨੂੰ ਇਹ ਕਹਿ ਕੇ ਝੂਠ ਬੋਲਿਆ ਕਿ ਉਹ ਆਪਣੇ ਕਈ ਹੋਰ ਕਥਿਤ ਸਾਜ਼ਿਸ਼ਕਾਰਾਂ ਨੂੰ ਨਹੀਂ ਜਾਣਦਾ ਸੀ।

ਪਿਛਲੇ ਹਫ਼ਤੇ ਦਾਇਰ ਕੀਤੇ ਗਏ 16 ਇਲਜ਼ਾਮਾਂ ’ਚ ਜਿਨ੍ਹਾਂ ਲੋਕਾਂ ’ਤੇ ਦੋਸ਼ ਲਗਾਏ ਗਏ ਸਨ, ਉਨ੍ਹਾਂ ’ਚੋਂ ਕੁੱਝ ’ਚ ਸਨਸਾਈਨ ਰੀਸਾਈਕਲਿੰਗ ਦੇ ਮੁੱਖ ਵਿੱਤੀ ਅਧਿਕਾਰੀ ਮਿਹਰ ਪਟੇਲ, ਸਨਸਾਈਨ ਰੀਸਾਈਕਲਿੰਗ ਵਿਖੇ ਕੰਟਰੋਲਰ ਕਿੰਜਲ ਪਟੇਲ, ਵੈੱਸਟ ਟੈਕਸਸ ਸਕ੍ਰੈਪ ਦੇ ਮਾਲਕ ਪ੍ਰਤੀਕ ਦੇਸਾਈ, ਪੰਜ ਮੈਟਲਜ਼ ਅਤੇ ਸਨਸਾਈਨ ਰੀਸਾਈਕਲਿੰਗ ਦੇ ਪ੍ਰਧਾਨ ਅਤੇ ਮਾਲਕ ਚਿਰਾਗ ਗਾਂਧੀ ਉਰਫ਼ ਕ੍ਰਿਸ ਗਾਂਧੀ, ਐਲੀਫ਼ੈਂਟ ਰੀਸਾਈਕਲਿੰਗ ਦੇ ਸਹਿ-ਪ੍ਰਧਾਨ ਅਤੇ ਸਹਿ-ਮਾਲਕ ਧਰਮੇਸ ਪਟੇਲ ਉਰਫ਼ ਡੈਨੀ ਪਟੇਲ, NTC ਇੰਡਸਟਰੀਜ਼ ਦੇ ਕਰਮਚਾਰੀ ਭਾਰਗਵ ਭੱਟ ਉਰਫ਼ ਬਰੈਡ ਭੱਟ ਸ਼ਾਮਿਲ ਹਨ।

ਇਹਨਾਂ ’ਤੇ ਬੈਂਕ ਧੋਖਾਧੜੀ, ਮਨੀ ਲੌਂਡਰਿੰਗ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਹੋਰ ਵੱਖ-ਵੱਖ ਦੋਸ਼ਾਂ ’ਚ ਜਿਨ੍ਹਾਂ ਵਿਅਕਤੀਆਂ ’ਤੇ ਦੋਸ਼ ਲਗਾਏ ਗਏ ਹਨ ਉਨ੍ਹਾਂ ’ਚ ਮਰੁਣਾਲ ਦੇਸਾਈ, ਚਿੰਤਾ ਦੇਸਾਈ, ਅੰਬਰੀਨ ਖਾਨ ਅਤੇ ਊਸ਼ਾ ਸ਼ਰਮਾ ਸ਼ਾਮਿਲ ਹਨ, ਜਿਨ੍ਹਾਂ ’ਤੇ ਬੈਂਕ/ਵਾਇਰ ਧੋਖਾਧੜੀ ਅਤੇ ਮਦਦ ਕਰਨ ਅਤੇ ਉਕਸਾਉਣ ਦੇ ਦੋਸ਼ ਹੈ। ਜੇਕਰ ਇਹ ਦੋਸ਼ੀ ਠਹਿਰਾਇਆ ਜਾਂਦੇ ਹਨ ਤਾਂ ਉਨ੍ਹਾਂ ਨੂੰ ਬੈਂਕ ਧੋਖਾਧੜੀ ਅਤੇ ਸਹਾਇਤਾ ਅਤੇ ਉਕਸਾਉਣ ਅਤੇ ਨੂੰ ਝੂਠਾ ਬਿਆਨ ਦੇਣ ਦੀ ਸਾਜ਼ਿਸ਼ ਦੀ ਹਰੇਕ ਗਿਣਤੀ ਲਈ ਸੰਘੀ ਜੇਲ੍ਹ ’ਚ 30 ਸਾਲ, ਵਾਇਰ ਧੋਖਾਧੜੀ ਲਈ 20 ਸਾਲ ਅਤੇ ਮਨੀ ਲੌਂਡਰਿੰਗ ਦੀ ਸਾਜ਼ਿਸ਼ ਲਈ 10 ਸਾਲ ਤਕ ਦੀ ਸਜ਼ਾ ਹੋ ਸਕਦੀ ਹੈ।

# ਲੋਕ ਸਭਾ ਸੀਟਾਂ ਦੀ ਵੰਡ ਨੇ ਉਲਝਾਈ ਤਾਣੀ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**




ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਲੋਂ ਭਾਵੇਂ ਮੁੜ ਗੱਠਜੋੜ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਪਰ ਦੋਵਾਂ ਪਾਰਟੀਆਂ ਦਰਮਿਆਨ ਇਸ ਬਾਰੇ ਗੱਲਬਾਤ ਜਾਰੀ ਹੈ ਅਤੇ ਤਾਣੀ ਲੋਕ ਸਭਾ ਸੀਟਾਂ ਦੀ ਵੰਡ ਕਾਰਨ ਉਲਝ ਗਈ ਹੈ। ਸੂਬੇ ’ਚ ਮੌਜੂਦਾ ਹਾਲਾਤ ਕਾਰਨ ਹੁਣ ਭਾਜਪਾ ਵਲੋਂ ਵੱਧ ਸੀਟਾਂ ਦੀ ਮੰਗ ਕੀਤੀ ਜਾ ਰਹੀ ਹੈ ਜਿਸ ਕਾਰਨ ਮੁੜ ਅਕਾਲੀ ਦਲ-ਭਾਜਪਾ ਗੱਠਜੋੜ ਕਰਨ ਬਾਰੇ ਅੰਤਿਮ ਫ਼ੈਸਲਾ ਨਹੀਂ ਹੋਇਆ।ਸੂਤਰਾਂ ਨੇ ਦੱਸਿਆ ਕਿ ਇਹ ਦੋਵੇਂ ਪਾਰਟੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਗੱਠਜੋੜ ਕਰਨ ਲਈ ਸਹਿਮਤ ਹਨ ਪਰ ਹੁਣ ਭਾਜਪਾ ਪਹਿਲਾਂ ਹੋਏ ਸਮਝੌਤੇ ਅਨੁਸਾਰ ਸੀਟਾਂ ਲੈਣ ਲਈ ਸਹਿਮਤ ਨਹੀਂ ਹੈ। ਭਾਜਪਾ ਵਲੋਂ ਹੁਣ ਲੋਕ ਸਭਾ ਚੋਣਾਂ ਲਈ 50 ਫ਼ੀਸਦੀ ਸੀਟਾਂ ਮੰਗੀਆਂ ਜਾ ਰਹੀਆਂ ਹਨ ਜਦਕਿ ਪਹਿਲਾਂ 13 ’ਚੋਂ 10 ਸੀਟਾਂ ’ਤੇ ਅਕਾਲੀ ਦਲ ਉਮੀਦਵਾਰ ਖੜ੍ਹੇ ਕਰਦਾ ਸੀ ਤੇ ਤਿੰਨ ਸੀਟਾਂ ’ਤੇ ਭਾਜਪਾ ਚੋਣ ਲੜਦੀ ਸੀ।

ਪਤਾ ਲੱਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਲੋਕ ਸਭਾ ਚੋਣਾਂ ਲਈ ਭਾਜਪਾ ਨੂੰ 3 ਦੀ ਥਾਂ 5 ਸੀਟਾਂ ਦੇਣ ਲਈ ਸਹਿਮਤ ਹੈ ਪਰ ਵਿਧਾਨ ਸਭਾ ਚੋਣਾਂ ਲਈ ਫ਼ੇਰਬਦਲ ਕਰਨ ਲਈ ਤਿਆਰ ਨਹੀਂ ਹੈ। ਪੰਜਾਬ ਵਿਧਾਨ ਸਭਾ ਚੋਣਾਂ ’ਚ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵਲੋਂ 94 ਤੇ ਭਾਜਪਾ ਵਲੋਂ 23 ਸੀਟਾਂ ’ਤੇ ਆਪੋ ਆਪਣੇ ਉਮੀਦਵਾਰਾਂ ’ਤੇ ਸਹਿਮਤੀ ਬਣਦੀ ਆ ਰਹੀ ਸੀ। ਇਸ ਤੋਂ ਇਲਾਵਾ ਗੱਲਬਾਤ ਦੇ ਦੌਰ ’ਚ ਇੱਕ ਹੋਰ ਵੱਡੀ ਰੁਕਾਵਟ ਹੈ ਕਿ ਭਾਜਪਾ ਵਲੋਂ ਇਸ ਵਾਰ ਸ਼ਹਿਰੀ ਸੀਟਾਂ ’ਤੇ ਹੱਕ ਜਤਾਇਆ ਜਾ ਰਿਹਾ ਹੈ ਪਰ ਅਕਾਲੀ ਦਲ ਨੇ ਇਸ ਤੋਂ ਪਹਿਲਾਂ ਬਹੁਜਨ ਸਮਾਜ ਪਾਰਟੀ ਨਾਲ ਵੀ ਗੱਠਜੋੜ ਕੀਤਾ ਹੋਇਆ ਹੈ ਜੋ ਜਲੰਧਰ ਲੋਕ ਸਭਾ ਸੀਟ ’ਤੇ ਆਪਣਾ ਦਾਅਵਾ ਜਤਾ ਸਕਦੀ ਹੈ।ਅਕਾਲੀ ਦਲ ਦੇ ਸੂਤਰਾਂ ਨੇ ਦੱਸਿਆ ਕਿ ਅਕਾਲੀ ਦਲ ਪਟਿਆਲਾ ਲੋਕ ਸਭਾ ਸੀਟ ਵੀ ਭਾਜਪਾ ਲਈ ਛੱਡ ਸਕਦਾ ਹੈ ਤਾਂ ਕਿ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰਕ ਮੈਂਬਰ ਇਸ ਸੀਟ ’ਤੇ ਚੋਣ ਲੜ ਸਕਣ। ਇਨ੍ਹਾਂ ਦੋਵਾਂ ਪਾਰਟੀਆਂ ਵਲੋਂ ਜਲੰਧਰ ਲੋਕ ਸਭਾ ਸੀਟ ਲਈ ਪਿਛਲੀ ਵਾਰ ਪਈਆਂ ਵੋਟਾਂ ਦੇ ਅੰਕੜਿਆਂ ਦੀ ਵੀ ਘੋਖ ਕੀਤੀ ਜਾ ਰਹੀ ਹੈ। ਪਿਛਲੀ ਵਾਰ ਅਕਾਲੀ ਦਲ ਦੇ ਉਮੀਦਵਾਰ ਸੁਖਵਿੰਦਰ ਸਿੰਘ ਸੁੱਖੀ ਵਲੋਂ 1,58, 445 ਵੋਟਾਂ ਹਾਸਲ ਕੀਤੀਆਂ ਗਈਆਂ ਸਨ ਜਦਕਿ ਭਾਜਪਾ ਉਮੀਦਵਾਰ ਇੰਦਰ ਇੱਕਬਾਲ ਸਿੰਘ ਅਟਵਾਲ ਨੇ 134, 800 ਵੋਟਾਂ ਹਾਸਲ ਕੀਤੀਆਂ ਸਨ ਜਦਕਿ ‘ਆਪ ’ਦੇ ਉਮੀਦਵਾਰ ਨੇ 3, 02, 279 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਸੀ। ਜੇ ਅਕਾਲੀ ਦਲ ਤੇ ਭਾਜਪਾ ਉਮੀਦਵਾਰਾਂ ਦੀਆਂ ਵੋਟਾਂ ਜੋੜ ਲਈਆਂ ਜਾਣ ਤਾਂ ਇਹ ਅੰਕੜਾ ਜੇਤੂ ਉਮੀਦਵਾਰ ਵਲੋਂ ਹਾਸਲ ਕੀਤੀਆਂ ਵੋਟਾਂ ਦੇ ਨੇੜੇ ਢੁਕਦਾ ਹੈ। ਇੱਕ ਹੋਰ ਆਗੂ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਨਾਲ ਇਸ ਕਰ ਕੇ ਗੱਠਜੋੜ ਕਰਨਾ ਚਾਹੁੰਦਾ ਹੈ ਕਿਉਂਕਿ ਭਾਜਪਾ ਦਾ ਹਿੰਦੂਆਂ ’ਚ ਖਾਸਾ ਆਧਾਰ ਹੈ ਤੇ ਦੋਵੇਂ ਪਾਰਟੀਆਂ ਦਾ ਮੁੱਖ ਟੀਚਾ ਸੂਬੇ ਦੀ ਸੱਤਾਧਾਰੀ ਪਾਰਟੀ ਨੂੰ ਹਰਾਉਣਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਮੁੱਖੀ ਸੁਖਬੀਰ ਸਿੰਘ ਬਾਦਲ ਨੇ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਬਸਪਾ ਨਾਲ ਗੱਠਜੋੜ ਹੈ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲ ਮੁੜ ਗੱਠਜੋੜ ਕਰਨ ਦੀਆਂ ਖ਼ਬਰਾਂ ਸਿਰਫ਼ ਮੀਡੀਆ ਨੇ ਹੀ ਘੜੀਆਂ ਹਨ। ਇਸ ਤੋਂ ਇਲਾਵਾ ਭਾਜਪਾ ਦੇ ਸੂਬਾ ਚੋਣ ਇੰਚਾਰਜ ਵਿਜੈ ਰੂਪਾਨੀ ਤੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਸੰਭਾਵੀ ਗਠਜੋੜ ਦੀਆਂ ਖ਼ਬਰਾਂ ਤੋਂ ਇਨਕਾਰ ਕੀਤਾ ਹੈ। ਸੂਤਰਾਂ ਨੇ ਦੱਸਿਆ ਕਿ ਖੇਤੀ ਕਾਨੂੰਨਾਂ ਕਾਰਨ ਦੋਵਾਂ ਪਾਰਟੀਆਂ ’ਚ ਭਾਵੇਂ ਗੱਠਜੋੜ ਟੁੱਟ ਗਿਆ ਸੀ ਪਰ ਅਕਾਲੀਆਂ ਵਲੋਂ ਭਾਜਪਾ ਦੇ ਕੌਮੀ ਆਗੂਆਂ ਖ਼ਿਲਾਫ਼ ਕੀਤੀਆਂ ਟਿੱਪਣੀਆਂ ਕਾਰਨ ਰੋਸ ਹੈ।

# ਹੁਣ ਅ.ਫ.ਗਾਨਿਸਤਾਨ ਦੇ ਬਿਊਟੀ ਸੈਲੂਨਾਂ ’ਤੇ ਲੱਗੇ ਤਾਲੇ



ਇਸਲਾਮਾਬਾਦ: ਤਾਲਿਬਾਨ ਨੇ ਕਿਹਾ ਹੈ ਕਿ ਅਫ਼ਗਾਨਿਸਤਾਨ ’ਚ ਔਰਤਾਂ ਦੇ ਬਿਊਟੀ ਸੈਲੂਨ ’ਤੇ ਪਾਬੰਦੀ ਲਗਾਈ ਗਈ ਹੈ ਕਿਉਂਕਿ ਉਹ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ ਜੋ ਇਸਲਾਮ ’ਚ ਮਨ੍ਹਾਂ ਹਨ ਅਤੇ ਵਿਆਹਾਂ ਦੌਰਾਨ ਲਾੜੇ ਦੇ ਪਰਿਵਾਰ ਨੂੰ ਆਰਥਿਕ ਤੰਗੀ ਦਾ ਕਾਰਨ ਬਣਦੇ ਹਨ। ਤਾਲਿਬਾਨ ਦਾ ਇਹ ਬਿਆਨ ਅਜਿਹੇ ਸਮੇਂ ’ਚ ਆਇਆ ਹੈ ਜਦੋਂ ਕੁੱਝ ਦਿਨ ਪਹਿਲਾਂ ਉਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਉਸ ਨੇ ਦੇਸ ਦੇ ਅਜਿਹੇ ਸਾਰੇ ਸੈਲੂਨਾਂ ਨੂੰ ਆਪਣਾ ਕਾਰੋਬਾਰ ਬੰਦ ਕਰਨ ਅਤੇ ਦੁਕਾਨਾਂ ਬੰਦ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਹੈ। ਅੰਤਰਰਾਸ਼ਟਰੀ ਅਧਿਕਾਰੀਆਂ ਨੇ ਮਹਿਲਾ ਉੱਦਮੀਆਂ ’ਤੇ ਤਾਲਿਬਾਨ ਦੇ ਫ਼ਰਮਾਨ ਦੇ ਪ੍ਰਭਾਵ ਨੂੰ ਲੈ ਕੇ ਚਿੰਤਾ ਜਤਾਈ ਹੈ। ਇਹ ਅਫ਼ਗਾਨ ਔਰਤਾਂ ਅਤੇ ਕੁੜੀਆਂ ਦੀ ਆਜ਼ਾਦੀ ਅਤੇ ਅਧਿਕਾਰਾਂ ਨੂੰ ਸੀਮਤ ਕਰਨ ਦਾ ਤਾਜਾ ਫ਼ੈਸਲਾ ਹੈ।ਇਸ ਤੋਂ ਪਹਿਲਾਂ ਤਾਲਿਬਾਨ ਨੇ ਔਰਤਾਂ ਅਤੇ ਕੁੜੀਆਂ ਨੂੰ ਸਿੱਖਿਆ, ਜਨਤਕ ਸਥਾਨਾਂ ’ਤੇ ਜਾਣ ਅਤੇ ਰੋਜ਼ਗਾਰ ਦੇ ਜ਼ਿਆਦਾਤਰ ਰੂਪਾਂ ’ਤੇ ਪਾਬੰਦੀ ਲਗਾ ਚੁੱਕਾ ਹੈ। ਜਾਰੀ ਕੀਤੀ ਗਈ ਇੱਕ ਵੀਡੀਓ ਕਲਿੱਪ ’ਚ ਤਾਲਿਬਾਨ ਸ਼ਾਸ਼ਿਤ ਧਾਰਮਿਕ ਮਾਮਲਿਆਂ ਦੇ ਮੰਤਰਾਲੇ ਦੇ ਵਰਚੂ ਐਂਡ ਵਾਇਸ ਦੇ ਬੁਲਾਰੇ ਸਾਦਿਕ ਆਕਿਫ਼ ਮਹਜਰ ਨੇ ਅਜਿਹੇ ਕਈ ਸੈਲੂਨਾਂ ਦੀ ਸੂਚੀ ਦਿੱਤੀ ਅਤੇ ਕਿਹਾ ਕਿ ਉਹ ਆਈਬ੍ਰੋਜ਼ ਨੂੰ ਆਕਾਰ ਦੇਣ, ਮੇਕਅੱਪ ਦੀ ਵਰਤੋਂ ਕਰਨ, ਔਰਤ ਦੇ ਕੁਦਰਤੀ ਵਾਲਾਂ ਨੂੰ ਵਧਾਉਣ ਵਰਗੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਆਦਿ ਲਈ ਦੂਜੇ ਦੇ ਵਾਲ ਵਰਤਣਾ ਇਸਲਾਮ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਬਿਊਟੀ ਸੈਲੂਨ ਵਿਆਹਾਂ ਦੌਰਾਨ ਲਾੜੇ ਦੇ ਪਰਿਵਾਰ ਲਈ ਆਰਥਿਕ ਸਮੱਸਿਆਵਾਂ ਦਾ ਕਾਰਨ ਬਣਦੇ ਹਨ ਕਿਉਂਕਿ ਇੱਥੇ ਲਾੜੇ ਦੇ ਮੇਕਅੱਪ ਦਾ ਖਰਚਾ ਲਾੜੇ ਦੇ ਪਰਿਵਾਰ ਨੂੰ ਹੀ ਚੁੱਕਣਾ ਪੈਂਦਾ ਹੈ।

# ਨੇਪਾਲ ਰਸਤੇ ਦੂਜੇ ਸੂਬਿਆਂ ’ਚ ਹੋ ਰਹੀ ਟਮਾਟਰਾਂ ਦੀ ਤਸਕਰੀ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**



ਟਮਾਟਰ ਦੀ ਕੀਮਤ ਆਸਮਾਨ ਛੂਹ ਰਹੀ ਹੈ। ਬਾਜ਼ਾਰ ’ਚ ਟਮਾਟਰ 100-120 ਰੁਪਏ ਪ੍ਰਤੀ ਕਿੱਲੋ ਵਿਕ ਰਿਹਾ ਹੈ। ਅਜਿਹੇ ’ਚ ਟਮਾਟਰ ਦੀ ਤਸਕਰੀ ਵੀ ਸ਼ੁਰੂ ਹੋ ਗਈ ਹੈ। ਨੇਪਾਲ ਦੇ ਕਾਲੀਮਾਟੀ, ਕਲੰਕੀ, ਪਾਲੁਮ ਅਤੇ ਚਿਤਵਨ ਸਣੇ ਹੋਰ ਥਾਵਾਂ ’ਤੇ ਉਪਾਦਿਤ ਟਮਾਟਰ ਸਰਹੱਦੀ ਜ਼ਿਲ੍ਹਾ ਪਰਸਾ, ਬਾਰਾ ਅਤੇ ਮਕਵਾਨਪੁਰ ਦੇ ਰਸਤੇ ਬਿਹਾਰ ’ਚ ਪੂਰਬੀ ਚੰਪਾਰਣ ਦੇ ਰਕਸੌਲ ਪਹੁੰਚ ਰਿਹਾ ਹੈ। ਉਥੋਂ ਬਿਹਾਰ ਤੋਂ ਇਲਾਵਾ ਦੇਸ਼ ਦੇ ਹੋਰ ਸ਼ਹਿਰਾਂ ’ਚ ਭੇਜਿਆ ਜਾ ਰਿਹਾ ਹੈ।

ਕੀਮਤ ’ਚ 3 ਤੋਂ 4 ਗੁਣਾ ਫ਼ਰਕ ਹੋਣ ਕਾਰਨ ਨੇਪਾਲ ਤੋਂ ਰੋਜ਼ਾਨਾ 25 ਤੋਂ 30 ਟਨ ਟਮਾਟਰ ਆ ਰਹੇ ਹਨ। ਤਸਕਰ ਨੇਪਾਲ ਦੇ ਥੋਕ ਵਪਾਰੀਆਂ ਤੋਂ 25 ਤੋਂ 30 ਰੁਪਏ ਪ੍ਰਤੀ ਕਿੱਲੋ ਭਾਰਤੀ ਕਰੰਸੀ ’ਚ ਟਮਾਟਰ ਖ਼ਰੀਦਦੇ ਹਨ। ਉਸ ਨੂੰ ਨੇਪਾਲ ਦੇ ਪੇਂਡੂ ਹਿੱਸਿਆਂ ਤੋਂ ਭਾਰਤੀ ਸਰਹੱਦ ’ਚ ਲਿਆਉਣ ਲਈ ਟਮਾਟਰ (ਘੋੜਾ ਗੱਡੀ) ਅਤੇ ਸਾਈਕਲ ਦੀ ਵਰਤੋਂ ਕਰਦੇ ਹਨ। ਇੱਕ ਸਾਇਕਲ ’ਤੇ ਪਲਾਸਟਿਕ ਦੇ ਚਾਰ ਕ੍ਰੇਟ ਯਾਨੀ 100 ਕਿੱਲੋ ਟਮਾਟਰ ’ਤੇ 15 ਕ੍ਰੇਟ ਯਾਨੀ 375 ਕਿੱਲੋ ਟਮਾਟਰ ਆਉਂਦੇ ਹਨ। ਰਕਸੌਲ ’ਚ ਨਾਗਾਰੋਡ, ਕੋਈਰੀਆ ਟੋਲਾ ਨਹਿਰ ਚੌਂਕ ’ਤੇ ਟਮਾਟਰ ਦੀ ਖੇਪ ਪਹੁੰਚਦੀ ਹੈ। ਤਸਕਰ ਇਸਨੂੰ ਰਕਸੌਲ ਦੀ ਮੰਡੀ ’ਚ 60 ਰੁਪਏ ’ਚ ਵੇਚ ਦਿੰਦੇ ਹਨ।

ਉੱਥੇ ਹੀ ਦੋ ਪਿਕਅੱਪ ’ਤੇ ਤਿੰਨ ਕੁਇੰਟਲ ਟਮਾਟਰ ਨੇਪਾਲ ਤੋਂ ਗੋਰਖਪੁਰ ਲਿਆਇਆ ਜਾ ਰਿਹਾ ਸੀ। ਕਸਟਮਜ਼ ਵਿਭਾਗ ਨੇ ਇਸ ਨੂੰ ਫ਼ੜ ਲਿਆ। ਟਮਾਟਰਾਂ ਨੂੰ ਨਸ਼ਟ ਕਰਨ ਦਾ ਸੁਝਾਅ ਦਿੱਤਾ ਗਿਆ।

# ਪੰਜਾਬ ਦੇ ਮੌਜੂਦਾ ਹਾਲਾਤ ਦਰਮਿਆਨ ਸ਼੍ਰੋਮਣੀ ਕਮੇਟੀ ਆਈ ਅੱਗੇ



ਅੰਮ੍ਰਿਤਸਰ: ਬੀਤੇ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਕਾਰਨ ਬਣੀ ਹੜ੍ਹ ਦੀ ਸਥਿਤੀ ਨੂੰ ਵੇਖਦਿਆਂ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੀੜਤਾਂ ਦੀ ਮਦਦ ਲਈ ਅੱਗੇ ਆਈ ਹੈ। ਸ਼੍ਰੋਮਣੀ ਕਮੇਟੀ ਵਲੋਂ ਹੜ੍ਹ ਪੀੜਤਾਂ ਲਈ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਉਣ ਲਈ ਪ੍ਰਬੰਧ ਕੀਤੇ ਗਏ ਹਨ। ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਖੇ ਸਰਾਵਾਂ ਅੰਦਰ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁਫ਼ਤ ਕਮਰੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਪ੍ਰਭਾਵਿਤ ਇਲਾਕਿਆਂ ’ਚ ਲੰਗਰ ਅਤੇ ਹੋਰ ਵਸਤਾਂ ਦੀ ਵਿਵਸਥਾ ਕੀਤੀ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਮਾਨਵਤਾ ਨਾਲ ਮੁਸ਼ਕਿਲ ਸਮੇਂ ’ਤੇ ਖੜ੍ਹਨਾ ਸ਼੍ਰੋਮਣੀ ਕਮੇਟੀ ਦੀ ਰਵਾਇਤ ਰਹੀ ਹੈ ਅਤੇ ਗੁਰੂ ਦਰਸਾਏ ਮਾਰਗ ’ਤੇ ਚੱਲਦਿਆਂ ਸਿੱਖ ਸੰਸਥਾ ਹਰ ਕੁਦਰਤੀ ਆਫ਼ਤ ਸਮੇਂ ਲੋਕਾਈ ਲਈ ਮਦਦਗਾਰ ਬਣੀ ਹੈ। ਉਨ੍ਹਾਂ ਆਖਿਆ ਕਿ ਮੌਜੂਦਾ ਸਮੇਂ ਵੀ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸੇਵਾਵਾਂ ਦੇਣ ਲਈ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਆਖਿਆ ਗਿਆ ਹੈ। ਵੱਖ-ਵੱਖ ਜ਼ਿਲ੍ਹਿਆਂ ’ਚ 25 ਤੋਂ ਵੱਧ ਗੁਰਦੁਆਰਾ ਸਾਹਿਬਾਨ ਅੰਦਰ ਕੇਂਦਰ ਸਥਾਪਤ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਹਰ ਗੁਰਦੁਆਰਾ ਸਾਹਿਬ ਦੀਆਂ ਸਰਾਵਾਂ ਅੰਦਰ ਹੜ੍ਹ ਪੀੜਤਾਂ ਨੂੰ ਮੁਫ਼ਤ ਕਮਰੇ ਮੁਹੱਈਆ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ’ਚ ਗੁਰਦੁਆਰਾ ਸਾਹਿਬਾਨ ਤੋਂ ਲੰਗਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਨਾਲ ਸਬੰਧਤ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਬੀਤੇ ਕੱਲ੍ਹ ਹੀ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਗਏ ਸਨ ਅਤੇ ਬਾਕੀ ਗੁਰੂ ਘਰਾਂ ਤੋਂ ਵੀ ਅੱਜ ਸੇਵਾਵਾਂ ਆਰੰਭ ਦਿੱਤੀਆਂ ਗਈਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਲੋੜ ਪਈ ਤਾਂ ਮੈਡੀਕਲ ਸੇਵਾਵਾਂ ਵੀ ਦਿੱਤੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਲੋੜਵੰਦਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਗਰੂਕ ਕਰਨ, ਤਾਂ ਜੋ ਪੀੜਤ ਲੋਕ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਣ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਔਖੀ ਘੜੀ ’ਚ ਮਾਨਵਤਾ ਦੇ ਨਾਲ ਹੈ ਅਤੇ ਆਪਣਾ ਬਣਦਾ ਫ਼ਰਜ਼ ਨਿਭਾਉਣ ਤੋਂ ਪਿੱਛੇ ਨਹੀਂ ਹਟੇਗੀ।

# ਮੁੰਬਈ ’ਚ ਰਹਿੰਦੈ ਦੁਨੀਆਂ ਦਾ ਸਭ ਤੋਂ ਅਮੀਰ ਭਿਖਾਰੀ



ਮੁੰਬਈ: ਰੋਜ਼ਾਨਾ ਤੁਸੀਂ ਸੜਕ, ਫ਼ੁੱਟਪਾਥ, ਬੱਸ ਅੱਡੇ ਅਤੇ ਰੇਲਵੇ ਸਟੇਸ਼ਨ ਸਮੇਤ ਕਈ ਥਾਵਾਂ ’ਤੇ ਭਿਖਾਰੀਆਂ ਨੂੰ ਦੇਖਦੇ ਹੋ ਜੋ ਕਿ ਭੀਖ ਮੰਗ ਕੇ ਆਪਣਾ ਜੀਵਨ ਬਿਤਾ ਰਹੇ ਹਨ। 2 ਸਮੇਂ ਦੀ ਰੋਟੀ ਲਈ ਮਿਹਨਤ ਕਰ ਰਹੇ ਇਨ੍ਹਾਂ ਭਿਖਾਰੀਆਂ ਨੂੰ ਦੇਖ ਕੇ ਕੁੱਝ ਲੋਕ ਇਨ੍ਹਾਂ ਨੂੰ ਪੈਸੇ ਦੇ ਕੇ ਮਦਦ ਵੀ ਕਰਦੇ ਹਨ ਪਰ ਤੁਹਾਨੂੰ ਇਹ ਗੱਲ ਜਾਣ ਕੇ ਹੈਰਾਨੀ ਹੋਵੇਗੀ ਕਿ ਕੁੱਝ ਲੋਕਾਂ ਨੇ ਭੀਖ ਮੰਗਣ ਦੇ ਫ਼ਾਇਦੇ ਨੂੰ ਆਪਣਾ ਪੇਸ਼ਾ ਬਣਾ ਲਿਆ ਹੈ। ਕੀ ਤੁਸੀਂ ਜਾਣਦੇ ਹੋ ਕਿ ਦੁਨੀਆਂ ਦਾ ਸਭ ਅਮੀਰ ਭਿਖਾਰੀ ਕੌਣ ਹੈ ਅਤੇ ਕਿੱਥੇ ਰਹਿੰਦਾ ਹੈ ? ਇੱਥੇ ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਦੁਨੀਆਂ ਦੇ ਇਸ ਅਮੀਰ ਭਿਖਾਰੀ ਬਾਰੇ ...ਦੁਨੀਆਂ ਦੇ ਸਭ ਤੋਂ ਅਮੀਰ ਭਿਖਾਰੀ ਦਾ ਨਾਮ ਭਰਤ ਜੈਨ ਹੈ, ਜੋ ਕਿ ਮੁੰਬਈ ’ਚ ਰਹਿੰਦਾ ਹੈ। ਇਹ ਮੁੰਬਈ ਦੀਆਂ ਸੜਕਾਂ ’ਤੇ ਭੀਖ ਮੰਗਦਾ ਹੈ। ਗ਼ਰੀਬੀ ਕਾਰਨ ਬਚਪਨ ’ਚ ਭਰਤ ਜੈਨ ਦੀ ਪੜ੍ਹਾਈ ਪੂਰੀ ਨਾ ਹੋ ਸਕੀ ਅਤੇ ਉਸ ਨੇ ਮੁੰਬਈ ’ਚ ਭੀਖ ਮੰਗਣ ਦਾ ਕੰਮ ਸ਼ੁਰੂ ਕਰ ਦਿੱਤਾ। ਦੁਨੀਆਂ ਦਾ ਅਮੀਰ ਭਿਖਾਰੀ ਵਿਆਹਿਆ ਹੈ ਅਤੇ ਉਸ ਦੇ ਪਰਿਵਾਰ ’ਚ ਪਤਨੀ, ਦੋ ਬੱਚੇ, ਇੱਕ ਭਰਾ ਅਤੇ ਪਿਤਾ ਹਨ। ਭਰਤ ਜੈਨ ਚਾਹੁੰਦਾ ਸੀ ਕਿ ਉਸ ਦੇ ਬੱਚੇ ਪੜ੍ਹਾਈ ਕਰਨ ਅਤੇ ਉਸ ਦੇ ਦੋਵਾਂ ਬੱਚਿਆਂ ਨੇ ਸਫ਼ਲਤਾਪੂਰਵਕ ਆਪਣੀ ਸਿੱਖਿਆ ਪੂਰੀ ਕਰ ਲਈ ਹੈ।

**ਭਰਤ ਜੈਨ ਦੀ ਕੁੱਲ ਜਾਇਦਾਦ**

ਭਰਤ ਜੈਨ ਦੀ ਕੁੱਲ ਜਾਇਦਾਦ 7.5 ਕਰੋੜ ਅਮਰੀਕੀ ਡਾਲਰ ਹੈ। ਉਹ ਭੀਖ ਮੰਗ ਕੇ ਹਰ ਮਹੀਨੇ 60 ਹਜ਼ਾਰ ਤੋਂ 75 ਹਜ਼ਾਰ ਰੁਪਏ ਕਮਾਉਂਦਾ ਹੈ। ਰਿਪੋਰਟਾਂ ਅਨੁਸਾਰ ਭਰਤ ਜੈਨ ਕੋਲ ਮੁੰਬਈ ’ਚ 1.4 ਕਰੋੜ ਰੁਪਏ ਦੇ 2 ਫ਼ਲੈਟ ਹੈ। ਉਸ ਨੇ ਠਾਣੇ ’ਚ 2 ਦੁਕਾਨਾਂ ਵੀ ਖ਼ਰੀਦੀਆਂ ਹਨ ਜਿਨ੍ਹਾਂ ਤੋਂ ਉਸ ਨੂੰ 30 ਹਜ਼ਾਰ ਰੁਪਏ ਮਹੀਨਾ ਕਿਰਾਏ ਦੀ ਇਨਕਮ ਹੁੰਦੀ ਹੈ। ਭਾਰਤ ਨੂੰ ਮੁੰਬਈ ਦੇ ਛੱਤਰਪਤੀ ਸ਼ਿਵਾਜੀ ਟਰਮਿਨਜ਼ ਜਾਂ ਆਜ਼ਾਦ ਮੈਦਾਨ ਇਲਾਕੇ ’ਚ ਭੀਖ ਮੰਗਦਾ ਹੈ। ਇੱਕ ਪਾਸੇ ਜਿੱਥੇ ਆਦਮੀ 12 ਤੋਂ 14 ਘੰਟੇ ਵੀ ਕੰਮ ਕਰਦੇ ਹਨ, ਇਸ ਤੋਂ ਬਾਅਦ ਵੀ ਉਨ੍ਹਾਂ ਨੂੰ ਮਹੀਨੇ ਦੇ 8 ਤੋਂ 10 ਹਜ਼ਾਰ ਰੁਪਏ ਮਿਲਦੇ ਹਨ ਤਾਂ ਉੱਥੇ ਹੀ ਭਰਤ ਜੈਨ ਆਪਣੇ ਭੀਖ ਮੰਗਣ ਦੇ ਇਸ ਕੰਮ ਤੋਂ ਇੱਕ ਹੀ ਦਿਨ ’ਚ ਦੋ ਤੋਂ ਢਾਈ ਹਜ਼ਾਰ ਰੁਪਏ ਕਮਾ ਲੈਂਦੇ ਹਨ। ਭਰਤ ਜੈਨ ਅਤੇ ਉਸ ਦਾ ਪਰਿਵਾਰ ਪਰੇਲ ਦੇ ਨਿਵਾਸ ’ਚ ਚੰਗੀ ਤਰ੍ਹਾਂ ਨਾਲ ਰਹਿੰਦੇ ਹਨ। ਪਰਿਵਾਰ ਵਾਲੇ ਭਰਤ ਨੂੰ ਭੀਖ ਨਾ ਮੰਗਣ ਦੀ ਸਲਾਹ ਦਿੰਦੇ ਹਨ ਪਰ ਉਹ ਮੰਨਦਾ ਨਹੀਂ ਹੈ ਅਤੇ ਭੀਖ ਮੰਗਣ ਦਾ ਕੰਮ ਜਾਰੀ ਰੱਖੇ ਹੋਏ ਹੈ।

# ਕੈਨੇਡਾ ’ਚ ਪੰਜਾਬੀ ਮਾਡਲ ਦੀ ਮੌਤ



ਜਲੰਧਰ: ਵਿਦੇਸ਼ਾਂ ’ਚੋਂ ਰੋਜ਼ਾਨਾ ਪੰਜਾਬੀ ਨੌਜਵਾਨਾਂ ਦੀ ਦਿਲ ਦਾ ਦੌਰਾ ਪੈਣ ਕਰ ਕੇ ਮੌਤਾਂ ਹੋਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਤਾਜ਼ਾ ਮਾਮਲਾ ਕੈਨੇਡਾ ਤੋਂ ਸਾਹਮਣੇ ਆਇਆ ਹੈ, ਜਿੱਥੇ ਜਲੰਧਰ ਦੇ ਗੋਰਾਇਆ ਦੇ ਰਹਿਣ ਵਾਲੇ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਰ ਕੇ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਅਮਨ ਸੈਣੀ ਵਜੋਂ ਹੋਈ ਹੈ ਜੋ ਕਿ ਗੋਰਾਇਆ ਦਾ ਰਹਿਣ ਵਾਲਾ ਸੀ। ਦੱਸਿਆ ਜਾ ਰਿਹਾ ਹੈ ਕਿ ਉਕਤ ਨੌਜਵਾਨ ਦਾ ਦੋ ਦਿਨ ਪਹਿਲਾਂ ਹੀ ਜਨਮਦਿਨ ਸੀ। ਜਿਵੇਂ ਹੀ ਨੌਜਵਾਨ ਦੀ ਮੌਤ ਦੀ ਖ਼ਬਰ ਪਰਿਵਾਰ ਵਾਲਿਆਂ ਨੂੰ ਲੱਗੀ ਤਾਂ ਸੋਗ ਦੀ ਲਹਿਰ ਦੌੜ ਪਈ। ਮਿਲੀ ਜਾਣਕਾਰੀ ਅਮਨ ਸੈਣੀ ਕੁੱਝ ਸਾਲਾਂ ਤੋਂ ਕੈਨੇਡਾ ਰਹਿ ਰਿਹਾ ਸੀ। ਪੰਜਾਬ ’ਚ ਰਹਿੰਦੇ ਹੋਏ ਉਸ ਨੇ ਸੱਭਿਆਚਾਰ ਨੂੰ ਪ੍ਰਫ਼ੁੱਲਿਤ ਕਰਨ ਲਈ ਬੱਚਿਆਂ ਦੇ ਟੈਲੇਂਟ ਨਾਲ ਸਬੰਧਤ ਕਈ ਪ੍ਰੋਗਰਾਮ ਕਰਵਾਏ ਸਨ। ਅਮਨ ਸੈਣੀ ਵਿਆਹੁਤਾ ਸੀ। ਦੱਸਿਆ ਜਾ ਰਿਹਾ ਹੈ ਕਿ ਏ. ਆਰ. ਸੈਣੀ ਗੈਲਮਰ ਵਰਲਡ ਚਲਾ ਰਿਹਾ ਸੀ। ਅਮਨ ਖੁਦ ਵੀ ਮੌਡਲਿੰਗ ਕਰਦਾ ਸੀ ਅਤੇ ਪਤਨੀ ਰਜਨੀ ਵੀ ਮਾਡਲ ਹੈ। ਅਮਨ ਦਾ ਇੱਕ ਪੁੱਤਰ ਹੈ। ਪਰਿਵਾਰ ’ਚ ਉਸ ਦਾ ਭਰਾ, ਮਾਤਾ ਅਤੇ ਪਤਨੀ ਸਣੇ ਪੁੱਤਰ ਵੀ ਕੈਨੇਡਾ ’ਚ ਹੀ ਰਹਿੰਦੇ ਹਨ।

# ਟਾਈਲਰ ਖ਼ਿਲਾ.ਫ ਦੋਸ਼ ਪੱਤਰ ’ਤੇ 19 ਜੁਲਾਈ .ਫੈਸਲਾ ਲਵੇਗੀ ਅਦਾਲਤ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**



ਦਿੱਲੀ ਦੀ ਇੱਕ ਅਦਾਲਤ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੁਲ ਬੰਗਸ਼ ’ਚ ਕਤਲਾਂ ਨਾਲ ਜੁੜੇ ਮਾਮਲੇ ’ਚ ਕਾਂਗਰਸ ਨੇਤਾ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਪੱਤਰ ’ਤੇ ਨੋਟਿਸ ਲੈਣ ਬਾਰੇ 19 ਜੁਲਾਈ ਦਾ ਫ਼ੈਸਲਾ ਕਰੇਗੀ। ਐਡੀਸ਼ਨਲ ਚੀਫ਼ ਮੈਟਰੋਪੋਲਿਟਨ ਮੈਜਿਸਟ੍ਰੇਟ (ACMM) ਵਿਧੀ ਗੁਪਤਾ ਆਨੰਦ ਨੇ ਕੇਂਦਰੀ ਜਾਂਚ ਬਿਊਰੋ (CBI) ਨਾਲ ਹੀ ਨਿਰਦੇਸ਼ ਵੀ ਦਿੱਤੇ ਕਿ ਪਹਿਲੇ ਮਾਮਲੇ ਦੀ ਸੁਣਵਾਈ ਕਰ ਰਹੀ ਅਦਾਲਤ ਤੋਂ ਪ੍ਰਾਪਤ ਮੁਕੱਦਮੇ ਦਾ ਰਿਕਾਰਡ ਪੂਰਾ ਹੈ ਜਾਂ ਨਹੀਂ। ਉਨ੍ਹਾਂ ਨੇ ਮਾਮਲੇ ’ਤੇ 19 ਜੁਲਾਈ ਨੂੰ ਅਗਲੀ ਸੁਣਵਾਈ ਤਕ ਇੱਕ ਰਿਪੋਰਟ ਦਾਖਲ ਕਰਨ ਦਾ ਨਿਰਦੇਸ਼ ਦਿੱਤਾ। ਰਾਊਜ ਐਵੇਨਿਊ ਅਦਾਲਤ ਦੀ ਜੱਜ ਨੇ ਕਿਹਾ ਕਿ ਕੜਕੜਡੂਮਾ ਦੀ ਇੱਕ ਅਦਾਲਤ ਨੇ ਕਰਮੀਆਂ ਵਲੋਂ ਦਾਖਲ ਦਸਤਾਵੇਜ਼ ਬਹੁਤ ਜ਼ਿਆਦਾ ਹਨ ਅਤੇ ਉਹ ਸੱਤ ਨਿਆਂਇਕ ਫ਼ਾਈਲਾਂ ’ਚ ਸ਼ਾਮਿਲ ਹਨ।

ਉਨ੍ਹਾਂ ਨੇ CBI ਨੂੰ ਟਾਈਟਲਰ ਦੀ ਆਵਾਜ਼ ਦੇ ਨਮੂਨਿਆਂ ਦੀ ਫ਼ੋਰੈਂਸਿਕ ਜਾਂਚ ਦੇ ਸੰਬੰਧ ’ਚ ਵਿਧੀ ਵਿਗਿਆਨ ਪ੍ਰਯੋਗਸ਼ਾਲਾ (FSL) ਦੀ ਇੱਕ ਰਿਪੋਰਟ ਦਾਖਲ ਕਰਨ ਦਾ ਨਿਰਦੇਸ਼ ਦਿੱਤਾ। CBI ਨੇ ਮਾਮਲੇ ’ਚ ਟਾਈਟਲਰ ਖ਼ਿਲਾਫ਼ 20 ਮਈ ਨੂੰ ਇੱਕ ਦੋਸ਼ ਪੱਤਰ ਦਾਇਰ ਕੀਤਾ ਸੀ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਇੱਕ ਦਿਨ ਬਾਅਦ ਇੱਕ ਨਵੰਬਰ 1984 ਨੂੰ ਪੁਲ ਬੰਗਸ਼ ਇਲਾਕੇ ’ਚ ਤਿੰਨ ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ।

ਵਿਸ਼ੇਸ਼ ਅਦਾਲਤ ’ਚ ਦਾਖਲ ਦੋਸ਼ ਪੱਤਰ ’ਚ CBI ਨੇ ਕਿਹਾ ਕਿ ਟਾਈਟਲਰ ਨੇ ਇੱਕ ਨਵੰਬਰ 1984 ਨੂੰ ਪੁਲ ਬੰਗਸ਼ ਗੁਰਦੁਆਰਾ ਆਜ਼ਾਦ ਬਾਜ਼ਾਰ ’ਚ ਇਕੱਠੀ ਭੀੜ ਨੂੰ ਉਕਸਾਇਆ ਅਤੇ ਭੜਕਾਇਆ ਜਿਸ ਦੇ ਨਤੀਜੇ ਵਜੋਂ ਗੁਰਦੁਆਰੇ ’ਚ ਅੱਗ ਲਗਾ ਦਿੱਤੀ ਗਈ ਅਤੇ 3 ਸਿੱਖਾਂ-ਠਾਕੁਰ ਸਿੰਘ, ਬਾਦਲ ਸਿੰਘ ਅਤੇ ਗੁਰੂ ਚਰਨ ਸਿੰਘ ਦਾ ਕਤਲ ਕਰ ਦਿੱਤਾ ਗਿਆ। CBI ਨੇ ਦੱਸਿਆ ਕਿ ਜਾਂਚ ਏਜੰਸੀ ਨੇ ਟਾਈਟਲਰ ਖ਼ਿਲਾਫ਼ ਭਾਰਤੀ ਦੰਡਾਵਲੀ ਦੀ ਧਾਰਾ 147 (ਦੰਗਾ) ਅਤੇ 109 (ਭੜਕਾਉਣਾ/ਉਕਸਾਉਣਾ) ਨਾਲ 302 (ਕਤਲ) ਦੇ ਅਧੀਨ ਦੋਸ਼ ਲਗਾਏ ਹਨ।

# .ਫੋਰਬਜ਼-2023 ਦੀ ਸਭ ਤੋਂ ਅਮੀਰ ਸੈੱਲ.ਫ ਮੇਡ ਔਰਤਾਂ ਦੀ ਸੂਚੀ ’ਚ ਚਾਰ ਭਾਰਤੀ-ਅਮਰੀਕੀ

**ਨਵੀਂ ਦਿੱਲੀ,**
**-ਰੋਜ਼ਾਨਾ ਸਵੇਰਾ-**



ਭਾਰਤੀ-ਅਮਰੀਕੀ ਜੈਸ਼੍ਰੀ ਉਲਾਲ, ਨੀਰਜਾ ਸੇਠੀ, ਨੇਹਾ ਨਰਖੇੜੇ ਅਤੇ ਇੰਦਰਾ ਨੂਈ ਫ਼ੋਰਬਜ਼ 2023 ਦੀ ਨੌਂਵੀਂ ਸਭ ਤੋਂ ਅਮੀਰ ਸਵੈ-ਨਿਰਮਿਤ ਔਰਤਾਂ ਦੀ ਸੂਚੀ ’ਚ ਸ਼ਾਮਿਲ ਹਨ। ਇਨ੍ਹਾਂ ਚਾਰਾਂ ਨੂੰ ਅਮਰੀਕਾ ਦੇ 100 ਸਭ ਤੋਂ ਸਫ਼ਲ ਉਦਮੀਆਂ, ਕਾਰਜਕਾਰੀਆਂ ਅਤੇ ਮਨੋਰੰਜਨ ਕਰਨ ਵਾਲਿਆਂ ਦੀ ਸੂਚੀ ’ਚ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਦੀ ਸੰਚਤ ਸੰਪਤੀ ਰਿਕਾਰਡ 124 ਬਿਲੀਅਨ ਡਾਲਰ ਹੈ ਜੋ ਕਿ ਇੱਕ ਸਾਲ ਪਹਿਲਾਂ ਨਾਲੋਂ ਲੱਗਭਗ 12 ਪ੍ਰਤੀਸ਼ਤ ਵੱਧ ਹੈ।

ਸਿਲੀਕੌਨ ਵੈਲੀ ਦੀ ਇੰਜੀਨੀਅਰ ਅਤੇ ਸਿਸਕੋ ਦੀ ਅਨੁਭਵੀ 62 ਸਾਲਾ ਜੈਸ਼੍ਰੀ ਉੱਲਾਲ 2.2 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਨਾਲ ਭਾਰਤੀ-ਅਮਰੀਕੀ ਪੈਕ ਰੈਂਕਿੰਗ ’ਚ 15ਵੇਂ ਨੰਬਰ ’ਤੇ ਹੈ। ਫ਼ੋਰਬਜ਼ ਅਨੁਸਾਰ ਉਲਾਲ 2008 ’ਚ ਕੰਪਿਊਟਰ ਨੈੱਟਵਰਕਿੰਗ ਕੰਪਨੀ ਅਰਿਸਟਾ ਨੈੱਟਵਰਕਸ ’ਚ CEO ਦੇ ਰੂਪ ’ਚ ਸ਼ਾਮਿਲ ਹੋਈ ਸੀ ਜਦੋਂ ਕਾਰੋਬਾਰ ਦੀ ਕੋਈ ਵਿਕਰੀ ਨਹੀਂ ਸੀ। ਹੁਣ ਜਨਤਕ ਤੌਰ ’ਤੇ ਵਪਾਰ ਕਰਨ ਵਾਲੀ ਕੰਪਨੀ, ਜਿਸ ਨੂੰ ਉਹ ਅਜੇ ਵੀ ਚਲਾਉਂਦੀ ਹੈ, ਨੇ ਸਾਧਨਾਂ ਦੀ ਕਮੀ ਅਤੇ ਸਪਲਾਈ ਚੇਨ ਚੁਣੌਤੀਆਂ ਦੇ ਬਾਵਜੂਦ 2022 ’ਚ 4.4 ਬਿਲੀਅਨ ਡਾਲਰ ਦੀ ਆਮਦਨ ਰਿਕਾਰਡ ਕੀਤੀ ਜੋ ਪਿਛਲੇ ਸਾਲ ਨਾਲੋਂ 48 ਪ੍ਰਤੀਸ਼ਤ ਵੱਧ ਹੈ। 68 ਸਾਲਾ ਨੀਰਜਾ ਸੇਠੀ 990 ਮਿਲੀਅਨ ਡਾਲਰ ਦੀ ਸੰਪਤੀ ਨਾਲ 25ਵੇਂ ਨੰਬਰ ’ਤੇ ਹੈ। ਉਸ ਨੇ ਆਪਣੇ ਪਤੀ ਭਰਤ ਦੇਸਾਈ ਨਾਲ 1980 ’ਚ ਟਰੌਏ, ਮਿਸ਼ੀਗਨ ’ਚ ਆਪਣੇ ਅਪਾਰਟਮੈਂਟ ’ਚ IT ਸਲਾਹਕਾਰ ਅਤੇ ਆਊਟਸੋਰਸਿੰਗ ਫ਼ਰਮ ਸਿੰਟੇਲ ਦੀ ਸਹਿ-ਸਥਾਪਨਾ ਕੀਤੀ। 2018 ’ਚ ਉਨ੍ਹਾਂ ਨੇ ਇਸ ਨੂੰ 3.4 ਬਿਲੀਅਨ ਡਾਲਰ ’ਚ ਫ਼੍ਰੈਂਚ IT ਫ਼ਰਮ ਨੂੰ ਵੇਚ ਦਿੱਤਾ।

ਸੌਫ਼ਟਵੇਅਰ ਇੰਜੀਨੀਅਰ ਤੋਂ ਉਦਮੀ ਬਣੀ ਨੇਹਾ ਨਰਖੇੜੇ (38) ਨੇ ਮਾਰਚ ’ਚ ਆਪਣੀ ਨਵੀਂ ਕੰਪਨੀ, ਧੋਖਾਧੜੀ ਦਾ ਪਤਾ ਲਗਾਉਣ ਵਾਲੀ ਫ਼ਰਮ ਔਸਿਲਰ ਦੀ ਘੋਸ਼ਣਾ ਕੀਤੀ। ਉਸ ਨੇ 2021 ’ਚ ਆਪਣੇ ਪਤੀ ਦੇ ਨਾਲ ਕਾਰੋਬਾਰ ਦੀ ਸਹਿ-ਸਥਾਪਨਾ ਕੀਤੀ। ਉਸ ਨੇ ਇਸ ਨੂੰ 20 ਮਿਲੀਅਨ ਡਾਲਰ ਨਾਲ ਫ਼ੰਡ ਨਾਲ ਸ਼ੁਰੂ ਕੀਤਾ ਅਤੇ 520 ਮਿਲੀਅਨ ਡਾਲਰ ਦੀ ਸੰਪਤੀ ਨਾਲ ਸੂਚੀ ’ਚ 50ਵੇਂ ਨੰਬਰ ’ਤੇ ਹੈ। 350 ਮਿਲੀਅਨ ਡਾਲਰ ਦੀ ਕੁੱਲ ਜਾਇਦਾਦ ਦੇ ਨਾਲ 77ਵੇਂ ਨੰਬਰ ’ਤੇ ਇੰਦਰਾ ਨੂਈ ਹੈ ਜੋ ਅਮਰੀਕਾ ਦੀਆਂ 50 ਸਭ ਤੋਂ ਵੱਡੀਆਂ ਕੰਪਨੀਆਂ ’ਚੋਂ ਇੱਕ ਪੈਪਸੀਕੋ ਚਲਾਉਣ ਵਾਲੀ ਪਹਿਲੀ ਗ਼ੈਰ-ਗੋਰੀ ਅਤੇ ਪ੍ਰਵਾਸੀ ਔਰਤ ਹੈ। ਨੂਈ 2018 ’ਚ ਪੈਪਸੀਕੋ ਦੇ CEO ਵਜੋਂ ਸੇਵਾ ਮੁਕਤ ਹੋਈ ਅਤੇ ਕਰੀਬ 12 ਸਾਲਾਂ ਬਾਅਦ ਉਨ੍ਹਾਂ ਭੂਮਿਕਾਵਾਂ ’ਚ 2019 ’ਚ ਕੁਰਸੀ ਵਜੋਂ ਸੇਵਾ ਮੁਕਤ ਹੋਈ। ਹੁਣ ਐਮਾਜ਼ੌਨ ਅਤੇ ਸਿਹਤ ਤਕਨੀਕੀ ਫ਼ਰਮ ਫ਼ਿਲਿਪਸ ਦੀ ਇੱਕ ਨਿਰਦੇਸ਼ਕ ਨੂਈ ਪਿਛਲੇ ਨਵੰਬਰ ’ਚ ਘੁਟਾਲੇ ਨਾਲ ਗ੍ਰਸਤ ਡੂਸ਼ ਬੈਂਕ ਦੇ ਨਵੇਂ ਗਲੋਬਲ ਸਲਾਹਕਾਰ ਬੋਰਡ ’ਚ ਸ਼ਾਮਿਲ ਹੋਈ।ਫ਼ੋਰਬਜ਼ ਦੇ ਵੈੱਲਥ ਦੇ ਅਸਿਸਟੈਂਟ ਮੈਨੇਜਿੰਗ ਐਡੀਟਰ ਕੈਰੀ ਏ ਡੋਲਨ ਨੇ ਕਿਹਾ ਕਿ ਇਹ ਸੂਚੀ ਇਨ੍ਹਾਂ ਔਰਤਾਂ ਦੀ ਸਖ਼ਤ ਮਿਹਨਤ ਅਤੇ ਸਫ਼ਲਤਾ ਦਾ ਪ੍ਰਮਾਣ ਹੈ।

# ਅਦਾਲਤ ਨੇ BBC ਅਤੇ ਹੋਰਾਂ ਨੂੰ ਮੰਤਰਾਲੇ ਰਾਹੀਂ ਮੁੜ ਭੇਜੇ ਸੰਮਨ

ਨਵੀਂ ਦਿੱਲੀ: ਇੱਥੋਂ ਦੀ ਇੱਕ ਅਦਾਲਤ ਨੇ ਕੇਂਦਰੀ ਕਾਨੂੰਨ ਤੇ ਨਿਆਂ ਮੰਤਰਾਲੇ ਰਾਹੀਂ BBC, ਵਿਕੀਮੀਡੀਆ ਫ਼ਾਊਂਡੇਸ਼ਨ ਤੇ ਅਮਰੀਕਾ ਅਧਾਰਤ ਡਿਜੀਟਲ ਲਾਇਬਰੇਰੀ ਇੰਟਰਨੈੱਟ ਆਰਕਾਈਵ ਨੂੰ ਨਵੇਂ ਨੋਟਿਸ ਭੇਜੇ ਹਨ। ਅਦਾਲਤ ਨੇ ਨੋਟ ਕੀਤਾ ਕਿ ਇਹ ਵਿਦੇਸ਼ੀ ਇਕਾਈਆਂ ਹਨ ਅਤੇ ਇਸ ਲਈ ਹੇਗ ਸੰਧੀ ਤਹਿਤ ਬਣਾਏ ਗਏ ਨਿਯਮਾਂ ਦੇ ਦਾਇਰੇ ਹੇਠ ਆਉਂਦੀਆਂ ਹਨ।

ਇਸ ਲਈ ਇਨ੍ਹਾਂ ਨੂੰ ਨੋਟਿਸ ਕਾਨੂੰਨ ਜੱਜ ਰੁਚਿਕਾ ਸਿੰਗਲਾ ਨੇ ਭਾਜਪਾ ਆਗੂ ਵਿਨੈ ਕਮਾਰ ਸਿੰਘ ਵਲੋਂ ਦਾਇਰ ਅਪਰਾਧਿਕ ਸ਼ਿਕਾਇਤ ’ਤੇ ਸੁਣਵਾਈ ਕੀਤੀ। ਇਹ ਸ਼ਿਕਾਇਤ ਇਨ੍ਹਾਂ ਇੱਕਾਈਆਂ ਨੂੰ 2002 ਦੇ ਗੁਜਰਾਤ ਦੰਗਿਆਂ ਨਾਲ ਜੁੜੀ ਦਸਤਾਵੇਜ਼ੀ ਦੇ ਪ੍ਰਸਾਰਨ ਤੋਂ ਰੋਕਣ ਨਾਲ ਸਬੰਧਤ ਹੈ। ਇਸ ਤੋਂ ਇਲਾਵਾ RSS ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਅਪਮਾਨਜਨਕ ਸਮੱਗਰੀ ਦੇ ਪ੍ਰਸਾਰਨ ’ਤੇ ਵੀ ਰੋਕ ਲਾਉਣ ਦੀ ਮੰਗ ਕੀਤੀ ਗਈ ਹੈ। ਇਸ ਤੋਂ ਪਹਿਲਾਂ ਅਦਾਲਤ ਵਲੋਂ ਸੰਮਨ ਕਰਨ ’ਤੇ BBC ਅਤੇ ਵਿਕੀਮੀਡੀਆ ਫ਼ਾਊਂਡੇਸ਼ਨ ਨੇ ਇਤਰਾਜ ਜਤਾਇਆ ਸੀ।